ਪੰਜਾਬੀ ਭਾਸ਼ਾ ਅਤੇ ਸਾਹਿਤ
ਭਾਸ਼ਾਈ ਸਰੋਕਾਰ



ਬੂਟਾ ਸਿੰਘ ਬਰਾੜ

1

ਪੰਜਾਬੀ ਭਾਸ਼ਾ ਅਤੇ ਸਾਹਿਤ

ਭਾਸ਼ਾਈ ਸਰੋਕਾਰ

ਏਸੇ ਕਲਮ ਤੋਂ

1. ਪੰਜਾਬੀ ਵਿਆਕਰਨ (1995)
2. ਪੰਜਾਬੀ ਭਾਸ਼ਾ : ਸਰੋਤ ਅਤੇ ਸਰੂਪ (2004)
3. ਪੰਜਾਬੀ ਵਿਆਕਰਨ : ਸਿਧਾਂਤ ਅਤੇ ਸਰੂਪ (2008)

2

ਪੰਜਾਬੀ ਭਾਸ਼ਾ ਅਤੇ ਸਾਹਿਤ

ਭਾਸ਼ਾਈ ਸਰੋਕਾਰ

ਬੂਟਾ ਸਿੰਘ ਬਰਾੜ

☎ 2214196

ਦੀਪਕ ਪਬਲਿਸ਼ਰਜ਼

ਜਲੰਧਰ - 144008

ਓ

PANJABI BHASHA ATE SAHIT, BHASHAI SAROKAAR

Dr. Boota Singh Brar

Punjabi University, Regional Centre, Bathinda.

Published By

DEEPAK PUBLISHES

Mai Hiraṇ Gate

Jalandhar - 144 008

E-mail : deepakpublisher@yahoo.com
deepakpublisher@rediffmail.com

ISBN 81- 88852 -86 -4

Edition : 2009

ਪੰਜਾਬੀ ਭਾਸ਼ਾ ਅਤੇ ਸਾਹਿਤ : ਭਾਸ਼ਾਈ ਸਰੋਕਾਰ

ਬੂਟਾ ਸਿੰਘ ਬਰਾੜ

ਪ੍ਰਕਾਸ਼ਕ

ਦੀਪਕ ਪਬਲਿਸ਼ਰਜ਼

ਮਾਈ ਹੀਰਾਂ ਗੇਟ

ਜਲੰਧਰ - 144 008

ਫ਼ੋਨ : 2214196

ਛਾਪਕ

ਬਾਲਾਜੀ ਆਫ਼ਸੈੱਟ

ਦਿੱਲੀ

ਟਾਈਟਲ

ਸੁਖਵੰਤ

ਮੁੱਲ

225 ਰੁਪਏ

5

ਸਮਰਪਣ

ਭਾਸ਼ਾਵਿਗਿਆਨ ਦੇ ਗਿਆਨ ਸਾਗਰ
ਪ੍ਰੋਫੈਸਰ ਪ੍ਰੇਮ ਸਿੰਘ
(ਦਿੱਲੀ ਯੂਨੀਵਰਸਿਟੀ)
ਨਾਲ ਬਿਤਾਏ ਕੁਝ ਦਿਨਾਂ ਦੀ ਯਾਦ ਦੇ ਨਾਂ.........

ਪੜ ਅਖਰੁ ਏਹੋ ਬੁਝੀਐ

ਆਧੁਨਿਕ ਭਾਸ਼ਾਵਿਗਿਆਨ ਦੀ ਸਿਧਾਂਤਕ ਸੇਧ ਵਿਚ ਕੀਤਾ ਜਾ ਰਿਹਾ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਅਧਿਐਨ-ਵਿਸ਼ਲੇਸ਼ਣ ਇਕ ਅਜਿਹਾ ਵਿਧੀ-ਵਿਧਾਨ ਪੇਸ਼ ਕਰਦਾ ਹੈ, ਜਿਸ ਦੀ ਵਰਤੋਂ ਦੁਆਰਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਰਚਨਾ-ਸੰਰਚਨਾ ਨੂੰ ਗਹਿਰਾਈ ਵਿਚ ਜਾ ਕੇ, ਵੇਖਣ ਦੀ ਸੋਝੀ ਹਾਸਿਲ ਹੋਈ ਹੈ।ਭਾਸ਼ਾਵਿਗਿਆਨ ਨੇ ਭਾਸ਼ਾ ਅਤੇ ਸਾਹਿਤ ਨੂੰ ਨਵ-ਪਰਿਪੇਖ ਤੋਂ ਸਮਝਣ ਦੀ ਅੰਤਰ-ਦ੍ਰਿਸ਼ਟੀ ਪ੍ਰਦਾਨ ਕੀਤੀ ਹੈ।ਸੋਸਿਊਰ ਨੇ ਦੱਸਿਆ ਕਿ ਮਨੁੱਖ ਸਦਾ ਕਿਸੇ ਭਾਸ਼ਾ-ਬੋਲਦੇ ਸਮਾਜ ਵਿਚ ਜਨਮ ਲੈਂਦਾ ਹੈ।ਸਮਾਜ ਇਕ ਸੰਪੂਰਨ ਸਿਸਟਮ ਹੈ ਅਤੇ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਦੀ ਸਮਾਜਿਕਤਾ ਦਾ ਫੈਸਲਾ ਹੋ ਚੁੱਕਿਆ ਹੁੰਦਾ ਹੈ।ਚੌਮਸਕੀ ਨੇ ਦੱਸਿਆ ਕਿ ਭਾਸ਼ਾ ਯੋਗਤਾ, ਭਾਸ਼ਾ ਸਿਸਟਮ ਹੈ ਜਿਸ ਦਾ ਨਿਵਾਸ ਮਨੁੱਖ ਦੇ ਮਨ ਵਿਚ ਹੈ।ਇਸੇ ਸਮਝ ਨੂੰ ਰੋਲਾਂ ਬਾਰਤ ਅਤੇ ਹੋਰ ਚਿੰਤਕਾਂ ਨੇ ਸਾਹਿਤ ਸਿਰਜਣਾ ਦੇ ਖੇਤਰ ਵਿਚ ਲਾਗੂ ਕੀਤਾ।ਉਨ੍ਹਾਂ ਨੇ ਦੱਸਿਆ ਮਨੁੱਖ ਭਾਸ਼ਾ ਬੋਲਦੇ ਸਮਾਜ ਵਿਚ ਹੀ ਜਨਮ ਨਹੀਂ ਲੈਂਦਾ, ਸਗੋਂ ਉਹ ਸਾਹਿਤ ਸਿਰਜਦੇ ਸਮਾਜ ਵਿਚ ਵੀ ਜਨਮ ਲੈਂਦਾ ਹੈ।ਉਸ ਪਾਸ ਭਾਸ਼ਾ ਯੋਗਤਾ ਵਰਗੀ ਅਚੇਤ ਸਾਹਿਤ ਯੋਗਤਾ ਵੀ ਹੁੰਦੀ ਹੈ।ਜਿਵੇਂ ਭਾਸ਼ਾ ਸਿਰਜਣਾ, ਭਾਸ਼ਾ ਯੋਗਤਾ ਦਾ ਨਿਭਾਉ ਹੈ, ਉਵੇਂ ਸਾਹਿਤ ਸਿਰਜਣਾ, ਸਾਹਿਤ ਯੋਗਤਾ ਦਾ ਨਿਭਾਉ ਹੈ।

ਭਾਸ਼ਾ ਯੋਗਤਾ ਸ਼ਬਦ ਗਿਣਤੀ ਉਪਰ ਹੀ ਨਿਰਭਰ ਨਹੀਂ ਕਰਦੀ, ਸਗੋਂ ਉਨ੍ਹਾਂ ਨੇਮਾਂ ਉਪਰ ਨਿਰਭਰ ਕਰਦੀ ਹੈ ਜੋ ਉਨ੍ਹਾਂ ਸ਼ਬਦਾਂ ਨੂੰ ਸਿਸਟਮ ਵਿਚ ਢਾਲ ਕੇ, ਅਰਥ-ਸੰਚਾਰ ਦੇ ਯੋਗ ਬਣਾਉਂਦੇ ਹਨ।ਨੇਮ ਸੱਖਣੇ ਰੂਪ ਹਨ।ਸਿਸਟਮ ਸੱਖਣੇ ਰੂਪਾਂ ਦਾ ਸੰਗਠਨ ਹੈ।ਭਾਸ਼ਾਈ ਬੁਲਾਰੇ ਇਨ੍ਹਾਂ ਨੂੰ ਘੜ੍ਹਦੇ ਨਹੀਂ, ਵਰਤਦੇ ਹਨ।ਕਿਸੇ ਭਾਸ਼ਾ ਦੀ ਵਾਕ ਬਣਤਰ ਵਿਚ ਕਰਤਾ+ਕਰਮ+ਕਿਰਿਆ ਦੀ ਤਰਤੀਬ, ਨਾਵਾਂ-ਪੜਨਾਵਾਂ-ਵਿਸ਼ੇਸ਼ਣਾਂ ਦੇ ਵਚਨ-ਲਿੰਗ ਆਦਿ ਨਾਲ ਸੰਬੰਧਿਤ ਨੇਮ, ਕਿਰਿਆਵਾਂ ਦੇ ਨਾਂਵ ਅਤੇ ਨਾਵਾਂ ਦੀਆਂ ਕਿਰਿਆਵਾਂ ਬਣਾਉਣ ਦੇ ਨੇਮ, ਇਕ ਤਰ੍ਹਾਂ ਦੇ ਗੁੰਮਨਾਮ ਮੁਹਾਂਦਰੇ ਹਨ, ਜਿਨ੍ਹਾਂ ਨੂੰ ਭਾਸ਼ਾਈ ਬੁਲਾਰੇ ਬਿਨ੍ਹਾਂ ਸੋਚੇ ਸਹੀ ਵਰਤਦੇ ਹਨ।ਇਹੋ ਬੁਲਾਰਿਆਂ ਦੀ ਭਾਸ਼ਾ ਯੋਗਤਾ ਹੁੰਦੀ ਹੈ।ਕਿਸੇ ਭਾਸ਼ਾ ਦਾ ਵਿਆਕਰਨ ਦੂਜੀ ਭਾਸ਼ਾ ਦੇ ਵਿਆਕਰਨ ਨਾਲੋਂ ਏਨਾਂ ਨੇਮਾਂ ਕਾਰਨ ਹੀ ਵੱਖਰਾ ਹੁੰਦੈ।ਇਹ ਨੇਮ ਆਪ-ਹੁਦਰੇ

ਹੁੰਦੇ ਹਨ ਪਰ ਸਮਾਜ ਵਿਚ ਅਚੇਤ ਤੌਰ ਤੇ ਸਰਬ-ਪ੍ਰਵਾਨ ਹੁੰਦੇ ਹਨ; ਇਹ ਗੁੰਝਲਦਾਰ ਹੁੰਦੇ ਹਨ ਪਰ ਇਨ੍ਹਾਂ ਨੂੰ ਵਰਤਣਹਾਰੇ, ਸਹਿਜ ਰੂਪ ਵਿਚ ਵਰਤਦੇ ਹਨ ਅਤੇ ਸਮਝਣ ਵਾਲੇ ਸਹਿਜ ਰੂਪ ਵਿਚ ਸਮਝਦੇ ਹਨ। ਸਾਹਿਤ ਯੋਗਤਾ ਵਿਚ ਵੀ ਇਸ ਗੁੰਮਨਾਮ ਭਾਸ਼ਾ ਯੋਗਤਾ ਦਾ ਸਹਿਯੋਗ ਰਹਿੰਦਾ ਹੈ। ਪਰ ਸਾਹਿਤ ਯੋਗਤਾ ਕੁਝ ਹੋਰ ਗੁੰਮਨਾਮ ਮੁਹਾਂਦਰਿਆਂ ਉਪਰ ਵੀ ਨਿਰਭਰ ਕਰਦੀ ਹੈ ਜਿਸ ਨੂੰ ਸਾਹਿਤਿਕਤਾ (Literariness) ਕਿਹਾ ਜਾਂਦਾ ਹੈ। ਇਹ ਸਾਹਿਤਿਕਤਾ ਮੂਲ ਰੂਪ ਵਿਚ ਭਾਸ਼ਾਕਾਰੀ ਹੁੰਦੀ ਹੈ। ਜਿਵੇਂ ਭਾਸ਼ਾਕਾਰ ਮਨੁੱਖ ਹੋਰ ਜੀਵ ਨਾਲੋਂ ਵਿਲੱਖਣ ਹੈ, ਉਵੇ ਸਾਹਿਤਕਾਰ ਆਮ ਲੋਕਾਂ ਨਾਲੋਂ ਵੱਖਰਾ ਹੋ ਜਾਂਦੈ। ਸਾਹਿਤ ਸਿਰਜਣਾ ਵੇਲੇ ਸਾਹਿਤਕਾਰ ਭਾਸ਼ਾਕਾਰ ਬਣ ਕੇ, ਨਿਵੇਕਲੀ ਕਿਸਮ ਦੀ ਭਾਸ਼ਾਕਾਰੀ ਕਰਦਾ ਹੈ।

ਇਸ ਪੁਸਤਕ ਵਿਚ ਸੰਕਲਿਤ ਸਮੱਗਰੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਅਜਿਹੇ ਭਾਸ਼ਾਈ ਸਰੋਕਾਰਾਂ (Linguistic Concern) ਨਾਲ ਵਾਬਸਤਾ ਹੈ। ਇਨ੍ਹਾਂ ਵਿਚੋਂ ਬਹੁਤੇ ਖੋਜ ਪੱਤਰ ਵੱਖ-ਵੱਖ ਯੂਨੀਵਰਸਿਟੀਆਂ ਵਿਚ ਸਮੇਂ-ਸਮੇਂ ਹੋਏ ਸੈਮੀਨਾਰਾਂ/ਕਾਨਫ਼ਰੰਸਾਂ ਵਿਚ ਪੜ੍ਹੇ-ਵਿਚਾਰੇ ਜਾ ਚੁੱਕੇ ਹਨ। ਹੁਣ ਪੁਸਤਕ ਰੂਪ ਵਿਚ ਇਨ੍ਹਾਂ ਨੂੰ ਮੈਂ ਬੜੇ ਅਦਬ ਨਾਲ ਪੰਜਾਬੀ ਵਿਦਵਾਨਾਂ ਸਨਮੁੱਖ ਪੇਸ਼ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।

ਬੂਟਾ ਸਿੰਘ ਬਰਾੜ

ਤਤਕਰਾ

ਪੰਜਾਬੀ ਵਾਕ ਅਧਿਐਨ : ਉਤਰ-ਚੌਮਸਕੀ ਪਰਿਪੇਖ

1. ਭੂਮਿਕਾ

ਭਾਵੇਂ 20ਵੀਂ ਸਦੀ ਵਿਚ ਆਧੁਨਿਕ ਭਾਸ਼ਾਵਿਗਿਆਨ ਨੇ ਨੈਸਰਗਿਕ ਭਾਸ਼ਾਵਾਂ ਦੇ ਅਧਿਐਨ-ਅਧਿਆਪਨ ਦੇ ਖੇਤਰ ਵਿੱਚ ਭਰਪੂਰ ਖੋਜ ਕੀਤੀ ਹੈ ਪਰ ਫਿਰ ਵੀ ਪੰਜਾਵਿਆਂ ਤੱਕ ਇਹ ਗੱਲ ਬੜੇ ਵਿਅੰਗਮਈ ਅੰਦਾਜ਼ ਵਿਚ ਕਹੀ ਜਾਂਦੀ ਰਹੀ ਹੈ ਕਿ ਵਾਕਵਿਗਿਆਨ, ਭਾਸ਼ਾਵਿਗਿਆਨ ਦੀ ਅਜਿਹੀ ਸ਼ਾਖਾ ਹੈ ਜਿਸ ਬਾਰੇ ਹਰੇਕ ਭਾਸ਼ਾ ਵਿਗਿਆਨੀ ਇਹ ਕਹਿ ਕੇ, ਕੰਮ ਸਾਰ ਦਿੰਦਾ ਹੈ ਕਿ ਇਸ ਦਾ ਅਧਿਐਨ-ਵਿਸ਼ਲੇਸ਼ਣ ਕੋਈ ਹੋਰ ਸਾਥੀ ਕਰੇਗਾ।[1] ਪਰ 20ਵੀਂ ਸਦੀ ਦੇ ਪਿਛਲੇ ਅੱਧ ਵਿਚ ਵਾਕਵਿਗਿਆਨ (Syntax) ਦਾ ਖੇਤਰ ਅਣਗੌਲਿਆ ਨਹੀਂ ਰਿਹਾ ਬਲਕਿ ਸਮੁੱਚਾ ਭਾਸ਼ਾਵਿਗਿਆਨ ਹੀ ਵਾਕਵਿਗਿਆਨ ਦੇ ਤੌਰ ਤੇ ਵਿਕਸਿਤ ਹੋ ਗਿਆ। ਇਸ ਕਾਲ-ਖੰਡ ਦੌਰਾਨ ਵਾਕ ਵਿਸ਼ਲੇਸ਼ਣ ਦੇ ਵਿਭਿੰਨ ਮਾਡਲਾਂ ਦੀ ਖੋਜ ਕੀਤੀ ਗਈ। ਇਨ੍ਹਾਂ ਵਿਚੋਂ ਅਮਰੀਕੀ ਭਾਸ਼ਾਵਿਗਿਆਨੀਆਂ ਦੀ ਨਿਕਟਾਂਗ ਵਿਸ਼ਲੇਸ਼ਣ ਵਿਧੀ (Immediate Constitutents Analysis) ਨੂੰ ਮੁੱਢਲਾ ਸਥਾਨ ਹਾਸਿਲ ਹੈ।ਚਾਰਲਸ ਫਰਾਈਜ਼ ਅਤੇ ਬਲੂਮਫੀਲਡ ਵਰਗੇ ਭਾਸ਼ਾ ਵਿਗਿਆਨੀਆਂ ਨੇ ਵਾਕ ਨੂੰ ਨਿਕਟ-ਅੰਗਾਂ ਵਿਚ ਵੰਡ ਕੇ, ਵਿਸ਼ਲੇਸ਼ਣ ਕਰਨ ਦਾ ਸੁਝਾ ਦਿੱਤਾ। ਬਾਅਦ ਵਿਚ ਕੇ .ਐਲ.ਪਾਈਕ, ਨਾਈਡਾ ਅਤੇ ਵੈਲਜ਼ ਵਰਗੇ ਭਾਸ਼ਾਵਿਗਿਆਨੀਆਂ ਨੇ ਇਸ ਬਾਰੇ ਗਹਿਰਾਈ ਵਿਚ ਜਾ ਕੇ, ਵਿਚਾਰ ਕਰਨ ਉਪਰੰਤ **ਵਾਕ-ਅਧਿਐਨ** ਦਾ ਮਾਡਲ ਉਸਾਰਿਆ। ਨੌਮ ਚੌਮਸਕੀ ਨੇ **ਵਾਕੰਸ਼ ਉਸਾਰੀ ਵਿਆਕਰਨ** (Phrase Structure Grammar) ਦੇ ਰੂਪ ਵਿਚ ਇਸ ਵਿਧੀ ਦਾ ਹੋਰ ਵਿਸਤਾਰ ਕੀਤਾ। ਇਸ ਤੋਂ ਹੀ ਅੱਗੇ **ਰੁਪਾਂਤਰੀ ਸਿਰਜਨਾਤਮਕ ਵਿਆਕਰਨ** ਵਿਕਸਿਤ ਹੋਇਆ। ਹੈਲੀਡੇ ਦਾ **ਸਿਸਟਮੀ ਵਿਆਕਰਨ** ਅਤੇ ਕੇ.ਐਲ.ਪਾਈਕ ਦਾ **ਬੰਧਕੀ ਵਿਆਕਰਨ** (Tagmemic) ਵੀ ਇਸੇ ਧਾਰਾ ਦੇ ਹੋਰ ਵਿਕਸਿਤ ਮਾਡਲ ਹਨ। ਇਨ੍ਹਾਂ ਵਿਚੋਂ ਚੌਮਸਕੀ ਦਾ **ਰੁਪਾਂਤਰੀ ਸਿਰਜਨਾਤਮਕ** ਮਾਡਲ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਿਹਾ ਅਤੇ ਲਗਾਤਾਰ ਵਿਕਾਸਸੀਲ ਵੀ ਰਿਹਾ। ਅੱਜ ਇਹ ਆਪਣੇ ਪੰਜਵੇਂ ਵਿਕਾਸ ਪੜਾਅ

---

(1) It is reported that one American linguist of the 1950'& remarked that syntax was that part of Linguistics that everyone hoped the other fellow would do it, (Palmer, 1990:121)

ਵਿਚੋਂ ਗੁਜ਼ਰ ਰਿਹਾ ਹੈ। ਚੌਮਸਕੀ ਦੇ ਭਾਸ਼ਾ ਅਧਿਐਨ ਮਾਡਲ ਦੇ ਵਿਕਾਸ ਦਾ ਕਾਰਨ, ਇਕ ਤਾਂ ਉਸ ਦੀ ਉਸਾਰੂ ਆਲੋਚਨਾ ਦਾ ਹੋਣਾ ਹੈ ਅਤੇ ਦੂਜਾ ਖੁਦ ਚੌਮਸਕੀ ਦਾ ਗਹਿਨ ਅਧਿਐਨ ਹੈ। ਆਲੋਚਨਾ ਤੋਂ ਪ੍ਰਭਾਵਿਤ ਹੋ ਕੇ, ਜਿਥੇ ਇਕ ਪਾਸੇ ਚੌਮਸਕੀ ਆਪਣੇ ਸਿਧਾਂਤਾਂ ਵਿਚ ਪਰਿਵਰਤਨ ਅਤੇ ਪਰਿਵਰਧਨ ਕਰਦਾ ਰਿਹਾ, ਉਥੇ ਦੂਜੇ ਪਾਸੇ ਉਸ ਦੀਆਂ ਸੀਮਾਵਾਂ ਕਾਰਨ ਕੁਝ ਹੋਰ ਵਾਕ ਅਧਿਐਨ ਮਾਡਲ ਵੀ ਸਾਹਮਣੇ ਆਏ। ਮੁੱਖ ਤੌਰ ਤੇ ਤਿੰਨ ਸਿਧਾਂਤ ਜਾਂ ਮਾਡਲ ਬੜੇ ਚਰਚਿਤ ਰਹੇ ਹਨ : **ਸਿਰਜਨਾਤਮਕ ਅਰਥ ਵਿਗਿਆਨ** (Generative Semantics) **ਕਾਰਕ ਵਿਆਕਰਨ** (Case Grammar) ਅਤੇ **ਸਬੰਧਕੀ ਵਿਆਕਰਨ** (Relational Grammar)। ਇਨ੍ਹਾਂ ਤਿੰਨਾਂ ਭਾਸ਼ਾ ਅਧਿਐਨ ਮਾਡਲਾਂ ਦਾ ਮੂਲ ਸ੍ਰੋਤ ਚੌਮਸਕੀ ਦਾ ਰੁਪਾਂਤਰੀ ਸਿਰਜਨਾਤਮਕ ਵਿਆਕਰਨ ਹੀ ਹੈ। ਚੌਮਸਕੀ ਦੁਆਰਾ ਅਣਡਿਠ ਕੀਤੇ ਗਏ ਤੱਥਾਂ ਨੂੰ ਲੈ ਕੇ, ਇਨ੍ਹਾਂ ਮਾਡਲਾਂ ਦਾ ਵਿਕਾਸ ਹੋਇਆ। ਇਥੇ ਅਸੀਂ ਸਬੰਧਕੀ ਵਿਆਕਰਨ ਦੀ ਸਿਧਾਂਤਿਕ ਸੂਝ ਰਾਹੀਂ ਪੰਜਾਬੀ ਭਾਸ਼ਾ ਦੀ ਵਾਕ-ਸੰਰਚਨਾ ਦਾ ਅਧਿਐਨ-ਵਿਸ਼ਲੇਸ਼ਣ ਪੇਸ਼ ਕੀਤਾ ਹੈ।

2. ਪਿਛੋਕੜ

ਜਿਵੇਂ ਕਿ ਅਸੀਂ ਉਪਰ ਕਿਹਾ ਹੈ ਕਿ ਸਬੰਧਕੀ ਵਿਆਕਰਨ ਉਤਰ-ਚੌਮਸਕੀ ਭਾਸ਼ਾ ਅਧਿਐਨ ਮਾਡਲ ਹੈ ਜੋ ਕਿ ਵਿਆਕਰਨਿਕ ਸਬੰਧਾਂ (ਕਰਤਾ,ਮੁੱਖ ਕਰਮ,ਗੌਣ ਕਰਮ) 'ਤੇ ਆਧਾਰਿਤ ਇਕ ਸਰਬ-ਭਾਸ਼ਕ ਵਿਆਕਰਨਿਕ ਅੰਤਰ-ਦਰਿਸ਼ਟੀ ਪੇਸ਼ ਕਰਦਾ ਹੈ। ਇਸ ਦਾ ਉਥਾਨ ਸਿਰਜਨਾਤਮਕ ਅਰਥ ਵਿਗਿਆਨ ਅਤੇ ਕਾਰਕ ਵਿਆਕਰਨ ਦੇ ਸਮਵਿੱਥ ਹੀ ਚੌਮਸਕੀ ਦੇ ਰੁਪਾਂਤਰੀ ਸਿਰਜਨਾਤਮਕ ਵਿਆਕਰਨ ਦੀ ਪ੍ਰਤੀਕਿਰਿਆ ਦੇ ਫਲਸਰੂਪ ਹੋਇਆ। ਇਸ ਮਾਡਲ ਨੂੰ ਪੇਸ਼ ਕਰਨ ਵਾਲੇ ਪ੍ਰਮੁੱਖ ਭਾਸ਼ਾ ਚਿੰਤਕਾਂ-ਪਰਲਮੁੱਤਰ ਅਤੇ ਪੋਸਟਲ (1974) ਕੀਨਨ ਅਤੇ ਕਾਮਰੀ (1972), ਜੋਹਨਸਨ (1979) ਅਤੇ ਬਾਵਰਸ (1981) ਆਦਿ ਦੀ ਧਾਰਨਾ ਹੈ ਕਿ ਵਾਕ ਰਚਨਾ ਵਿਚ ਵਿਆਕਰਨਿਕ ਸੰਬੰਧ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਇਸ ਮਾਡਲ ਵਿਚ ਇਨ੍ਹਾਂ ਵਿਆਕਰਨਿਕ ਸੰਬੰਧਾਂ ਨੂੰ ਬੁਨਿਆਦੀ ਅਤੇ ਅਪਰਿਭਾਸ਼ਿਤ (Undefined Primitives) ਮੰਨ ਕੇ, ਨਿਮਨੋਕਤ ਅਨੁਸਾਰ ਸਬੰਧਕੀ ਕ੍ਰਮ (Relational Hierachy) ਪੇਸ਼ ਕੀਤਾ ਗਿਆ ਹੈ :

ਕਰਤਾ < ਮੁੱਖ ਕਰਮ < ਗੌਣ ਕਰਮ < ਵਿਕਾਰੀ ਕਰਮ (ਜੋਹਨਸਨ : 1979)

1 < 2 < 3 Term Relations (ਪਰਲਮੁੱਤਰ : 1980)

ਇਨ੍ਹਾਂ ਵਿਆਕਰਨਿਕ ਸੰਬੰਧਾਂ ਨੂੰ ਆਧਾਰ ਬਣਾ ਕੇ, ਸਬੰਧਕੀ ਵਿਆਕਰਨ ਵਿਚ ਕੁਝ ਸਰਬਭਾਸ਼ਕ ਨੇਮ ਪੇਸ਼ ਕੀਤੇ ਗਏ ਹਨ।ਮੂਲ ਰੂਪ ਵਿਚ ਇਹ ਨੇਮ ਚਾਰ ਪ੍ਰਕਾਰ ਦੇ ਹਨ (1) **ਅਪਹਾਰ ਨੇਮ** (Usurpation) 2. **ਵਿਕਾਰੀ ਨੇਮ** (Mutation) 3. **ਪਦ-ਤਿਆਗ ਨੇਮ** (Abdication) 4. **ਲੋਪ ਨੇਮ** (Elimination)।ਇਨ੍ਹਾਂ ਨੇਮਾਂ ਦੇ ਅੰਤਰਗਤ 16 ਸਿਧਾਂਤ ਆਉਂਦੇ ਹਨ, ਜਿਨ੍ਹਾਂ ਵਿਚੋਂ ਤਿੰਨ ਪ੍ਰਮੁੱਖ ਹਨ : (1) **ਸੰਬੰਧ ਉਤਰਾਧਿਕਾਰ** (Relational Succession Law) (2) **ਸਬੰਧ ਨਾਸ਼** (Relational Annihilation Law) (3) **ਪੁਨਰ ਸਤੱਰੀਕਰਨ** (Re-Ranking Law)।

ਸਬੰਧਕੀ ਵਿਆਕਰਨ ਦੇ ਸੰਸਥਾਪਕ ਵਿਦਵਾਨਾਂ ਦਾ ਕਹਿਣਾ ਹੈ ਕਿ ਪਰੰਪਰਾਈ ਵਿਆਕਰਨ ਵਿਚ ਵਿਆਕਰਨਿਕ ਸੰਬੰਧਾਂ ਦਾ ਵਿਸ਼ੇਸ਼ ਮਹੱਤਵ ਸੀ ਪਰ ਬਣਤਰੀ ਭਾਸ਼ਾਵਿਗਿਆਨ ਵਿਚ ਇਨ੍ਹਾਂ ਨੂੰ ਅਰਥਾਂ ਨਾਲ ਜੋੜ ਕੇ ਨੁਕਸਦਾਰ ਕਿਹਾ ਗਿਆ।ਚੋਮਸਕੀ (1965,72) ਦੇ ਰੁਪਾਂਤਰੀ ਸਿਰਜਨਾਤਮਕ ਵਿਆਕਰਨ ਵਿੱਚ ਵੀ ਵਿਆਕਰਨਿਕ ਸਬੰਧ ਵਾਕ ਦੀ ਅਰਥਪਰਕ ਵਿਆਖਿਆ ਦੇ ਸਹਾਇਕ ਸਨ।ਪਰ ਸਬੰਧਕੀ ਵਿਆਕਰਨ ਇਨ੍ਹਾਂ ਹੀ ਸੰਬੰਧਾਂ ਨੂੰ ਆਧਾਰ ਬਣਾ ਕੇ,ਭਾਸ਼ਾ ਦੇ ਵਾਕਾਂ ਦਾ ਵਿਸ਼ਲੇਸ਼ਣ ਕਰਨ ਵਲ ਰੁਚਿਤ ਹੈ। ਇਉਂ ਪਰੰਪਰਾਈ ਵਿਆਕਰਨ ਅਤੇ ਸਬੰਧਕੀ ਵਿਆਕਰਨ ਵਿਆਕਰਨਿਕ ਸੰਬੰਧਾਂ ਨੂੰ ਮਹੱਤਤਾ ਦੇਣ ਦੇ ਨੁਕਤੇ ਤੋਂ ਤਾਂ ਸਮਾਨ ਹਨ ਪਰ ਵਿਆਕਰਨਿਕ ਸੰਬੰਧਾਂ ਦੇ ਆਧਾਰ 'ਤੇ ਰੁਪਾਂਤਰੀ ਨੇਮ ਬਣਾਉਣ ਦੀ ਗੱਲ ਕੇਵਲ ਸਬੰਧਕੀ ਵਿਆਕਰਨ ਵਿਚ ਹੀ ਕੀਤੀ ਗਈ ਹੈ। ਰੁਪਾਂਤਰ ਹੋਣ ਤੋਂ ਬਾਅਦ ਵਾਕਾਂ ਦੇ ਵਿਆਕਰਨਿਕ ਸੰਬੰਧਾਂ ਵਿਚ ਕਿਸ ਪ੍ਰਕਾਰ ਦਾ ਪਰਿਵਰਤਨ ਹੁੰਦਾ ਹੈ,ਇਸ ਦਾ ਵਿਵੇਚਨ ਆਧੁਨਿਕ ਭਾਸ਼ਾ ਵਿਗਿਆਨ ਵਿਚ ਸਬੰਧਕੀ ਵਿਆਕਰਨ ਤੋਂ ਪਹਿਲਾਂ ਨਹੀਂ ਹੋਇਆ। ਰੁਪਾਂਤਰ ਤੋਂ ਵਿਆਕਰਨਿਕ ਸੰਬੰਧਾਂ ਵਿਚ ਹੋਣ ਵਾਲੇ ਪਰਿਵਰਤਨ ਨੂੰ ਧਿਆਨ ਵਿਚ ਰੱਖਦੇ ਹੋਏ ਸਬੰਧਕੀ ਵਿਆਕਰਨ ਵਿਭਿੰਨ ਪ੍ਰਕਾਰ ਦੇ ਵਾਕਾਂ- **ਅਕਰਤਰੀਵਾਚੀ, ਪ੍ਰੇਰਨਾਰਥਕ** ਤੇ **ਜੜੁੱਤ** (Composite) ਆਦਿ ਦਾ ਵਿਸ਼ਲੇਸ਼ਣ ਇਕ ਨਵੀਂ ਦ੍ਰਿਸ਼ਟੀ ਤੋਂ ਕਰਦਾ ਹੈ। ਇਸੇ ਦ੍ਰਿਸ਼ਟੀ ਤੋਂ ਇਥੇ ਪੰਜਾਬੀ ਭਾਸ਼ਾ ਦੇ ਮਿਸ਼ਰਤ ਵਾਕਾਂ ਵਿਚ ਸੰਬੰਧ ਸੂਚਕ ਉਪਵਾਕਾਂ (Relative Clause) ਦੀ ਸੰਬੰਧਨ ਪ੍ਰਕਿਰਿਆ ਅਤੇ ਪ੍ਰੇਰਨਾਰਥਕ ਵਾਕਾਂ ਵਿਚ ਵਿਆਕਰਨਕ ਸਬੰਧਾਂ ਦੀ ਸਥਿਤੀ ਨੂੰ ਉਜਾਗਰ ਕੀਤਾ ਗਿਆ ਹੈ।

1.1 ਮਿਸ਼ਰਤ ਵਾਕ

1.1.1 ਸੰਕਲਪੀ ਵਿਦਾ-ਬਿੰਦੂ

ਭਾਸ਼ਾਵਾਂ ਵਿਚਲੇ ਸੰਬੰਧ ਸੂਚਕ ਉਪਵਾਕਾਂ (Relative Clause) ਦੀ ਸੰਬੰਧਨ ਪ੍ਰਕਿਰਿਆ ਦਾ ਅਧਿਐਨ ਕਰਨ ਲਈ, ਸਬੰਧਕੀ ਵਿਆਕਰਨ ਵਿਚ **ਸਬੰਧਵਾਚੀਕਰਨ ਨੇਮ** (Relativization) ਦੀ ਸਥਾਪਨਾ ਕੀਤੀ ਗਈ ਹੈ। ਇਸ ਨੇਮ ਦਾ ਸੰਕਲਪੀ ਵਿਦਾ-ਬਿੰਦੂ ਕੀਨਨ ਅਤੇ ਕਾਮਰੀ (ਉਹੀ) ਦਾ ਅਧਿਐਨ ਹੈ। ਇਨ੍ਹਾਂ ਵਿਦਵਾਨਾਂ ਨੇ ਆਪਣਾ ਇਹ ਅਧਿਐਨ 'Noun Phrase Accessibilty and Universal Grammar' ਦੇ ਸਿਰਲੇਖ ਅਧੀਨ ਲੱਗਪਗ 50 ਭਾਸ਼ਾਵਾਂ 'ਤੇ ਪਰਖ ਕੇ ਪੇਸ਼ ਕੀਤਾ। ਆਪਣੇ ਇਸ ਅਧਿਐਨ ਵਿੱਚ ਉਨ੍ਹਾਂ ਨੇ ਸੁਲੱਭਤਾ ਕ੍ਰਮ (Accessibility Hierarchy) ਨਾਮੀ ਸਰਬ-ਭਾਸ਼ਕ ਸਿਧਾਂਤ ਦੀ ਪਰਿਕਲਪਨਾ ਪੇਸ਼ ਕੀਤੀ। ਇਹ ਸਿਧਾਂਤਿਕ ਪਰਿਕਲਪਨਾ ਮੂਲ ਰੂਪ ਵਿਚ ਸਬੰਧਵਾਚੀ ਉਪਵਾਕ ਰਚਨਾ ਵਿਧੀਆਂ (Relative Clause Formation Strategies) ਦੇ ਵਿਵੇਚਨ ਵਿਚ ਪੇਸ਼ ਕੀਤੀ ਗਈ। ਇਸ ਸਿਧਾਂਤਿਕ ਪਰਿਕਲਪਨਾ ਵਿਚੋਂ ਹੀ ਸਬੰਧਵਾਚੀਕਰਨ ਨੇਮ ਦਾ ਵਿਕਾਸ ਹੋਇਆ ਹੈ। ਕੀਨਨ ਅਤੇ ਕਾਮਰੀ (ਉਹੀ) ਨੇ ਵਿਭਿੰਨ ਭਾਸ਼ਾਵਾਂ ਦੇ ਮਿਸ਼ਰਤ ਵਾਕਾਂ ਵਿਚਲੇ ਮੁੱਖ ਉਪਵਾਕਾਂ ਅਤੇ ਸਬੰਧਵਾਚੀ ਉਪਵਾਕਾਂ ਦੀ ਪਰਸਪਰ ਸੰਬੰਧਨ ਪ੍ਰਕਿਰਿਆ ਨੂੰ ਹੀ ਸਬੰਧਵਾਚੀਕਰਨ ਦੀ ਸੰਗਿਆ ਪ੍ਰਦਾਨ ਕੀਤੀ। ਬਾਅਦ ਵਿੱਚ ਇਸ ਨੇਮ ਨੂੰ ਪਰਲਮੁੱਤਰ ਅਤੇ ਪੋਸਟਲ (1974), ਜਾਨਸਨ (1979), ਬਾਵਰਸ (1981), ਪਰਲਮੁੱਤਰ (1983) ਅਤੇ ਬਲੇਕ (1990) ਨੇ ਆਪਣੇ-ਆਪਣੇ ਅਧਿਐਨਾਂ ਵਿਚ ਪਰਖਿਆ। ਇਉਂ ਇਹ ਸਬੰਧਕੀ ਵਿਆਕਰਨ ਦੇ ਸਿਧਾਂਤਿਕ ਚੌਖਟੇ ਦਾ ਹਿੱਸਾ ਬਣ ਗਿਆ। ਜਾਨਸਨ (ਉਹੀ) ਅਤੇ ਪਰਲਮੁੱਤਰ (ਉਹੀ) ਨੇ ਸੁਲੱਭਤਾ ਕ੍ਰਮ ਨੂੰ ਸਰਲ ਰੂਪ ਵਿਚ ਸੰਬੰਧਕੀ ਕ੍ਰਮ (Relational Hierarchy) ਦਾ ਨਾਮ ਦੇ ਕੇ ਪੇਸ਼ ਕੀਤਾ। ਹਿੰਦੀ ਭਾਸ਼ਾਵਿਗਿਆਨ ਦੇ ਖੇਤਰ ਵਿਚ ਇਸ ਨੇਮ ਨੂੰ ਆਧਾਰ ਬਣਾ ਕੇ, ਕਈ ਅਧਿਐਨ ਪੇਸ਼ ਹੋ ਚੁੱਕੇ ਹਨ। ਪ੍ਰਮਾਣ ਵਜੋਂ ਸਾਨੂੰ ਕਾਚਰੂ (1973), ਡੋਨਾਲਸਨ (1971), ਸੂਬਾਰਾਓ (1974) ਅਤੇ ਗੁਪਤਾ (1986) ਦੇ ਅਧਿਐਨ ਹਾਸਿਲ ਹਨ। ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਬਰਾੜ (1999) ਦਾ ਖੋਜ-ਕਾਰਜ ਪਹਿਲਾ ਯਤਨ ਹੈ। ਇਸ ਤੋਂ ਬਿਨ੍ਹਾਂ ਹੋਰ ਕੋਈ ਅਧਿਐਨ ਹਾਸਿਲ ਨਹੀਂ ਹੈ। ਇਸ ਤੱਥ ਦਾ ਅਹਿਸਾਸ ਸਾਨੂੰ ਪੰਜਾਬੀ ਦੇ ਚੋਣਵੇਂ ਅਤੇ ਪ੍ਰਮੁੱਖ ਵਿਆਕਰਨ ਲੇਖਕਾਂ ਦੀਆਂ ਵਿਆਕਰਨਾਂ ਅਤੇ ਹੋਰ ਉਚ-ਪੱਧਰ ਦੇ ਖੋਜ-ਕਾਰਜ ਤੇ ਝਾਤ ਮਾਰਿਆ ਸਹਿਵਨ ਹੀ ਹੋ ਜਾਂਦਾ ਹੈ।

1.1.2. ਸਬੰਧਵਾਚੀਕਰਨ : ਪਰਿਭਾਸ਼ਾ ਅਤੇ ਪ੍ਰਕਿਰਤੀ


ਸਰਲ ਅਰਥਾਂ ਵਿਚ ਸਬੰਧਵਾਚੀਕਰਨ ਮਿਸ਼ਰਤ ਵਾਕਾਂ ਵਿਚਲੇ ਮੁੱਖ ਉਪਵਾਕਾਂ ਅਤੇ ਅਧੀਨ ਉਪਵਾਕਾਂ ਦੇ ਕੇਂਦਰੀ ਵਿਆਕਰਨਿਕ ਸੰਬੰਧਾਂ ਦੀ ਵਿਸ਼ੇਸ਼ ਵਿਧੀ ਰਾਹੀਂ ਪਰਸਪਰ ਜੁੜਨ ਪ੍ਰਕਿਰਆ ਹੈ। ਇਸ ਅੰਤਰਵਾਕੀ ਸੰਬੰਧਨ ਪ੍ਰਕਿਰਆ ਦੌਰਾਨ ਮਿਸ਼ਰਤ ਵਾਕਾਂ ਵਿਚਲੇ ਅਧੀਨ ਉਪਵਾਕ ਮੁੱਖ ਉਪਵਾਕ ਦੇ ਕਿਸੇ ਨਾਂਵ ਵਾਕੰਸ਼ ਨੂੰ ਵਿਸ਼ੇਸ਼ਤ ਕਰਦੇ ਹਨ। ਵਿਸ਼ੇਸ਼ਕ ਉਪਵਾਕ ਦੀ ਭਾਵ ਬਣਤਰ ਵਿੱਚ ਇਕ ਅਜਿਹਾ ਨਾਂਵ ਵਾਕੰਸ਼ ਹੁੰਦਾ ਹੈ, ਜਿਸ ਦਾ ਵਿਸ਼ੇਸ਼ਿਤ ਨਾਂਵ ਵਾਕੰਸ਼ ਨਾਲ ਸਹਿਸੰਬੰਧ ਹੁੰਦਾ ਹੈ। ਮਿਸਾਲ ਵਜੋਂ ਪੰਜਾਬੀ ਭਾਸ਼ਾ ਦੀਆਂ ਕੁਝ ਵਾਕ ਬਣਤਰਾਂ ਲੈਂਦੇ ਹਾਂ :

[1] 1. ਦੁਨੀਆਂ ਵਿਚ ਹਰ ਆਦਮੀ ਸੁਖੀ ਹੈ।
    2. ਦੁਨੀਆਂ ਵਿਚ ਹਰ ਆਦਮੀ **ਜਿਹੜਾ ਅਮੀਰ ਹੈ,** ਸੁਖੀ ਹੈ।

[2] 1. ਦੁਨੀਆਂ ਵਿਚ ਕੁਝ ਆਦਮੀ ਸੁਖੀ ਹਨ।
    2. ਦੁਨੀਆਂ ਵਿਚ ਕੁਝ ਆਦਮੀ, **ਜਿਹੜੇ ਅਮੀਰ ਹਨ,** ਸੁਖੀ ਹਨ।

[1] ਅਤੇ [2] ਨੰਬਰ ਦੀਆਂ ਉਦਾਹਰਨਾਂ ਦੇ ਪਹਿਲੇ ਵਾਕ ਸਧਾਰਨ ਹਨ ਅਤੇ ਦੂਜੇ ਵਾਕ ਮਿਸ਼ਰਿਤ ਹਨ। ਇਨ੍ਹਾਂ ਵਿਚ ਦੋ-ਦੋ ਉਪਵਾਕ ਹਨ। **ਜਿਹੜਾ** ਅਤੇ **ਜਿਹੜੇ** ਜੋੜਕ (ਯੋਜਕ) ਵਾਲੇ ਅਧੀਨ ਉਪਵਾਕ, ਮੁੱਖ ਉਪਵਾਕ ਦੇ **ਆਦਮੀ** ਕਰਤਾ ਨਾਂਵ ਦਾ ਵਿਸ਼ੇਸ਼ੀਕਰਨ ਕਰਦੇ ਹਨ।ਪਹਿਲੇ ਵਾਕਾਂ ਵਿਚਲਾ **ਆਦਮੀ** ਆਮ ਨਾਂਵ ਹੈ ਅਤੇ ਦੂਜੇ ਵਾਕਾਂ ਵਿਚਲਾ **ਆਦਮੀ** ਖਾਸ ਨਾਂਵ ਵਜੋਂ ਪੇਸ਼ ਹੋਇਆ ਹੈ। ਇਸ ਨੂੰ ਆਮ ਤੋਂ ਖਾਸ **ਜਿਹੜਾ** ਜੋੜਕ ਵਾਲੇ ਉਪਵਾਕ ਨੇ ਬਣਾਇਆ ਹੈ। ਸਰਲ ਅਰਥਾਂ ਵਿਚ ਇਹ ਆਮ ਤੋਂ ਖਾਸ ਬਣਨ ਦੀ ਸੰਬੰਧਨ ਪ੍ਰਕਿਰਿਆ ਹੀ ਸੰਬੰਧਵਾਚੀਕਰਨ ਹੈ। ਇਸ ਨੂੰ ਹੇਠਲੀ ਆਰੇਖ [3] ਰਾਹੀਂ ਦਰਸਾਇਆ ਗਿਆ ਹੈ :

[3]



ਇਸ ਆਰੇਖ ਵਿੱਚ (ੳ) ਚੱਕਰ ਆਮ ਆਦਮੀ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ (ਅ) ਚੱਕਰ ਉਨ੍ਹਾਂ ਆਦਮੀਆਂ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜੇ ਅਮੀਰ ਹਨ।

ਭਾਸ਼ਾਵਾਂ ਵਿੱਚ ਇਸ ਤਰ੍ਹਾਂ ਦੀ ਪ੍ਰਗਟਾਓ ਵਿਧੀ ਆਮ ਵਰਤਾਰਾ ਹੈ, ਭਾਵ ਸਬੰਧਵਾਚੀਕਰਨ ਇਕ ਸਰਬਭਾਸ਼ਕ ਪਰਪੰਚ ਹੈ।

ਇਉਂ ਸਪੱਸ਼ਟ ਹੋ ਜਾਂਦਾ ਹੈ ਕਿ ਸਬੰਧਵਾਚੀਕਰਨ ਨੇਮ ਦਾ ਸੰਬੰਧ ਮਿਸ਼ਰਿਤ ਵਾਕਾਂ ਵਿਚਲੇ ਮੁੱਖ ਉਪਵਾਕਾਂ ਅਤੇ ਸਬੰਧਵਾਚੀ ਅਧੀਨ ਉਪਵਾਕਾਂ ਦੀ ਸੰਬੰਧਨ ਪ੍ਰਕਿਰਿਆ ਨਾਲ ਹੈ।

ਐਂਡਰੇਵਜ (1975 :3) ਨੇ ਸੰਬੰਧਵਾਚੀ ਉਪਵਾਕ ਨੂੰ ਸਬੰਧਵਾਚੀਕਰਨ ਦੀ ਦ੍ਰਿਸ਼ਟੀ ਤੋਂ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ :

[4] 'ਜੇ ਕੋਈ ਅਧੀਨ ਉਪਵਾਕ ਕਿਸੇ ਨਾਂਵ ਵਾਕੰਸ਼ ਨੂੰ ਵਿਸ਼ੇਸਿਤ ਕਰਦਾ ਹੈ ਅਤੇ ਇਸ ਦੀ ਭਾਵ ਬਣਤਰ ਵਿੱਚ ਇਕ ਅਜਿਹਾ ਨਾਂਵ ਵਾਕੰਸ਼ ਹੁੰਦਾ ਹੈ, ਜਿਸ ਦਾ ਹਵਾਲਾ ਵਿਸ਼ੇਸ਼ਿਤ ਨਾਂਵ ਵਾਕੰਸ਼ ਨਾਲ ਸਾਂਝਾ ਹੁੰਦਾ ਹੈ ਤਾਂ ਉਹ ਉਪਵਾਕ ਸਬੰਧਵਾਚੀ ਉਪਵਾਕ ਹੋਵੇਗਾ।''[1]

ਇਸੇ ਤਰ੍ਹਾਂ ਕੀਨਨ ਅਤੇ ਕਾਮਰੀ (1977 :63-64) ਲਿਖਦੇ ਹਨ :

[5] "ਕੋਈ ਵਾਕਾਤਮਕ ਕਰਮ ਸਬੰਧਵਾਚੀ ਉਪਵਾਕ ਹੋਵੇਗਾ ਜੇ ਇਹ ਕਿਸੇ ਪ੍ਰਗਟਾਉ ਜੁੱਟ ਨੂੰ ਦੋ ਪੜਾਵਾਂ ਵਿਚ ਵਿਸ਼ੇਸ਼ਤ ਕਰਦਾ ਹੈ : ਪਹਿਲਾ ਇਕ ਵੱਡਾ ਜੁੱਟ ਵਿਸ਼ੇਸਿਤ ਕੀਤਾ ਜਾਂਦਾ ਹੈ, ਜੋ ਸਬੰਧਵਾਚੀਕਰਨ ਦਾ ਘੇਰਾ ਹੁੰਦਾ ਹੈ ਅਤੇ ਫਿਰ ਇਸ ਨੂੰ ਇਕ ਉਸ ਉਪਜੁੱਟ ਤੱਕ ਸੀਮਿਤ ਕੀਤਾ ਜਾਂਦਾ ਹੈ, ਜਿਸ ਉਪ ਜੁੱਟ ਸਬੰਧੀ ਸੀਮਤ ਕਰਨ ਵਾਲਾ ਵਾਕ ਹਕੀਕੀ ਹੁੰਦਾ ਹੈ। ਬਾਹਰੀ ਬਣਤਰ ਵਿਚ ਸਬੰਧਵਾਚੀਕਰਨ ਦੇ ਘੇਰੇ ਦਾ ਪ੍ਰਗਟਾਵਾ ਮੁੱਖ ਨਾਂਵ ਵਾਕੰਸ਼ ਦੁਆਰਾ ਕੀਤਾ ਜਾਂਦਾ ਹੈ, ਜਿਹੜਾ ਭਾਸ਼ਾ ਵਿਸ਼ੇਸ਼ ਦੇ ਸੰਦਰਭ ਵਿਚ ਬਾਹਰੀ-ਵਾਕ ਵਾਂਗ ਵੀ ਲੱਗ ਸਕਦਾ ਹੈ।''[2]

ਐਂਡਰੇਵਜ ਅਤੇ ਕੀਨਨ-ਕਾਮਰੀ ਦੀਆਂ ਇਨ੍ਹਾਂ ਪਰਿਭਾਸ਼ਾਵਾਂ ਵਿਚੋਂ ਸਬੰਧਵਾਚੀ ਉਪਵਾਕ ਦੀਆਂ ਹੀ ਨਹੀਂ ਬਲਕਿ ਮਿਸ਼ਰਿਤ ਵਾਕਾਂ ਦੀਆਂ ਸੰਰਚਨਾਵੀ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਹਨ। ਇਸ ਸਿਧਾਂਤਿਕ ਸੇਧ ਵਿਚ ਹੀ ਹੁਣ ਅਸੀਂ ਪੰਜਾਬੀ ਭਾਸ਼ਾ ਵਿਚਲੇ

---

(1) If a Subordinate clause modifies (a crucilly undefined term) an NP and does so by virtue of the fact that it contains in deep structure an NP coreferential to the modified NP, then the clause is a relative clause.

(2) We consider any syntactic object to be an RC if it specifies a set of objects (Perhapes a one-member set) in two steps : a larger set is specified called the domain of relativization, and then restricted to some subset of which a certain sentence, the restricting sentence is true. The domain of relativization is expressed in surface structure by the head NP and the restricting sentence by the restricting clause, which may look more or less like a surface sentence depending upon the language.

ਵਾਕਾਂ ਦੀਆਂ ਸੰਰਚਨਾਵੀਂ ਵਿਸ਼ੇਸ਼ਤਾਵਾਂ ਦਾ ਜਾਇਜ਼ਾ ਲੈਂਦੇ ਹਾਂ।

1.1.3 ਸੰਰਚਨਾਵੀ ਵਿਸ਼ੇਸ਼ਤਾਵਾਂ

ਪਰੰਪਰਾਈ ਵਿਆਕਰਨ ਵਿਚ ਉਸ ਵਾਕ ਬਣਤਰ ਨੂੰ ਮਿਸ਼ਰਿਤ ਵਾਕ ਮੰਨਿਆਂ ਗਿਆ ਹੈ, ਜਿਸ ਦੀ ਅੰਦਰੂਨੀ ਬਣਤਰ ਵਿਚ ਇਕ ਮੁੱਖ ਉਪਵਾਕ ਅਤੇ ਇਕ ਜਾਂ ਇਕ ਤੋਂ ਵੱਧ ਅਧੀਨ ਉਪਵਾਕ ਵਿਚਰਦੇ ਹਨ।ਭਾਵੇਂ ਸਾਰੇ ਮਿਸ਼ਰਿਤ ਵਾਕਾਂ ਵਿਚ ਹੀ ਕਿਸੇ ਨਾ ਕਿਸੇ ਪੱਧਰ ਦੀ ਸੰਬੰਧਨ ਪ੍ਰਕਿਰਿਆ ਵਿਦਮਾਨ ਹੁੰਦੀ ਹੈ, ਪਰ ਸਬੰਧਕੀ ਵਿਆਕਰਨ ਵਿਚ ਸਬੰਧਵਾਚੀਕਰਨ ਦੀ ਪ੍ਰਕਿਰਿਆ ਦਾ ਸੰਬੰਧ ਸਿਰਫ ਉਨ੍ਹਾਂ ਮਿਸ਼ਰਿਤ ਵਾਕਾਂ ਨਾਲ ਹੈ, ਜਿਨ੍ਹਾਂ ਵਿਚ ਸਬੰਧਵਾਚੀ ਉਪਵਾਕਾਂ ਦੀ ਵਰਤੋਂ ਹੁੰਦੀ ਹੈ। ਇਸ ਲਈ ਅਸੀਂ ਪ੍ਰਾਸੰਗਿਕ ਮਿਸ਼ਰਿਤ ਵਾਕਾਂ ਦੀਆਂ ਸੰਰਚਨਾਵੀ ਵਿਸ਼ੇਸ਼ਤਾਵਾਂ ਨੂੰ ਹੀ ਉਜਾਗਰ ਕਰਾਂਗੇ।ਪੰਜਾਬੀ ਭਾਸ਼ਾ ਦੀ ਵਾਕ ਜੁਗਤ ਵਿੱਚ ਸੰਬੰਧਵਾਚੀ ਉਪਵਾਕਾਂ ਨਾਲ ਆਮ ਤੌਰ ਤੇ **ਜੋ, ਜਿਨ੍ਹਾਂ** ਅਤੇ **ਜਿਹੜਾ** ਆਦਿ ਜੋੜਕਾਂ ਵਾਲੇ ਸਬੰਧਵਾਚੀ ਪੜਨਾਵਾਂ ਦੀ ਵਰਤੋਂ ਕਰਦੇ ਹੋਏ ਅਧੀਨ ਉਪਵਾਕ ਜੋੜ ਕੇ, ਮਿਸ਼ਰਿਤ ਵਾਕ ਬਣਾਇਆ ਜਾਂਦਾ ਹੈ। ਮਿਸਾਲ ਵਜੋਂ [6] ਨੰਬਰ ਵਿੱਚ ਪੰਜਾਬੀ ਭਾਸ਼ਾ ਦੇ ਵਾਕ ਦਿੱਤੇ ਗਏ ਹਨ :

[6]
1) **ਜਿਨ੍ਹਾਂ** ਬੱਚਿਆਂ ਨੂੰ ਪਿਉ-ਦਾਦੇ ਦੀ ਦੌਲਤ ਮਿਲ ਜਾਂਦੀ ਹੈ, ਉਹ ਧਨ ਦੀ ਕਦਰ ਨਹੀ ਕਰਦੇ।
2) ਓਸ਼ੋ ਨੇ **ਜੋ** ਤਰਕ ਦਿੱਤਾ, ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ।
3) ਕੁੜੀ ਨੇ ਮੁੰਡੇ ਨੂੰ ਕਿਤਾਬ ਦਿੱਤੀ, **ਜੋ** ਬਾਹਰ ਖੜ੍ਹਾ ਸੀ।
4) **ਜਿਹੜੇ** ਬੱਚੇ ਮਿਹਨਤ ਕਰਨਗੇ, ਉਹ ਪਾਸ ਹੋ ਜਾਣਗੇ।

[6] ਨੰਬਰ ਦੇ ਸਾਰੇ ਵਾਕ ਮਿਸ਼ਰਤ ਵੰਨਗੀ ਦੇ ਹਨ। ਇਨ੍ਹਾਂ ਵਿਚੋਂ ਹੇਠਾਂ [7] ਨੰਬਰ ਵਿੱਚ ਦਿੱਤੀਆਂ ਗਈਆਂ ਬਣਤਰਾਂ ਮੁੱਖ ਉਪਵਾਕ ਹਨ ਅਤੇ [8] ਨੰਬਰ ਦੀਆਂ ਬਣਤਰਾਂ ਅਧੀਨ ਉਪਵਾਕ ਹਨ। ਅਧੀਨ ਉਪਵਾਕ **/ਜ/** ਲਿਪਾਂਕ ਨਾਲ ਸ਼ੁਰੂ ਹੋਣ ਵਾਲੇ ਸੰਬੰਧਵਾਚੀ ਤੱਤਾਂ **ਜਿਨ੍ਹਾਂ, ਜੋ** ਅਤੇ **ਜਿਹੜੇ** ਨਾਲ ਜੜੁੱਤ ਹਨ।

ਮੁੱਖ ਉਪਵਾਕ

[7]
1) ਉਹ (ਬੱਚੇ) ਧਨ ਦੀ ਕਦਰ ਨਹੀਂ ਕਰਦੇ।
2) ਤਰਕ ਨੇ ਸਭ ਨੂੰ ਹੈਰਾਨ ਕਰ ਦਿੱਤਾ।
3) ਕੁੜੀ ਨੇ ਮੁੰਡੇ ਨੂੰ ਕਿਤਾਬ ਦਿੱਤੀ।

4) (ਬੱਚੇ) ਉਹ ਪਾਸ ਹੋ ਜਾਣਗੇ।

ਅਧੀਨ ਉਪਵਾਕ

[8] 1) ਜਿਨ੍ਹਾਂ ਬੱਚਿਆਂ ਨੂੰ ਪਿਉ-ਦਾਦੇ ਦੀ ਦੌਲਤ ਮਿਲ ਜਾਂਦੀ ਹੈ।


2) ਓਸ਼ੋ ਨੇ ਜੋ ਤਰਕ ਦਿੱਤਾ।

3) ਜੋ ਬਾਹਰ ਖੜਾ ਸੀ।

4) ਜਿਹੜੇ ਬੱਚੇ ਮਿਹਨਤ ਕਰਨਗੇ।

ਸਬੰਧਕੀ ਵਿਆਕਰਨ ਵਿੱਚ ਇਸ ਭਾਂਤ ਦੇ ਅਧੀਨ ਉਪਵਾਕਾਂ ਨੂੰ ਸੰਬੰਧਵਾਚੀ ਉਪਵਾਕ ਕਿਹਾ ਗਿਆ ਹੈ। ਇਨ੍ਹਾਂ ਵਿੱਚ ਵਿਸ਼ੇਸ਼ਿਤ ਨਾਂਵ ਵਾਕੰਸ਼ ਦੀ ਸਥਿਤੀ ਨੂੰ ਆਰੇਖ [9] ਰਾਹੀਂ ਉਲੀਕਿਆ ਗਿਆ ਹੈ :

[9]



[6] ਨੰਬਰ ਦੀਆਂ ਵਾਕ ਵੰਨਗੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਜਿਸ ਨਾਂਵ ਵਾਕੰਸ਼ ਨਾਲ ਸਬੰਧਵਾਚੀ ਉਪਵਾਕ ਜੋੜਿਆ ਗਿਆ ਹੈ। ਉਸ ਨਾਲ **/ਜ/** ਲਿਪਾਂਕ ਨਾਲ ਸ਼ੁਰੂ ਹੋਣ ਵਾਲੇ ਸਬੰਧਵਾਚੀ ਪੜਨਾਂਵ ਦੀ ਵਰਤੋਂ ਲਾਜ਼ਮੀ ਰੂਪ ਵਿੱਚ ਹੋਈ ਹੈ। ਇਹ ਜ-ਜੜੂੱਤ ਸਬੰਧਵਾਚੀ ਪੜਨਾਂਵ ਪੰਜਾਬੀ ਵਾਕ ਜੁਗਤ ਵਿੱਚ ਆਮ ਤੌਰ ਤੇ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼ ਤੋਂ ਪਹਿਲਾਂ ਹੀ ਵਿਚਰਦਾ ਹੈ। ਇਹ ਤੱਥ ਉਪਰੋਕਤ

[6] ਨੰਬਰ ਦੇ ਵਾਕ (1), (2) ਅਤੇ (4) ਤੋਂ ਪ੍ਰਤੱਖ ਹੈ। ਵਾਕ ਨੰਬਰ (3) ਵਿੱਚ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼ ਭਾਵ ਬਣਤਰ (Deep Structure) ਵਿੱਚ ਵਿਚਰ ਰਿਹਾ ਹੈ। ਇਸ ਦੇ ਨਾਲ ਹੀ ਇਸ ਗੱਲ ਦੇ ਪ੍ਰਮਾਣ ਵੀ ਮਿਲ ਗਏ ਹਨ ਕਿ ਪੰਜਾਬੀ ਵਿੱਚ ਜਿਥੇ ਜ-ਜੜ੍ਹੁੱਤ ਸਬੰਧਵਾਚੀ ਪੜਨਾਂਵ ਦੀ ਵਰਤੋਂ ਹੋਈ ਹੈ, ਉਥੇ ਨਾਲ ਹੀ **ਉਹ** ਪੜਨਾਂਵ ਦੀ ਵਰਤੋਂ ਵੀ ਕੀਤੀ ਗਈ ਹੈ। ਮਸਲਨ [6] ਨੰਬਰ ਦੇ ਵਾਕ (1), (2) ਅਤੇ (4) ਵਿੱਚ **ਉਹ** ਅਤੇ **ਉਸ ਨੇ** ਪੜਨਾਂਵ ਦੀ ਵਰਤੋਂ ਹੋਈ ਹੈ। [6-3] ਵਾਕ ਦੀ ਬਾਹਰੀ ਬਣਤਰ ਵਿੱਚ ਭਾਵੇਂ **ਉਹ** ਦੀ ਵਰਤੋਂ ਨਹੀਂ ਕੀਤੀ ਗਈ ਪਰ ਭਾਵ ਬਣਤਰ ਵਿੱਚ ਇਹ ਵਰਤੋਂ ਸਪੱਸ਼ਟ ਹੈ। ਇਥੇ ਇਹ ਤੱਥ ਵੀ ਜ਼ਿਕਰਯੋਗ ਹੈ ਕਿ ਪੰਜਾਬੀ ਵਾਕ ਬਣਤਰ ਵਿੱਚ ਉਪਵਾਕਾਂ ਦੀ ਤਰਤੀਬ ਜਾਂ ਕ੍ਰਮ ਵੀ ਨਿਸ਼ਚਿਤ ਨਹੀਂ ਹੈ।ਭਾਵ ਵਾਕ-ਕ੍ਰਮ ਵਿੱਚ ਉਪਵਾਕਾਂ ਦਾ ਸਥਾਨ ਬਦਲਦਾ ਰਹਿੰਦਾ ਹੈ ਜਾਂ ਇਖਤਿਆਰੀ ਹੈ। ਮਿਸਾਲ ਵਜੋਂ [10] ਨੰਬਰ ਦੇ ਵਾਕ ਵੇਖੇ ਜਾ ਸਕਦੇ ਹਨ :

[10] 1) ਓਸ਼ੋ ਨੇ **ਜੋ** ਤਰਕ ਦਿੱਤਾ,ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ।
2) ਉਸ ਤਰਕ ਨੇ ਸਭ ਨੂੰ ਹੈਰਾਨ ਕਰ ਦਿੱਤਾ,**ਜੋ** ਓਸ਼ੋ ਨੇ ਦਿੱਤਾ।
3) **ਜੋ** ਤਰਕ ਓਸ਼ੋ ਨੇ ਦਿੱਤਾ, ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਪੰਜਾਬੀ ਭਾਸ਼ਾ ਵਿੱਚ ਇਸ ਭਾਂਤ ਦੇ ਵਾਕਾਂ ਵਿੱਚ ***/ਜੋ/*** ਨਾਲ ***/ਉਹ/*** ਤੋਂ ਇਲਾਵਾ ***/ਸੋ/*** ਦੀ ਵਰਤੋਂ ਵੀ ਕੀਤੀ ਜਾਂਦੀ ਹੈ ਪਰ ਅਜਿਹੀ ਵਰਤੋਂ ਸਿਰਫ ਰੂੜ੍ਹੀਗਤ ਵਾਕਾਂ ਵਿੱਚ ਹੀ ਕੀਤੀ ਜਾਂਦੀ ਹੈ। ਮਿਸਾਲ ਵਜੋਂ ਪ੍ਰਮਾਣ ਪੇਸ਼ ਹਨ :

[11] 1) ਜੋ ਕਰੇਗਾ, **ਸੋ** ਭਰੇਗਾ।
2) ਜੋ ਉਪਜਿਓ, **ਸੋ** ਬਿਨਸੁ ਹੈ।
3) ਜੋ ਆਇਆ, **ਸੋ** ਚੱਲਸੀ।
4) ਜੋ ਤੂੰ ਕਰੇਂਗਾ, **ਸੋ** ਮੈਂ ਕਰਾਂਗਾ।

[10] ਨੰਬਰ ਦੇ ਵਾਕਾਂ ਵਿੱਚ **ਜੋ** ਨਾਲ **ਉਹ** ਦੀ ਵਰਤੋਂ ਜਰੂਰੀ ਤੌਰ ਤੇ ਹੋਈ ਹੈ ਜਾਂ ਕੀਤੀ ਗਈ ਹੈ ਪਰ ਪੰਜਾਬੀ ਭਾਸ਼ਾ ਵਿੱਚ ਅਜਿਹੀ ਵਰਤੋਂ ਇਖ਼ਤਿਆਰੀ ਵੀ ਹੈ, ਭਾਵ ***/ਉਹ/*** ਦੀ ਪ੍ਰਤੱਖ ਵਰਤੋਂ ਤੋਂ ਬਿਨ੍ਹਾਂ ਵੀ ਵਾਕ ਮੁਕੰਮਲ ਹੁੰਦਾ ਹੈ ਜਿਵੇਂ :

[12] 1) ਜੋ ਆਇਆ ਸੀ, (ਉਹ) ਚਲਾ ਗਿਆ।
2) (ਉਹ) ਕਿਹੜਾ ਭਾਰਤਵਾਸੀ ਹੈ, ਜਿਸਨੇ ਮਹਾਤਮਾ ਗਾਂਧੀ ਦਾ ਨਾਮ ਨਾ ਸੁਣਿਆ ਹੋਵੇ।

3) ਜੋ ਲੋਕ ਵਿਹਲੇ ਰਹਿੰਦੇ ਹਨ, (ਉਹ) ਜੀਵਨ ਵਿੱਚ ਸਫਲ ਨਹੀਂ ਹੋ ਸਕਦੇ।

4) ਜੋ ਸਿਆਸੀ ਨੇਤਾ ਆਪਣੀ ਹਕੂਮਤ ਦੌਰਾਨ ਲੋਕਾਂ ਨੂੰ ਮਿਲਦੇ ਤੱਕ ਨਹੀਂ, ਵੋਟਾਂ ਦੌਰਾਨ (ਉਹ) ਲੋਕਾਂ ਦੀਆਂ ਤਲੀਆਂ ਚੱਟ ਰਹੇ ਹੁੰਦੇ ਹਨ।

[12] ਨੰਬਰ ਦੇ ਵਾਕਾਂ ਵਿੱਚ **ਉਹ** ਦੀ ਵਰਤੋਂ ਇਖ਼ਤਿਆਰੀ ਹੈ। ਭਾਵ ਇਨ੍ਹਾਂ ਵਾਕਾਂ ਵਿੱਚ **ਉਹ** ਦੀ ਵਰਤੋਂ ਹੋ ਵੀ ਸਕਦੀ ਹੈ ਅਤੇ ਨਹੀਂ ਵੀ। ਸਪੱਸ਼ਟ ਹੈ ਕਿ ਪੰਜਾਬੀ ਭਾਸ਼ਾ ਵਿੱਚ ਅਜਿਹੀ ਵਰਤੋਂ ਕਿਤੇ ਇਖ਼ਤਿਆਰੀ ਹੈ, ਕਿਤੇ ਜਰੂਰੀ ਅਤੇ ਕਈ ਥਾਵਾਂ ਤੇ ਤਾਂ ਬਿਲਕੁੱਲ ਹੀ ਨਹੀਂ ਕੀਤੀ ਜਾਂਦੀ।

1.1.4 ਸਬੰਧਵਾਚੀ ਉਪਵਾਕ ਦਾ ਸਥਾਨ

ਪੰਜਾਬੀ ਵਾਕ ਜੁਗਤ ਵਿੱਚ ਸਬੰਧਵਾਚੀ ਉਪਵਾਕ, ਮੁੱਖ ਉਪਵਾਕ ਤੋਂ ਪਹਿਲਾਂ, ਮੁੱਖ ਉਪਵਾਕ ਦੇ ਮੱਧ ਵਿੱਚ ਅਤੇ ਮੁੱਖ ਉਪਵਾਕ ਤੋਂ ਪਿਛੋਂ ਵੀ ਵਿਚਰ ਸਕਦੇ ਹਨ। ਇਸ ਲਈ ਇਨ੍ਹਾਂ ਦਾ ਸਥਾਨ ਮਿਸ਼ਰਿਤ ਵਾਕ ਦੇ ਆਦਿ, ਮੱਧ ਅਤੇ ਅੰਤ ਆਦਿ ਕਿਤੇ ਵੀ ਹੋ ਸਕਦਾ ਹੈ, ਪਰ ਦੂਜੀ ਤੇ ਤੀਜੀ ਸਥਿਤੀ ਪੰਜਾਬੀ ਦੀ ਸੁਭਾਵਿਕ ਵਰਤੋਂ ਨਹੀਂ ਹੈ।ਅਸਲ ਵਿੱਚ ਮੂਲ ਰੂਪ ਵਿੱਚ ਤਾਂ ਪੰਜਾਬੀ ਭਾਸ਼ਾ ਸਰਲ ਵਾਕ ਜੁਗਤ ਦੀ ਧਾਰਨੀ ਹੈ। ਮਿਸ਼ਰਿਤ ਵਾਕ ਬਣਤਰਾਂ ਤਾਂ ਅੰਗਰੇਜੀ ਭਾਸ਼ਾ ਦੇ ਪ੍ਰਭਾਵ ਦੀਆਂ ਲਖਾਇਕ ਹਨ। ਮੱਧਕਾਲ ਦੀ ਪੰਜਾਬੀ ਵਾਰਤਕ ਅਤੇ ਮੁੱਢਲੇ ਪੰਜਾਬੀ ਵਾਰਤਕ ਲੇਖਕਾਂ ਦੀਆਂ ਕਿਰਤਾਂ ਇਸ ਦਾ ਪ੍ਰਮਾਣ ਹਨ। ਅੱਗੇ [13], [14] ਅਤੇ [15] ਵਿੱਚ ਹਰ ਭਾਂਤ ਦੀਆਂ ਵਾਕ-ਵੰਨਗੀਆਂ ਪੇਸ਼ ਹਨ :

ਮੁੱਖ ਉਪਵਾਕ ਤੋਂ ਪਹਿਲਾਂ

[13] 1) ਜੋ ਪਾਰਟੀ ਮੁਕਾਬਲੇ ਦੀ ਸਰਕਾਰ ਦੀਆਂ ਫੜ੍ਹਾਂ ਮਾਰਦੀ ਸੀ, ਸਾਰੀਆਂ ਸੀਟਾਂ ਤੇ ਹਾਰ ਗਈ।

2) ਜਿਹੜੇ ਵਿਸ਼ੇ ਔਖੇ ਹਨ, ਉਹੀ ਲਾਭਦਾਇਕ ਹਨ।

3) ਜਿਸ ਸਮਾਜ ਵਿੱਚ ਪਾਣੀ ਦੀ ਥੁੜ੍ਹ ਹੋਵੇ,ਉਥੇ ਬਾਕੀ ਥੁੜ੍ਹਾਂ ਆਪ ਮੁਹਾਰੇ ਪੈਦਾ ਹੋ ਜਾਂਦੀਆਂ ਹਨ।

4) ਜਿਨ੍ਹਾਂ ਲੋਕਾਂ ਅੰਦਰ ਚਾਨਣ ਹੁੰਦਾ ਹੈ, ਉਹ ਗੁਨਾਹਾਂ ਭਰੇ ਪੰਡਾਲ ਵਿੱਚ ਵੀ ਆਸ਼ਕ ਦੀ ਅੱਖ ਵਾਂਗ ਚਮਕਦੇ ਹਨ।

ਮੁੱਖ ਉਪਵਾਕ ਦੇ ਮੱਧ ਵਿੱਚ

[14] 1) ਸਭ ਤੋਂ ਵੱਡਾ ਗ੍ਰੰਥ, ਜੋ ਦੁਨੀਆਂ ਵਿੱਚ ਲਿਖਿਆ ਗਿਆ ਗੁਰੂ ਗ੍ਰੰਥ ਸਾਹਿਬ ਹੈ।

2) ਆਮ ਵਹਿਮ, ਜੋ ਲੋਕਾਂ ਵਿੱਚ ਪ੍ਰਚੱਲਿਤ ਹਨ, ਬਹੁਤ ਪੁਰਾਣੇ ਹਨ।

3) ਗੀਤ ਜਿਹੜੇ ਜਿੰਦ ਪਾਂਦੇ ਹਨ, ਨਿਰੀ ਤੁਕਬੰਦੀ ਨਹੀਂ ਹੁੰਦੇ।

4) ਉਹ ਲੋਕ ਜਿੰਨ੍ਹਾਂ ਨੂੰ ਕੰਮ ਦੀ ਆਦਤ ਨਹੀਂ ਹੁੰਦੀ, ਸਮਾ ਪਾ ਕੇ ਗਰੀਬ ਹੋ ਜਾਂਦੇ ਹਨ।

ਮੁੱਖ ਉਪਵਾਕ ਤੋਂ ਪਿਛੋਂ

[15] 1) ਪੱਕੇ ਦੁਸ਼ਮਣ ਬਣ ਹੀ ਉਹ ਸਕਦੇ ਹਨ, ਜੋ ਕਿਸੇ ਸਮੇਂ ਪੱਕੇ ਦੋਸਤ ਰਹੇ ਹੋਣ।

2) ਸੁੰਦਰਤਾ ਉਹ ਹੈ, ਜਿਸ ਦੀ ਸੌਕਣ ਵੀ ਸਿਫ਼ਤ ਕਰੇ।

3) ਪਿਆਰ ਇਕ ਅਜਿਹਾ ਰੁਜ਼ਗਾਰ ਹੈ, ਜਿਸ ਵਿੱਚ ਕੋਈ ਛੁੱਟੀ ਨਹੀਂ ਮਿਲਦੀ।

4) ਮਹਾਨ ਸੰਗੀਤ ਉਹ ਹੈ, ਜਿਹੜਾ ਪੁਰਾਣਾ ਹੋਵੇ ਪਰ ਨਵਾਂ ਲੱਗੇ।

ਇਨ੍ਹਾਂ ਵਾਕ-ਵੰਨਗੀਆਂ ਤੋਂ ਇਹ ਤੱਥ ਵੀ ਸਪੱਸ਼ਟ ਹੁੰਦਾ ਹੈ ਕਿ ਜਿਸ ਨਾਂਵ ਵਾਕੰਸ਼ ਨਾਲ ਵੀ ਸਬੰਧਵਾਚੀ ਉਪਵਾਕ ਜੋੜਿਆ ਜਾਂਦਾ ਹੈ ਜਾਂ ਜਿਸ ਨਾਂਵ ਵਾਕੰਸ਼ ਨੂੰ ਸਬੰਧਵਾਚੀਕ੍ਰਿਤ ਕੀਤਾ ਜਾਂਦਾ ਹੈ, ਉਸ ਨਾਂਵ ਵਾਕੰਸ਼ ਦੀ ਵਿਸ਼ੇਸ਼ਤਾ ਦੱਸਣ ਲਈ ਹੀ ਕੀਤਾ ਜਾਂਦਾ ਹੈ।ਮਸਲਨ [13] ਨੰਬਰ ਦੀਆਂ ਉਦਾਹਰਨਾਂ ਵਿੱਚ ਕ੍ਰਮਵਾਰ **ਪਾਰਟੀ, ਵਿਸ਼ੇ, ਸਮਾਜ** ਅਤੇ **ਲੋਕਾਂ** ਆਦਿ ਨਾਵਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਹੀ ਸਬੰਧਵਾਚੀ ਉਪਵਾਕਾਂ ਵਿੱਚ ਬਿਆਨ ਕੀਤਾ ਗਿਆ ਹੈ। ਇਸੇ ਕਰਕੇ ਪਰੰਪਰਾਈ ਵਿਆਕਰਨ ਵਿੱਚ ਇਨ੍ਹਾਂ ਨੂੰ **ਵਿਸ਼ੇਸ਼ਣ ਉਪਵਾਕ** ਦੀ ਸੰਗਿਆ ਪ੍ਰਦਾਨ ਕੀਤੀ ਗਈ ਹੈ। ਇਸੇ ਤਰ੍ਹਾਂ ਪੰਜਾਬੀ ਵਿੱਚ **ਕਿਰਿਆ ਵਿਸ਼ੇਸ਼ਣ ਉਪਵਾਕ** ਦੀ ਵਰਤੋਂ ਵੀ ਕੀਤੀ ਜਾਂਦੀ ਹੈ :

[16] 1) ਭਵਿੱਖ ਵਿੱਚ ਫਸਲਾਂ ਉਸੇ ਤਰ੍ਹਾਂ ਉਗਣਗੀਆਂ, ਜਿਵੇਂ ਕਿਸੇ ਬੱਚੇ ਨੂੰ ਸੋਕੜਾ ਪਿਆ ਹੁੰਦਾ ਹੈ।

2) ਅਰਦਾਸ ਆਮ ਕਰਕੇ ਉਦੋਂ ਹੀ ਕੀਤੀ ਜਾਂਦੀ ਹੈ, ਜਦੋਂ ਅਸੀਂ ਮੁਸ਼ਕਲਾਂ ਵਿੱਚ ਘਿਰੇ ਹੁੰਦੇ ਹਾਂ।

3) ਜਦੋਂ ਸਾਡੀ ਕਿਸੇ ਨਾਲ ਬਣੀ ਹੋਵੇ ਤਾਂ ਅਸੀਂ ਬਹੁਤ ਕੁਝ ਬਰਦਾਸ਼ਤ ਕਰ ਲੈਂਦੇ ਹਾਂ।

4) ਜਿਉਂ-ਜਿਉਂ ਨਵੀਂ ਤਹਿਜ਼ੀਬ ਵਧ ਰਹੀ ਹੈ, ਖੁਸ਼ੀ ਦੇ ਪੁਰਾਣੇ ਢੰਗ ਬਦਲ ਰਹੇ ਹਨ।

1.1.5 ਸਬੰਧਵਾਚੀ ਪੜਨਾਂਵ ਦਾ ਲੋਪਨ

ਹੁਣ ਤੱਕ ਅਸੀਂ ਅਜਿਹੀਆਂ ਬਣਤਰਾਂ ਵੇਖੀਆਂ ਹਨ, ਜਿਨ੍ਹਾਂ ਵਿੱਚ **/ਜੋ/** ਸਬੰਧਵਾਚੀ ਪੜਨਾਂਵ ਦੀ ਵਰਤੋਂ ਕੀਤੀ ਗਈ ਹੈ। ਪਰ ਪੰਜਾਬੀ ਭਾਸ਼ਾ ਵਿੱਚ ਇਸ ਦਾ ਲੋਪਨ ਵੀ ਕਰ ਦਿੱਤਾ ਜਾਂਦਾ ਹੈ। ਪ੍ਰਮਾਣ ਸਰੂਪ ਹੇਠਾਂ [17] ਨੰਬਰ ਦੇ ਵਾਕ ਪੇਸ਼ ਹਨ :

[17] 1) **ਜੋ** ਲੜਕੀ ਰੁਸੀ ਹੋਈ ਸੀ, ਘਰ ਚਲੀ ਗਈ।

0 ਰੁਸੀ (ਹੋਈ) ਲੜਕੀ ਘਰ ਚਲੀ ਗਈ।

2) **ਜੋ** ਨਾਟਕ ਚਰਚਿਤ ਹੈ, ਅੱਜ ਖੇਡਿਆ ਜਾਵੇਗਾ।

0 ਅੱਜ ਚਰਚਿਤ ਨਾਟਕ ਖੇਡਿਆ ਜਾਵੇਗਾ।

3) **ਜੋ** ਕਵਿਤਾ ਸੁਰਜੀਤ ਪਾਤਰ ਦੀ ਸੀ, (ਉਹ) ਫਸਟ ਆਈ।

0 ਸੁਰਜੀਤ ਪਾਤਰ ਦੀ ਕਵਿਤਾ ਫਸਟ ਆਈ।

4) ਸੱਚਾ ਮਿੱਤਰ ਉਹ ਹੈ, **ਜੋ** ਮੁਸ਼ਕਲ ਵੇਲੇ ਸਹਾਇਤਾ ਕਰੇ।

0 ਮੁਸ਼ਕਲ ਵੇਲੇ ਸਹਾਇਤਾ ਕਰਨ ਵਾਲਾ ਮਿੱਤਰ ਹੀ ਸੱਚਾ ਹੈ।

[17] ਦੀਆਂ ਵਾਕ-ਵੰਨਗੀਆਂ ਵਿੱਚ **/ਜੋ/** ਸਬੰਧਵਾਚੀ ਪੜਨਾਂਵ ਦੀ ਵਰਤੋਂ ਕੀਤੀ ਗਈ ਹੈ। (0)ਵਾਕਾਂ ਵਿੱਚ **/ਜੋ/** ਦਾ ਲੋਪਨ ਕਰ ਦਿੱਤਾ ਗਿਆ ਪਰ ਮੁੱਖ ਉਪਵਾਕ ਦੇ ਨਾਂਵ ਵਾਕੰਸ਼ ਦੀ ਵਿਸ਼ੇਸ਼ਤਾ ਪਹਿਲਾਂ ਵਾਂਗ ਹੀ ਬਰਕਰਾਰ ਹੈ।ਅਸਲ ਵਿੱਚ (0) ਵਾਕ ਹੀ ਪੰਜਾਬੀ ਭਾਸ਼ਾ ਦੇ ਸੁਭਾਵਿਕ ਵਾਕ ਹਨ।

1.1.6 ਸਬੰਧਪਰਕ ਵਿਵੇਚਨ (Relational Study)

ਸਬੰਧਪਰਕ ਵਿਵੇਚਨ ਦਾ ਸਿਧਾਂਤਿਕ ਆਧਾਰ ਸਬੰਧਕੀ ਵਿਆਕਰਨ (Relational Grammar) ਹੈ। ਸਬੰਧਕੀ ਵਿਆਕਰਨ ਦਾ ਸਿਧਾਂਤਿਕ ਚੌਖਟਾ ਵਿਆਕਰਨਿਕ ਸੰਬੰਧਾਂ ਨੂੰ ਆਧਾਰ ਬਣਾ ਕੇ, ਉਸਾਰਿਆ ਗਿਆ ਹੈ। ਇਸ ਭਾਸ਼ਾ ਅਧਿਐਨ ਮਾਡਲ ਵਿੱਚ ਵਿਆਕਰਨਿਕ ਸੰਬੰਧਾਂ ਨੂੰ ਮਹੱਤਵਪੂਰਨ ਮੰਨਿਆਂ ਗਿਆ ਹੈ। ਇਸ ਦ੍ਰਿਸ਼ਟੀ ਅਨੁਸਾਰ ਭਾਸ਼ਾ ਦੀ ਵਾਕ ਰਚਨਾ ਵਿੱਚ ਵਿਆਕਰਨਿਕ ਸੰਬੰਧ ਅਹਿਮ ਭੂਮਿਕਾ ਨਿਭਾਉਂਦੇ ਹਨ। ਜਿਵੇਂ ਕਿ ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ ਕਿ ਇਸ ਮਾਡਲ

ਵਿੱਚ ਵਿਆਕਰਨਿਕ ਸੰਬੰਧਾਂ ਨੂੰ ਅਣਪਰਿਭਾਸ਼ਿਤ ਪ੍ਰਥਮ ਮੰਨਕੇ, ਸਬੰਧਕੀ ਕ੍ਰਮ ਪੇਸ਼ ਕੀਤਾ ਗਿਆ ਹੈ ਅਤੇ ਭਾਸ਼ਾਵਾਂ ਵਿਚਲੇ ਸੰਬੰਧ ਸੂਚਕ ਉਪਵਾਕਾਂ ਦੀ ਸੰਬੰਧਨ ਪ੍ਰਕਿਰਿਆ ਦਾ ਅਧਿਐਨ ਕਰਨ ਲਈ, ਸਬੰਧਵਾਚੀਕਰਨ ਨੇਮ ਦੀ ਸਥਾਪਨਾ ਕੀਤੀ ਗਈ ਹੈ। ਇਉਂ ਇਸ ਨੇਮ ਦਾ ਸੰਬੰਧ ਮਿਸ਼ਰਿਤ ਵਾਕਾਂ ਵਿਚਲੇ ਮੁੱਖ ਉਪਵਾਕਾਂ ਅਤੇ ਸਬੰਧਵਾਚੀ ਅਧੀਨ ਉਪਵਾਕਾਂ ਦੀ ਸੰਬੰਧਨ ਪ੍ਰਕਿਰਿਆ ਨਾਲ ਹੈ ਅਰਥਾਤ ਇਸ ਨੇਮ ਤਹਿਤ ਇਹ ਦੇਖਿਆ ਜਾਂਦਾ ਹੈ ਕਿ ਸਬੰਧਕੀ ਕ੍ਰਮ (Relational Hierarchy) ਦੇ ਕਿਹੜੇ-ਕਿਹੜੇ ਵਿਆਕਰਨਿਕ ਸੰਬੰਧ ਵਾਲੇ ਨਾਂਵ ਵਾਕੰਸ਼ ਸਬੰਧਵਾਚੀਕ੍ਰਿਤ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸਬੰਧਕੀ ਕ੍ਰਮ ਦੇ ਕਿਹੜੇ -ਕਿਹੜੇ ਸਤੱਰ ਤੱਕ ਸਬੰਧਵਾਚੀਕਰਨ ਨੇਮ ਲਾਗੂ ਹੁੰਦਾ ਹੈ। ਇਸ ਤੱਥ ਦੀ ਪਰਖ ਕਰਨ ਲਈ ਅਸੀਂ ਸਭ ਤੋਂ ਪਹਿਲਾਂ ਕੇਂਦਰੀ ਵਿਆਕਰਨਿਕ ਸੰਬੰਧਾਂ ਤੇ ਆਧਾਰਿਤ ਕੁਝ ਵਾਕ ਲੈਂਦੇ ਹਾਂ। ਇਥੇ ਇਹ ਤੱਥ ਵੀ ਦੱਸਣਯੋਗ ਹੈ ਕਿ ਸਬੰਧਕੀ ਵਿਆਕਰਨ ਵਿੱਚ ਵਿਆਕਰਨਿਕ ਸੰਬੰਧਾਂ ਨੂੰ ਦੋ ਮੁੱਖ ਵਰਗਾਂ ਵਿੱਚ ਵੰਡਿਆ ਗਿਆ ਹੈ। **ਸ਼ੁੱਧ** (Pure) ਵਿਆਕਰਨਿਕ ਸੰਬੰਧ ਤੇ **ਅਸ਼ੁੱਧ** ਵਿਆਕਰਨਿਕ ਸੰਬੰਧ। ਸ਼ੁੱਧ ਵਿਆਕਰਨਿਕ ਸੰਬੰਧ **ਕਰਤਾ, ਮੁੱਖ ਕਰਮ** ਅਤੇ **ਗੌਣ ਕਰਮ** ਨੂੰ ਮੰਨਿਆ ਗਿਆ ਹੈ। ਇਨ੍ਹਾਂ ਵਿੱਚੋਂ ਕਰਤਾ ਅਤੇ ਮੁੱਖ ਕਰਮ ਨੂੰ ਕੇਂਦਰੀ ਸੰਬੰਧ (Nuclear) ਸਥਾਪਿਤ ਕੀਤਾ ਗਿਆ ਹੈ। ਅਸ਼ੁੱਧ ਵਿਆਕਰਨਿਕ ਸੰਬੰਧਾਂ ਦੇ ਅੰਤਰਗਤ ਅਰਥਮੂਲਕ ਵਿਆਕਰਨਿਕ ਸੰਬੰਧ **ਕਰਨ, ਅਧਿਕਰਨ** ਅਤੇ **ਬੇਨੀਫੈਕਟਿਵ** ਆਦਿ ਆਉਂਦੇ ਹਨ। ਇਨ੍ਹਾਂ ਨੂੰ **ਅਕੇਂਦਰੀ** ਜਾਂ **ਵਿਕਾਰੀ** ਸੰਬੰਧ ਮੰਨਿਆ ਗਿਆ ਹੈ।

1.1.6.1 ਕੇਂਦਰੀ ਵਿਆਕਰਨਿਕ ਸੰਬੰਧ

[18] 1) ਜੋ **ਮੁੰਡਾ** ਬੋਲ ਰਿਹਾ ਹੈ, ਮੇਰਾ ਭਰਾ ਹੈ। (ਕਰਤਾ)

2) ਜੋ **ਕਿਤਾਬ** ਅਧਿਆਪਕ ਨੇ ਮੈਨੂੰ ਦਿੱਤੀ, ਬਹੁਤ ਉਸਾਰੂ ਹੈ। (ਮੁੱਖ ਕਰਮ)

3) ਜਿਸ **ਅਫ਼ਸਰ** ਨੂੰ ਲੋਕਾਂ ਨੇ ਪੈਸੇ ਦਿੱਤੇ, ਜੇਲ ਅੰਦਰ ਹੈ। (ਗੌਣ ਕਰਮ)

[18] ਨੰਬਰ ਦੀਆਂ ਵਾਕ-ਵੰਨਗੀਆਂ ਵਿੱਚ ਪਹਿਲੇ ਵਾਕ ਵਿੱਚ ਕਰਤਾ ਨਾਂਵ **ਮੁੰਡਾ** ਦੂਜੇ ਵਿੱਚ ਮੁੱਖ ਕਰਮ ਨਾਂਵ **ਕਿਤਾਬ** ਅਤੇ ਤੀਜੇ ਵਾਕ ਵਿੱਚ ਗੌਣ ਕਰਮ **ਅਫ਼ਸਰ** ਨੂੰ ਸਬੰਧਵਾਚੀਕ੍ਰਿਤ ਕੀਤਾ ਗਿਆ ਹੈ। ਇਉਂ ਸਪੱਸ਼ਟ ਹੈ ਕਿ ਪੰਜਾਬੀ ਵਿੱਚ ਕੇਂਦਰੀ ਵਿਆਕਰਨਿਕ ਸੰਬੰਧਾਂ ਦਾ ਸਬੰਧਵਾਚੀਕਰਨ ਹੋ ਸਕਦਾ ਹੈ।

1.1.6.2 ਅਕੇਂਦਰੀ ਵਿਆਕਰਨਿਕ ਸੰਬੰਧ

[19] 1) ਜਿਸ **ਅੱਤਵਾਦੀ** ਦੁਆਰਾ ਮੰਤਰੀ ਮਾਰਿਆ ਗਿਆ, ਹੁਣ ਜੇਲ ਵਿੱਚ ਹੈ। (X ਸ੍ਰੇਣੀ ਨਾਂਵ ਵਾਕੰਸ਼)[1]

2) ਜੋ **ਸ਼ਹਿਰ** ਤਬਾਹ ਕਰ ਦਿੱਤਾ ਗਿਆ ਸੀ, ਹੁਣ ਦੁਬਾਰਾ ਵੱਸ ਗਿਆ। (ਵਿਉਤਪੰਨ ਕਰਤਾ)

3) ਜਿਸ **ਸਮੇਂ** ਚੋਰ ਆਇਆ, ਮੈਂ ਘੂਕ ਸੁੱਤਾ ਪਿਆ ਸੀ। (ਸਮਾਂ)

4) ਜਿਸ **ਸਥਾਨ** ਤੇ ਬੱਚਾ ਗਿਆ, ਬਹੁਤ ਡਰਾਉਣਾ ਸੀ। (ਸਥਾਨ)

[19] ਨੰਬਰ ਦੀਆਂ ਵਾਕ-ਵੰਨਗੀਆਂ ਵਿੱਚ ਪਹਿਲੇ ਵਾਕ ਵਿੱਚ X-ਸ੍ਰੇਣੀ ਭਾਵ ਨਿਰਕਾਰਜੀ ਸ੍ਰੇਣੀ ਦੇ ਨਾਂਵ ਵਾਕੰਸ਼ **ਅੱਤਵਾਦੀ** ਦੂਜੇ ਵਾਕ ਵਿੱਚ ਵਿਉਤਪੰਨ ਕਰਤਾ **ਸ਼ਹਿਰ,** ਤੀਜੇ ਵਾਕ ਵਿੱਚ **ਸਮਾਂ**, ਅਤੇ ਚੌਥੇ ਵਾਕ ਵਿੰਚ **ਸਥਾਨ** ਨੂੰ ਸਬੰਧਵਾਚੀਕ੍ਰਿਤ ਕੀਤਾ ਗਿਆ ਹੈ। ਇਸ ਦਾ ਅਰਥ ਇਹ ਹੋਇਆ ਕਿ ਪੰਜਾਬੀ ਵਿੱਚ ਅਕੇਂਦਰੀ ਵਿਆਕਰਨਿਕ ਸੰਬੰਧਾਂ ਦਾ ਵੀ ਸਬੰਧਵਾਚੀਕਰਨ ਹੋ ਸਕਦਾ ਹੈ।

ਇਨ੍ਹਾਂ ਪ੍ਰਮਾਣਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਦੀ ਵਾਕ ਜੁਗਤ ਵਿੱਚ ਸੰਬੰਧਕੀ-ਕ੍ਰਮ ਦੇ ਸਾਰੇ ਵਿਆਕਰਨਿਕ ਸੰਬੰਧ ਹੀ ਸਬੰਧਵਾਚੀਕ੍ਰਿਤ ਹੋ ਸਕਦੇ ਹਨ।


1.1.6.3 ਸਬੰਧਵਾਚੀ ਉਪਵਾਕ ਅਤੇ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼ ਦੀ ਸਥਿਤੀ

ਉਪਰ [18] ਅਤੇ [19] ਨੰਬਰ ਵਿੱਚ ਜੋ ਵਾਕ ਪੇਸ਼ ਕੀਤੇ ਗਏ ਹਨ ਉਨ੍ਹਾਂ ਵਿੱਚੋਂ [18] ਨੰਬਰ ਦੇ ਤੀਜੇ ਵਾਕ ਨੂੰ ਛੱਡ ਕੇ, ਬਾਕੀ ਸਾਰਿਆਂ ਵਿੱਚ ਸਬੰਧਵਾਚੀ ਉਪਵਾਕ ਪੂਰੇ ਵਾਕ ਵਿੱਚ ਕਰਤਾ ਦਾ ਕਾਰਜ ਕਰਦਾ ਹੈ ਅਰਥਾਤ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼ ਮੁੱਖ ਵਾਕ ਦਾ ਕਰਤਾ ਹੈ ਅਤੇ ਸਬੰਧਵਾਚੀ ਉਪਵਾਕ ਉਸ ਨਾਂਵ ਵਾਕੰਸ਼ ਦੀ ਵਿਸ਼ੇਸ਼ਤਾ ਦੱਸਦਾ ਹੈ। ਇਥੇ ਨਾਂਵ ਵਾਕੰਸ਼ ਅਤੇ ਸਬੰਧਵਾਚੀ ਉਪਵਾਕ ਮਿਲ ਕੇ , ਪੂਰੇ ਵਾਕ ਵਿੱਚ ਕਰਤਾ ਦਾ ਸਥਾਨ ਹਾਸਿਲ ਕਰਦੇ ਹਨ। ਇਸ ਸਥਿਤੀ ਨੂੰ ਹੇਠਾਂ

X-ਸ੍ਰੇਣੀ ਦਾ ਸੰਕੇਤ ਵਾਧੂ ਸੰਬੰਧਾਂ ਲਈ ਵਰਤਿਆ ਗਿਆ ਹੈ।ਸਬੰਧਕੀ ਵਿਆਕਰਨ ਵਿਚ ਇਸ ਲਈ (Chomeur) ਸ਼ੋਮਿਓਰ ਸ਼ਬਦ ਵੀ ਵਰਤਿਆ ਗਿਆ ਹੈ।ਇਹ ਫਰਾਂਸੀਸੀ ਸ਼ਬਦ ਹੈ ਜਿਸ ਦਾ ਅਰਥ ਬੇਰੁਜ਼ਗਾਰ ਹੈ।ਅਸੀਂ ਇਸ ਨੂੰ ਨਿਰਕਾਰਜੀ ਸੰਬੰਧ ਦਾ ਨਾਮ ਦਿੱਤਾ ਹੈ।ਨਿਰਕਾਰਜੀ ਸੰਬੰਧਾਂ ਦਾ ਕਿਰਿਆ ਨਾਲ ਮੇਲ ਨਹੀਂ ਹੁੰਦਾ।

ਆਰੇਖ ਨੰਬਰ [20] ਰਾਹੀਂ ਆਰੇਖਿਤ ਕੀਤਾ ਗਿਆ ਹੈ :

[20]



ਸਬੰਧਕੀ ਵਿਆਕਰਨ ਵਿੱਚ ਅਜਿਹੇ ਸਬੰਧਵਾਚੀ ਉਪਵਾਕਾਂ ਨੂੰ ਕਰਤਾ ਸਬੰਧਵਾਚੀ ਉਪਵਾਕ ਕਿਹਾ ਗਿਆ ਹੈ। ਕਰਤਾ ਸਬੰਧਵਾਚੀ ਉਪਵਾਕਾਂ ਵਿੱਚ ਸਬੰਧਵਾਚੀਕਰਨ ਨੇਮ ਅਕਰਤਾ (Non Subject) ਸੰਬੰਧਾਂ ਨਾਲ ਕਰਤਾ ਸੰਬੰਧ ਵਿਉਤਪੰਨ ਕਰਦਾ ਹੈ। ਜਿਵੇਂ [18] ਦੇ ਦੂਜੇ ਵਾਕ **ਅਧਿਆਪਕ ਨੇ ਮੈਨੂੰ ਕਿਤਾਬ ਦਿੱਤੀ** ਦਾ ਮੁੱਖ ਕਰਮ ਅਤੇ ਤੀਜੇ ਵਾਕ ਵਿੱਚ **ਲੋਕਾਂ ਨੇ ਅਫ਼ਸਰ ਨੂੰ ਪੈਸੇ ਦਿੱਤੇ** ਦਾ ਗੌਣ ਕਰਮ ਕਰਤਾ ਸਬੰਧਵਾਚੀ ਉਪਵਾਕ ਵਿੱਚ ਕਰਤਾ ਦਾ ਸਥਾਨ ਹਾਸਿਲ ਕਰਦਾ ਹੈ। ਜਿਨ੍ਹਾਂ ਵਾਕਾਂ ਵਿੱਚ (ਜਿਵੇਂ 18-1 ਵਿੱਚ) ਸਬੰਧਵਾਚੀਕ੍ਰਿਤ ਨਾਂਵ ਵਾਕੰਸ਼ ਕਰਤਾ ਹੈ, ਉਨ੍ਹਾਂ ਵਿੱਚ ਸਬੰਧਵਾਚੀਕਰਨ ਨੇਮ ਲਾਗੂ ਹੋਣ ਨਾਲ ਇਹ ਪ੍ਰਕਿਰਿਆ (ਅਕਰਤਾ ⟶ ਕਰਤਾ) ਲਾਗੂ ਨਹੀਂ ਹੁੰਦੀ। [19] ਦਾ ਪਹਿਲਾ ਅਤੇ ਦੂਜਾ ਵਾਕ ਵੇਖੀਏ ਤਾਂ ਪਤਾ ਲਗਦਾ ਹੈ ਕਿ ਅਕਰਤਰੀਵਾਚੀ ਨੇਮ ਪਹਿਲੇ ਨਾਂਵ ਵਾਕੰਸ਼ ਨੂੰ ਜਾਂ ਤਾਂ X-ਸ਼੍ਰੇਣੀ ਦਾ ਕਰ ਦਿੰਦਾ ਹੈ। ਵਾਕ [19-1 ਵਿੱਚ] ਜਾਂ **ਨਵਾਂ** ਕਰਤਾ ਵਿਉਤਪੰਨ ਕਰਦਾ ਹੈ।[X-ਵਾਕ 19-2 ਵਿੱਚ] ਅਤੇ ਫਿਰ X-ਸ਼੍ਰੇਣੀ ਦਾ ਨਾਂਵ ਵਾਕੰਸ਼ ਜਾਂ ਵਿਉਤਪੰਨ ਕਰਤਾ, ਨਾਂਵ ਵਾਕੰਸ਼ ਉਤੇ ਸਬੰਧਵਾਚੀਕਰਨ ਨੇਮ ਲਾਗੂ ਹੁੰਦਾ ਹੈ ਅਤੇ ਫਿਰ ਦੋਵੇਂ (X-ਸ਼੍ਰੇਣੀ ਦੇ ਨਾਂਵ ਵਾਕੰਸ਼, ਵਿਉਤਪੰਨ ਕਰਤਾ) ਪੂਰੇ ਵਾਕ ਵਿੱਚ ਕਰਤਾ ਦਾ ਸਥਾਨ ਹਾਸਿਲ ਕਰਦੇ ਹਨ।

ਉਪਰੋਕਤ (1.1.6.3) ਵਿਸ਼ਲੇਸ਼ਣ ਵਿੱਚ ਅਸੀਂ ਜੋ ਵਾਕ ਵੇਖੇ ਹਨ, ਉਨ੍ਹਾਂ ਵਿੱਚ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼, ਪੂਰੇ ਜਾਂ ਸਮੁੱਚੇ ਵਾਕ ਵਿੱਚ ਕਰਤਾ ਦਾ ਕਾਰਜ ਕਰਦਾ ਹੈ ਅਤੇ ਅਕਰਤਾ ਨਾਂਵ ਵਾਕੰਸ਼ ਵੀ ਕਰਤਾ ਦਾ ਸਥਾਨ ਹਾਸਿਲ ਕਰਦਾ ਹੈ। ਪਰ ਪੰਜਾਬੀ ਭਾਸ਼ਾ ਵਿੱਚ ਕੁਝ ਵਾਕਾਂ ਵਿੱਚ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼ ਸਮੁੱਚੇ ਵਾਕ ਵਿੱਚ ਕਰਤਾ ਤੋਂ ਇਲਾਵਾ ਹੋਰ ਵਿਆਕਰਨਿਕ ਸੰਬੰਧ ਵੀ ਹਾਸਿਲ ਕਰ ਲੈਂਦਾ ਹੈ। ਪ੍ਰਮਾਣ ਸਰੂਪ ਹੇਠਾਂ [21] ਨੰਬਰ ਵਿੱਚ ਵਾਕ ਪੇਸ਼ ਹਨ :

[21] 1) ਮੈਂ ਉਸ **ਘੜੀ** ਦੀ ਵਰਤੋਂ ਕਰ ਰਿਹਾ ਹਾਂ, ਜੋ ਤੂੰ ਮੇਰੇ ਲਈ ਲਿਆਇਆ ਸੀ।

2) ਕੁੜੀ ਨੇ ਮੁੰਡੇ ਨੂੰ **ਉਹ ਕਿਤਾਬ ਦਿੱਤੀ**, ਜੋ ਅਧਿਆਪਕ ਨੇ ਉਸ ਨੂੰ ਦਿੱਤੀ ਸੀ।

3) ਮੁੰਡੇ ਨੇ ਕੁੜੀ ਨੂੰ **ਚਿੱਠੀ ਦਿੱਤੀ**, ਜੋ ਅੰਦਰ ਲੁਕੀ ਖੜ੍ਹੀ ਸੀ।

[21-1] ਵਾਕ ਵਿੱਚ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼,ਉਪਵਾਕ ਵਿੱਚ ਕਰਮ ਵਜੋਂ ਵਿਚਰ ਰਿਹਾ ਹੈ ਅਤੇ ਸਮੁੱਚੇ ਵਾਕ ਵਿੱਚ ਵੀ ਉਹ ਕਰਮ ਹੈ। [21-2 ਅਤੇ 3] ਵਿੱਚ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼, ਉਪਵਾਕ ਵਿੱਚ ਕ੍ਰਮਵਾਰ ਅਤੇ ਕਰਤਾ ਵਜੋਂ ਵਿਚਰ ਰਿਹਾ ਹੈ ਅਤੇ ਪੂਰੇ ਵਾਕ ਵਿਚ ਵੀ ਉਹ ਕ੍ਰਮਵਾਰ ਮੁੱਖ ਕ੍ਰਮ ਅਤੇ ਗੌਣ ਕਰਮ ਵਜੋਂ ਵਿਚਰਦਾ ਹੈ।

1.1.7. ਸਾਰ

ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਵਿਸ਼ਵ ਦੀਆਂ ਹੋਰਨਾਂ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਵਿੱਚ ਦੀ ਵਾਕ ਜੁਗਤ ਵਿੱਚ ਵੀ ਸਬੰਧਵਾਚੀਕਰਨ ਨੇਮ ਕਾਰਜਸ਼ੀਲ ਹੈ। ਪਰ ਪੰਜਾਬੀ ਭਾਸ਼ਾ ਵਿੱਚ ਇਸ ਨੇਮ ਦੇ ਸਰੂਪ ਦੀਆਂ ਆਪਣੀਆਂ ਵਿਲੱਖਣਤਾਵਾਂ ਵੀ ਹਨ। ਪਹਿਲੀ ਵਿਲੱਖਣਤਾ ਤਾਂ ਇਹ ਹੈ ਕਿ ਪੰਜਾਬੀ ਵਿੱਚ ਸਬੰਧਵਾਚੀਕ੍ਰਿਤ ਨਾਂਵ ਵਾਕੰਸ਼ ਨਾਲ **ਜੋ** ਸਬੰਧਵਾਚੀ ਪੜਨਾਂਵ ਯੁਕਤ ਸੰਬੰਧਵਾਚੀ ਉਪਵਾਕ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਦੇ ਨਾਲ ਹੀ **ਉਹ** ਪੜਨਾਂਵ ਦੀ ਵਰਤੋਂ ਜਰੂਰੀ ਜਾਂ ਇਖ਼ਤਿਆਰੀ ਰੂਪ ਵਿੱਚ ਹੁੰਦੀ ਹੈ। ਜੇ ਕਿਤੇ ਜਰੂਰੀ ਵਰਤੋਂ ਵਾਲੇ ਵਾਕਾਂ ਦੀ ਬਾਹਰੀ ਬਣਤਰ ਵਿੱਚ **ਉਹ** ਪੜਨਾਂਵ ਦੀ ਵਰਤੋਂ ਨਾ ਕੀਤੀ ਗਈ ਹੋਵੇ ਤਾਂ ਇਸ ਪੜਨਾਂਵ ਦੀ ਹੋਂਦ ਭਾਵ ਬਣਤਰ ਵਿੱਚ ਬਰਕਰਾਰ ਰਹਿੰਦੀ ਹੈ। ਇਸੇ ਤਰ੍ਹਾਂ **ਜੋ** ਮੁਕਤ ਬਣਤਰਾਂ ਪੰਜਾਬੀ ਦੇ ਸੁਭਾਵਕ ਸਰੂਪ ਦੀਆਂ ਲਖਾਇਕ ਹਨ। **ਜੋ** ਯੁਕਤ ਬਣਤਰਾਂ ਤਾਂ ਅੰਗਰੇਜ਼ੀ ਪ੍ਰਭਾਵ ਦਾ ਸਿੱਟਾ ਹਨ। ਪੰਜਾਬੀ ਵਾਕ ਜੁਗਤ ਵਿੱਚ **ਜੋ**

ਅਤੇ **ਉਹ** ਦਾ ਸਥਾਨ ਵੀ ਸਥਿਰ ਨਹੀਂ ਹੈ ਭਾਵ ਵਾਕ-ਕ੍ਰਮ ਵਿੱਚ ਇਨ੍ਹਾਂ ਦਾ ਸਥਾਨ ਬਦਲਦਾ ਰਹਿੰਦਾ ਹੈ। ਇਸੇ ਕਰਕੇ ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿੱਚ ਸਬੰਧਵਾਚੀ ਉਪਵਾਕਾਂ ਦਾ ਸਥਾਨ ਵੀ ਨਿਸਚਿਤ ਨਹੀਂ ਹੈ। ਇਹ ਪੂਰੇ ਵਾਕ ਦੇ ਆਦਿ, ਮੱਧ ਅਤੇ ਅੰਤ, ਤਿੰਨਾਂ ਸਥਾਨਾਂ ਤੇ ਹੀ ਵਿਚਰ ਸਕਦੇ ਹਨ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਕੁਝ ਰੂੜੀਗਤ ਵਾਕਾਂ ਵਿਚ **ਸੋ** ਤੱਤ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਜਿਥੋਂ ਤੱਕ ਸਬੰਧਕੀ-ਕ੍ਰਮ ਵਿੱਚੋਂ ਵਿਭਿੰਨ ਵਿਆਕਰਨਿਕ ਸੰਬੰਧਾਂ ਦੇ ਸਬੰਧਵਾਚੀਕਰਨ ਹੋਣ ਦਾ ਸੁਆਲ ਹੈ, ਉਸ ਪੱਖੋਂ ਵੀ ਪੰਜਾਬੀ ਭਾਸ਼ਾ ਵਿਲੱਖਣਤਾ ਦੀ ਧਾਰਨੀ ਹੈ ਕਿਉਂਕਿ ਪੰਜਾਬੀ ਵਾਕ ਬਣਤਰ ਦੇ ਸਾਰੇ ਵਿਆਕਰਨਿਕ ਸੰਬੰਧਾਂ ਦਾ ਹੀ ਸਬੰਧਵਾਚੀਕਰਨ ਹੋ ਸਕਦਾ ਹੈ ਅਤੇ ਇਸ ਸਬੰਧਨ-ਪ੍ਰਕਿਰਿਆ ਵਿਚ ਸਬੰਧਵਾਚੀਕਰਨ ਨੇਮ ਪੰਜਾਬੀ ਦੇ ਅਕਰਤਾ ਵਿਆਕਰਨਿਕ ਸੰਬੰਧਾਂ ਨੂੰ ਕਰਤਾ ਵਿੱਚ ਅਤੇ ਕਰਤਾ, ਮੁੱਖ ਕਰਮ ਆਦਿ ਵਿਆਕਰਨਿਕ ਸੰਬੰਧਾਂ ਨੂੰ ਕਰਤਾ ਤੋਂ ਇਲਾਵਾ ਹੋਰ (ਗੌਣ) ਵਿਆਕਰਨਿਕ ਸੰਬੰਧਾਂ ਵਿੱਚ ਬਦਲ ਦਿੰਦਾ ਹੈ।

1.2. ਪ੍ਰੇਰਨਾਰਥਕ ਵਾਕ

1.2.1 ਪਿਛੋਕੜ

ਚੌਮਸਕੀ ਅਤੇ ਉਤਰ-ਚੌਮਸਕੀ ਭਾਸ਼ਾ ਅਧਿਅਨ ਮਾਡਲਾਂ ਵਿਚ ਪ੍ਰੇਰਨਾਰਥਕ ਵਾਕਾਂ ਉਤੇ ਖਾਸਾ ਹੀ ਧਿਆਨ ਕੇਂਦਰਿਤ ਕੀਤਾ ਗਿਆ ਹੈ।ਪਾਮਰ (1994 : 214) ਅਨੁਸਾਰ ਇਸ ਦਾ ਕਾਰਨ ਇਹ ਹੈ ਕਿ ਵਿਸ਼ਵ ਦੀਆਂ ਬਹੁਤੀਆਂ ਭਾਸ਼ਾਵਾਂ ਪ੍ਰੇਰਨਾਰਥਕਤਾ ਦੇ ਭਾਵ ਨੂੰ ਪ੍ਰਗਟਾਉਣ ਲਈ ਵਿਭਿੰਨ-ਭਾਂਤੀ ਭਾਸ਼ਕ ਜੁਗਤ ਰੱਖਦੀਆਂ ਹਨ।ਇਸੇ ਕਾਰਨ ਸ਼ਿਬਾਤਨੀ (1976), ਮਾਰਾਂਚ (1984) ਅਤੇ ਸਾਂਗ (1991) ਆਦਿ ਭਾਸ਼ਾ-ਚਿੰਤਕਾਂ ਨੇ ਪ੍ਰੇਰਨਾਰਥਕ ਵਾਕਾਂ ਨੂੰ ਆਪੋ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ।ਪਰ ਜਦੋਂ ਅਸੀਂ ਹੁਣ ਤੱਕ ਲਿਖੇ ਗਏ ਪੰਜਾਬੀ ਵਿਆਕਰਨਾਂ ਅਤੇ ਪੰਜਾਬੀ ਭਾਸ਼ਾਵਿਗਿਆਨ ਦੇ ਖੇਤਰ ਵਿਚ ਹੋਈ ਖੋਜ ਉਪਰ ਨਜ਼ਰ ਮਾਰਦੇ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਪ੍ਰੇਰਨਾਰਥਕ ਵਾਕ ਅਣਗੌਲਿਆ ਵਿਸ਼ਾ ਹੀ ਰਿਹਾ ਹੈ।ਪੰਜਾਬੀ ਭਾਸ਼ਾ ਦੇ ਵਿਆਕਰਨਾਂ ਵਿਚੋਂ 'ਲਿਖ' ਤੋਂ 'ਲਿਖਵਾਣਾ' ਆਦਿ ਕਿਰਿਆ ਰੂਪ ਕਿਵੇਂ ਬਣਦੇ ਹਨ, ਇਸ ਦੀ ਚਰਚਾ ਕੀਤੀ ਤਾਂ ਮਿਲਦੀ ਹੈ ਪਰ ਇਨ੍ਹਾਂ ਪ੍ਰੇਰਨਾਰਥਕ ਕਿਰਿਆਵਾਂ ਦੀ ਜਿਨ੍ਹਾਂ ਵਾਕਾਂ ਵਿਚ ਵਰਤੋਂ ਹੁੰਦੀ ਹੈ, ਉਨ੍ਹਾਂ ਦੀ ਬਣਤਰ ਕਿਹੋ ਜਿਹੀ ਹੁੰਦੀ ਹੈ ਅਤੇ ਉਨ੍ਹਾਂ ਵਾਕਾਂ ਵਿਚ ਵਿਆਕਰਨਿਕ ਸੰਬੰਧ

ਪਰਸਪਰ ਕਾਰਜ ਕਿਵੇਂ ਕਰਦੇ ਹਨ ਆਦਿ ਵਾਕਾਤਮਿਕ ਸਬੰਧਨ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਿਤੇ ਵੀ ਕੀਤਾ ਨਹੀਂ ਮਿਲਦਾ।

1.2.2 ਪਰਿਭਾਸ਼ਾ ਅਤੇ ਸਰੂਪ

ਉਂਜ ਤਾਂ ਪ੍ਰੇਰਨਾਰਥਕ ਕਿਰਿਆ-ਰੂਪ ਮੁੱਖ ਕਿਰਿਆ ਦਾ ਅੰਸ਼ ਹੀ ਹੁੰਦਾ ਹੈ ਪਰ ਵਾਕ ਬਣਤਰ ਵਿਚ ਪ੍ਰੇਰਨਾਰਥਕ ਕਿਰਿਆ ਦਾ ਅਭਿਕਰਤਾ (agent) ਕਿਸੇ ਦੂਜੇ ਤੋਂ ਪ੍ਰੇਰਿਤ ਹੋ ਕੇ ਕਾਰਜ ਕਰਦਾ ਹੈ।ਇਸ ਲਈ ਜਿਸ ਵਾਕ ਵਿਚ ਪ੍ਰੇਰਨਾਰਥਕ ਕਿਰਿਆ ਦੀ ਵਰਤੋਂ ਹੁੰਦੀ ਹੈ, ਉਸ ਵਾਕ ਨੂੰ ਪ੍ਰੇਰਨਾਰਥਕ ਵਾਕ ਕਿਹਾ ਜਾਂਦਾ ਹੈ।ਪੰਜਾਬੀ-ਹਿੰਦੀ ਆਦਿ ਭਾਰਤੀ-ਭਾਸ਼ਾਵਾਂ ਵਿਚ ਪ੍ਰੇਰਨਾਰਥਕ ਦਾ ਮੂਲ ਅਰਥ ਕਰਤਾ ਨੂੰ ਕਿਸੇ ਕਾਰਜ ਲਈ ਪ੍ਰੇਰਿਤ ਕਰਨਾ ਹੈ।ਦੁਨੀ ਚੰਦਰ (1964 : 108) ਅਨੁਸਾਰ, "ਜਿਸ ਕਿਰਿਆ ਦਾ ਕਰਤਾ ਆਪ ਉਸ ਕੰਮ ਨੂੰ ਨਹੀਂ ਕਰਦਾ, ਕਿਸੇ ਦੂਜੇ ਕੋਲੋਂ ਇਹ ਕੰਮ ਕਰਾਉਂਦਾ ਹੈ ਜਾਂ ਕਰਾਉਣ ਦੀ ਪ੍ਰੇਰਨਾ ਕਰਦਾ ਹੈ, ਉਸ ਕਿਰਿਆ ਨੂੰ ਪ੍ਰੇਰਨਾਰਥਕ ਕਿਰਿਆ ਕਹਿੰਦੇ ਹਨ।" ਪਰ ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਸਥਿਤੀ ਵੱਖਰੀ ਹੈ।ਕ੍ਰਿਸ਼ਨਾ ਮੂਰਤੀ (1971 : 18-19) ਅਨੁਸਾਰ, "ਅੰਗਰੇਜ਼ੀ ਵਿਚ ਜਦ ਕੋਈ ਕਿਰਿਆ + Action ਨੂੰ instigate ਕਰੇ ਜਾਂ +process ਨੂੰ initiate ਕਰੇ ਤਾਂ ਉਹ ਵਾਕ ਬਣਤਰ ਪ੍ਰੇਰਨਾਰਥਕ ਕਹਿਲਾਵੇਗੀ।" ਇਸ ਦ੍ਰਿਸ਼ਟੀਕੋਣ ਅਨੁਸਾਰ 'ਮਜ਼ਦੂਰ ਮਕਾਨ ਬਣਾਉਂਦੇ ਹਨ' ਵਰਗੇ ਵਾਕ ਵੀ ਪ੍ਰੇਰਨਾਰਥਕ ਹੁੰਦੇ ਹਨ।ਭਾਰਤੀ ਦ੍ਰਿਸ਼ਟੀਕੋਣ (ਮਹਾਜਨ 1986 :192) ਅਨੁਸਾਰ, " ਇਸ ਵਾਕ ਨੂੰ ਸਕਰਮਕ ਕਿਹਾ ਜਾਵੇਗਾ ਕਿਉਂਕਿ ਪ੍ਰੇਰਨਾਰਥਕ ਵਾਕ ਦਾ ਕਰਤਾ ਅਤੇ ਕਰਮ (ਪ੍ਰੇਰਿਕ ਅਤੇ ਪ੍ਰੇਰਿਤ) ਦੋਹਾਂ ਦਾ ਸਜੀਵ ਹੋਣਾ ਜ਼ਰੂਰੀ ਹੈ।ਲਾਇਨਜ਼ (168 : 359) ਤਾਂ ਅੰਗਰੇਜ਼ੀ ਭਾਸ਼ਾ ਦੇ ਸੰਦਰਭ ਵਿਚ ਵੀ ਅਜਿਹਾ ਹੀ ਮਹਿਸੂਸ ਕਰਦਾ ਹੈ।ਭਾਰਤੀ ਚਿੰਤਕਾਂ ਅਨੁਸਾਰ ਸਜੀਵ ਕਰਤਾ ਹੀ ਕਿਸੇ ਕਾਰਜ ਲਈ ਪ੍ਰੇਰਨਾ ਦੇ ਸਕਦਾ ਹੈ ਅਤੇ ਸਜੀਵ ਕਰਮ ਹੀ ਪ੍ਰੇਰਨਾ ਹਾਸਲ ਕਰ ਸਕਦਾ ਹੈ।ਉਪਰੋਕਤ ਵਾਕ ਵਿਚ 'ਮਜ਼ਦੂਰ' ਸਜੀਵ ਕਰਤਾ ਹੈ ਪਰ ਪ੍ਰੇਰਨਾ ਹਾਸਲ ਕਰਨ ਵਾਲਾ 'ਮਕਾਨ' ਨਿਰਜੀਵ ਹੈ।ਅਸਲ ਵਿਚ ਅੰਗਰੇਜ਼ੀ ਵਿਚ ਪ੍ਰੇਰਨਾਰਥਕ ਲਈ Causative ਸ਼ਬਦ ਵਰਤਿਆ ਜਾਂਦਾ ਹੈ ਅਰਥਾਤ ਉਥੇ Cause ਨੂੰ ਵੀ ਪ੍ਰੇਰਨਾ ਮੰਨਿਆਂ ਜਾਂਦਾ ਹੈ।ਇਸ ਆਧਾਰ 'ਤੇ ਹੀ ਉਕਤ ਵਾਕ ਪ੍ਰੇਰਨਾਰਥਕ ਹੈ।

ਪ੍ਰੇਰਨਾਰਥਕ ਵਾਕਾਂ ਦਾ ਪਰਿਭਾਸ਼ਕ ਵਿਸ਼ਲੇਸ਼ਣ ਕਰਦਿਆਂ ਇਹ ਸੁਆਲ ਵੀ ਪੈਦਾ ਹੁੰਦਾ ਹੈ ਕਿ ਇਹ ਸਧਾਰਨ ਵਾਕ ਹਨ ਜਾਂ ਮਿਸ਼ਰਤ।ਕਾਚਰੂ (1973) ਨੇ

ਲੈਂਗੇਡਿਅਨ (1969) ਦਾ ਅਨੁਸਰਣ ਕਰਦਿਆਂ ਹਿੰਦੀ ਭਾਸ਼ਾ ਦੇ ਪ੍ਰੇਰਨਾਰਥਕ ਵਾਕਾਂ ਨੂੰ ਮਿਸ਼ਰਤ ਵਾਕ ਮੰਨਿਆਂ ਹੈ।ਇਸ ਪ੍ਰਸੰਗ ਵਿਚ ਲੈਂਗਡਿਅਨ ਨੇ ਹੇਠ ਲਿਖੇ ਵਾਕ ਵਿਚਾਰੇ ਹਨ :

[1] 1) The tree shook

2) The boy shook the tree.

3) The boy casued the tree to shook.

ਲੈਂਗੇਡਿਅਨ (1–2) ਵਾਕ ਦੇ ਵਿਚ ਪ੍ਰੇਰਨਾਰਥਕ ਅੰਸ਼ ਸਵੀਕਾਰ ਕਰਦਾ ਹੈ ਕਿਉਂਕਿ ਇਹ (1–3) ਵਾਕ ਤੋਂ ਵਿਉਂਤਪੰਨ ਹੋਇਆ ਹੈ।ਪਰ ਫਿਲਮੋਰ (1968) ਇਸ ਭਾਂਤ ਦੇ ਵਾਕਾਂ ਨੂੰ ਸਧਾਰਨ ਵਾਕ ਹੀ ਤਸੱਵਰ ਕਰਦਾ ਹੈ।ਲਕਸ਼ਮੀ ਬਾਈ (1973) ਨੇ ਫਿਲਮੋਰ ਦੇ ਕਾਰਕ ਵਿਆਕਰਨ ਅਨੁਸਾਰ ਹੀ ਹਿੰਦੀ ਭਾਸ਼ਾ ਦੇ ਪ੍ਰੇਰਨਾਰਥਕ ਵਾਕਾਂ ਨੂੰ ਸਧਾਰਨ ਵੰਨਗੀ ਦੇ ਵਾਕ ਮੰਨਿਆਂ ਹੈ।ਦੂਜੇ ਪਾਸੇ ਕਾਮਰੀ (1976 : 262) ਨੇ ਪ੍ਰੇਰਨਾਰਥਕ ਵਾਕਾਂ ਨੂੰ ਮਿਸ਼ਰਿਤ ਜਾਂ ਧਾਰਿਕ (Matrix) ਵਾਕ ਮੰਨਿਆਂ ਹੈ।ਅਸਲ ਵਿਚ ਪ੍ਰੇਰਨਾਰਥਕ ਵਾਕਾਂ ਦੇ ਸਰੂਪ ਨੂੰ ਬਣਤਰ, ਕਾਰਜ ਅਤੇ ਅਰਥ ਦੇ ਆਧਾਰ ਉਤੇ ਹੀ ਸਮਝਣਾ ਬੇਹਤਰ ਹੈ।ਬਾਵਰਸ (1981 : 11) ਅਨੁਸਾਰ 'ਭਾਸ਼ਾ ਵਿਚ ਇਹ ਅਵੰਡ ਹਨ'।ਇਸੇ ਦ੍ਰਿਸ਼ਟੀ ਤੋਂ ਸਬੰਧਕੀ ਵਿਆਕਰਨ ਵਿਚ ਪ੍ਰੇਰਨਾਰਥਕ ਵਾਕਾਂ ਨੂੰ ਧਾਰਿਕ (Matrix) ਵਾਕ ਹੀ ਸਵੀਕਾਰ ਕੀਤਾ ਗਿਆ ਹੈ, ਕਿਉਂਕਿ ਇਨ੍ਹਾਂ ਦੀ ਭਾਵ ਬਣਤਰ (deep structure) ਵਿਚ ਦੋ ਕਾਰਜ ਪਰਸਪਰ ਕਾਰਜਸ਼ੀਲ ਰਹਿੰਦੇ ਹਨ।ਮਿਸਾਲ ਦੇ ਤੌਰ ਤੇ 'ਮਾਂ ਬੱਚੇ ਨੂੰ ਸੁਆ ਰਹੀ' ਹੈ।ਵਾਕ ਦੀ ਭਾਵ ਬਣਤਰ ਵਿਚ ਹੇਠ ਲਿਖੇ ਦੋ ਕਾਰਜ ਹੋ ਰਹੇ ਹਨ :

[2] *1) ਬੱਚਾ ਸੌਂ ਰਿਹਾ ਹੈ।*

2) ਮਾਂ ਬੱਚੇ ਨੂੰ ਸੁਆ ਰਹੀ ਹੈ।

ਇਥੇ ਮਾਂ ਦੁਆਰਾ 'ਸੌਣ' ਦੀ ਪ੍ਰੇਰਨਾ ਦੇਣ ਵਿਚ ਉਸ ਦੀ ਲੋਰੀ ਜਾਂ ਥਪਥਪਾਣ ਦੀ ਕਿਰਿਆ ਵੀ ਸਹਿਭਾਗੀ ਹੈ।ਇਸ ਲਈ ਇਸ ਵਾਕ ਦੀ ਬਣਤਰ ਹੇਠ ਲਿਖੇ ਅਨੁਸਾਰ ਬਣਦੀ ਹੈ :

+ਪ੍ਰੇਰਨਾ


[3] ਪ੍ਰੇਰਕ (ਮਾਂ)............ ਲਕਸ਼ (ਬੱਚਾ).............ਬੱਚੇ ਨੂੰ

(ਸਹਿਭਾਗੀ)

ਮੂਲ ਧਾਤੂ (ਸੌਂ) + ਪ੍ਰੇਰਨਾ............ਪ੍ਰਥਮ ਪ੍ਰੇਰਨਾਰਥਕ ਰੂਪ (ਸੁਆ)

ਆਰੇਖ (4) ਦੁਆਰਾ ਇਸ ਵਾਕ ਦੀ ਸਥਿਤੀ ਵੱਧ ਸਪੱਸ਼ਟ ਹੁੰਦੀ ਹੈ :

[4]



1.2.3 ਵਰਗ

ਪ੍ਰੇਰਨਾਰਥਕ ਵਾਕਾਂ ਵਿਚ ਜੋ ਪ੍ਰੇਰਨਾਰਥਕਤਾ ਪਾਈ ਜਾਂਦੀ ਹੈ, ਉਸ ਦੀਆਂ ਪਾਮਰ (1994) ਨੇ ਤਿੰਨ ਕਿਸਮਾਂ ਅੰਕੀਆਂ ਹਨ : ਪੈਰੀਫ੍ਰੇਸਟਿਕ, ਕੋਸ਼ਕੀ ਅਤੇ ਵਿਉਤਪਤ।

1.2.3 ਪੈਰੀਫ੍ਰੇਸਟਿਕ (Periphrastic) : ਇਸ ਵਰਗ ਦੀ ਪ੍ਰੇਰਨਾਰਥਕਤਾ ਉਥੇ ਪਾਈ ਜਾਂਦੀ ਹੈ, ਜਿਥੇ ਪ੍ਰੇਰਨਾ ਦੇ ਅਰਥ ਲਈ ਕੋਈ ਵੱਖਰਾ/ਵਿਸ਼ੇਸ਼ ਸ਼ਬਦ ਵਰਤਿਆ ਜਾਵੇ। ਜਿਵੇਂ ਅੰਗਰੇਜ਼ੀ ਵਿਚ 'caused', make' get' ਅਤੇ 'do' ਆਦਿ ਸ਼ਬਦ ਵਰਤੇ ਜਾਂਦੇ ਹਨ।

[5] 1) I Caused the boy to run.

2) I made him open the door.

3) He got his house vacated.

4) The boy did such that the parrot flew.

ਪੰਜਾਬੀ ਭਾਸ਼ਾ ਵਿਚ ਇਸ ਭਾਂਤ ਦੀ ਪ੍ਰੇਰਨਾਰਥਕਤਾ ਹੇਠ ਲਿਖੇ ਵਾਕਾਂ ਵਿਚੋਂ ਤਲਾਸ਼ ਕੀਤੀ ਜਾ ਸਕਦੀ ਹੈ :

[6] *1) ਤੇਰੀਆਂ ਚੁਗਲੀਆਂ ਨੇ ਸਾਨੂੰ ਲੜਾ ਦਿੱਤਾ।*

2) ਮੈਂ ਤੇਰੇ ਕਹਿਣ 'ਤੇ ਘਰ ਆਇਆ ਹਾਂ।

3) ਮੁੰਡੇ ਨੇ ਕੁੜੀ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ।

1.2.3.2 ਕੋਸ਼ਕੀ (Lexical) : ਜਿਥੇ ਪ੍ਰੇਰਨਾਰਥਕ ਅਤੇ ਅਪ੍ਰੇਰਾਨਾਰਥਕ ਕਿਰਿਆ ਵਿਚ ਕੋਈ ਰੂਪਗਤ ਸਮਾਨਤਾ ਨਾ ਹੋਵੇ, ਉਸ ਨੂੰ ਕੋਸ਼ਕੀ ਪ੍ਰੇਰਨਾਰਥਕਤਾ ਕਿਹਾ ਗਿਆ ਹੈ।ਮਸਲਨ ਅੰਗਰੇਜ਼ੀ ਭਾਸ਼ਾ ਵਿਚ Kill ਅਤੇ die ਕਿਰਿਆਵਾਂ ਨੂੰ ਲਿਆ ਜਾ ਸਕਦਾ ਹੈ।

[7] 1) Bill died

2) John killed Bill.

ਪੰਜਾਬੀ ਭਾਸ਼ਾ ਵਿਚ 'ਹੋਣਾ' ਅਤੇ 'ਕਰਨਾ' ਕਿਰਿਆਵਾਂ ਇਸ ਦੀਆਂ ਉਦਾਹਰਨਾਂ ਹਨ :

1) ਇਹ ਕੰਮ ਮੇਹਰ ਸਿੰਘ ਤੋ ਹੋਣਾ ਹੈ।

2) ਇਹ ਕੰਮ ਮੇਹਰ ਸਿੰਘ ਨੇ ਕਰਾਉਣਾ/ਕਰਵਾਉਣਾ ਹੈ।

1.2.3.3 ਵਿਉਤਪਤ (derivative) : ਇਸ ਭਾਂਤ ਦੀਆਂ ਪ੍ਰੇਰਨਾਰਥਕ ਕਿਰਿਆਵਾਂ ਦੀ ਅਪ੍ਰੇਰਨਾਰਥਕ ਕਿਰਿਆਵਾਂ ਨਾਲ ਰੂਪਗਤ ਸਮਾਨਤਾ ਹੁੰਦੀ ਹੈ।ਇਸ ਵਰਗ ਦੀ ਪ੍ਰੇਰਨਾਰਥਕਤਾ ਪੰਜਾਬੀ ਭਾਸ਼ਾ ਦੀ ਖਾਸ ਵਿਸ਼ੇਸ਼ਤਾ ਹੈ।

[8] *1) ਭ੍ਰਿਸ਼ਟ ਅਫ਼ਸਰ ਦੀ ਬਦਲੀ ਕਰ ਦਿੱਤੀ ਗਈ।*

2) ਮੰਤਰੀ ਨੇ ਭ੍ਰਿਸ਼ਟ ਅਫ਼ਸਰ ਦੀ ਬਦਲੀ ਕਰਾ ਦਿੱਤੀ।

3) ਲੋਕਾਂ ਨੇ ਮੰਤਰੀ ਤੋਂ ਭ੍ਰਿਸ਼ਟ ਅਫ਼ਸਰ ਦੀ ਬਦਲੀ ਕਰਵਾ ਦਿੱਤੀ।

ਅੰਗਰੇਜ਼ੀ ਭਾਸ਼ਾ ਵਿਚ ਕਿਰਿਆਵਾਂ ਦੀ ਅਜਿਹੀ ਵਰਤੋਂ ਨਹੀਂ ਹੁੰਦੀ।ਅਸਲ ਵਿਚ ਅੰਗਰੇਜ਼ੀ ਭਾਸ਼ਾ ਵਿਚ ਕਿਰਿਆਵਾਂ ਦੀਆਂ ਪਹਿਲੀਆਂ ਦੋਵੇਂ ਵੰਨਗੀਆਂ ਅੰਗਰੇਜ਼ੀ ਭਾਸ਼ਾ ਦੀ ਵਿਸ਼ੇਸ਼ਤਾ ਹੈ ਅਤੇ ਪੰਜਾਬੀ/ਹਿੰਦੀ ਆਦਿ ਭਾਸ਼ਾਵਾਂ ਵਿਚ ਵਿਉਤਪਤ ਪ੍ਰੇਰਨਾਰਥਕਤਾ ਦੀ ਵਰਤੋਂ ਹੀ ਸਹੀ ਅਰਥਾਂ ਵਿਚ ਹੁੰਦੀ ਹੈ।ਇਹ ਸਾਡੀਆਂ ਭਾਸ਼ਾਵਾਂ ਦੀ ਹੀ ਵਿਸ਼ੇਸ਼ਤਾ ਹੈ।

1.2.4 ਰੂਪੀਮੀ ਸਰੂਪ

ਪ੍ਰੇਰਨਾਰਥੀਕਰਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਦੀਆਂ ਬਹੁਤੀਆਂ ਕਿਰਿਆਵਾਂ ਤਿੰਨ

ਜਾਂ ਚਾਰ ਰੂਪਾਂ ਵਿਚ ਮਿਲਦੀਆਂ ਹਨ ਅਤੇ ਇਨ੍ਹਾਂ ਦੀ ਰੂਪ-ਰਚਨਾ ਕਿਰਿਆ ਮੂਲ ਦੇ ਪਿੱਛੇ/-ਆ/ਅਤੇ/-ਵਾ/ ਲਗਾ ਕੇ ਕੀਤੀ ਜਾਂਦੀ ਹੈ :

[9]	1)	ਮੁੜ	ਮੋੜ	ਮੁੜਾ	ਮੁੜਵਾ
	2)	ਕਰ	ਕਰਾ	ਕਰਵਾ	

ਇਹ ਕਿਰਿਆ ਰੂਪ ਰੂਪੀਮੀ ਪੱਖ ਤੋਂ ਪਰਸਪਰ ਸੰਬੰਧਿਤ ਹਨ।ਹਰਕੀਰਤ ਸਿੰਘ (1988 : 283-83) ਨੇ ਇਨ੍ਹਾਂ ਨੂੰ ਅਕਰਮਕ ਰੂਪ, ਸਕਰਮਕ ਰੂਪ, ਪ੍ਰੇਰਨਾਰਥਕ ਰੂਪ ਅਤੇ ਦੋਹਰੇ ਪ੍ਰੇਰਨਾਰਥਕ ਰੂਪ ਦੀ ਸੰਗਿਆ ਦਿੱਤੀ ਹੈ।ਅਸੀਂ ਅਪ੍ਰੇਰਨਾਰਥਕ, ਪ੍ਰਤੱਖ ਪ੍ਰੇਰਨਾਰਥਕ ਅਤੇ ਅਪ੍ਰਤੱਖ ਪ੍ਰੇਰਨਾਰਥਕ ਸੰਗਿਆਵਾਂ ਵਰਤੀਆਂ ਹਨ।ਅਪ੍ਰੇਰਨਾਰਥਕ ਕਿਰਿਆ ਰੂਪਾਂ ਨੂੰ ਮੂਲ ਕਿਰਿਆ ਅਤੇ ਦੋਵੇਂ ਪ੍ਰਕਾਰ ਦੀਆਂ ਪ੍ਰੇਰਨਾਰਥਕ ਕਿਰਿਆਵਾਂ ਨੂੰ ਵਿਉਤਪਤ ਕਿਰਿਆ ਰੂਪ (derived stem) ਤਸੱਵਰ ਕੀਤਾ ਹੈ। ਪੰਜਾਬੀ ਭਾਸ਼ਾ ਦੇ ਸੰਦਰਭ ਵਿਚ ਇਥੇ ਦੋ ਨੁਕਤੇ ਕਾਬਲੇਗੌਰ ਹਨ : ਪਹਿਲਾ ਇਹ ਕਿ ਪੰਜਾਬੀ ਦੀਆਂ ਸਾਰੀਆਂ ਕਿਰਿਆਵਾਂ ਦੇ ਪ੍ਰੇਰਨਾਰਥਕ ਰੂਪ ਨਹੀਂ ਬਣਦੇ।ਦੂਜਾ ਨੁਕਤਾ ਇਹ ਕਿ ਹਰੇਕ ਪ੍ਰੇਰਨਾਰਥਕ ਕਿਰਿਆ ਕਿਉਂਕਿ ਸਕਰਮਕ ਹੁੰਦੀ ਹੈ, ਇਸ ਲਈ ਕੁਝ ਹਾਲਤਾਂ ਵਿਚ ਇਹ ਫੈਸਲਾ ਕਰਨਾ ਔਖਾ ਹੋ ਜਾਂਦਾ ਹੈ ਕਿ ਕਿਸੇ ਕਿਰਿਆ ਦਾ/-ਆ/ਅੰਤਕ ਰੂਪ ਸਕਰਮਕ ਹੈ ਜਾਂ ਪ੍ਰੇਰਨਾਰਥਕ।ਪ੍ਰਮਾਣ ਸਰੂਪ 'ਅਸੀਂ ਮਕਾਨ ਬਣਾ ਲਿਆ ਹੈ' ਵਾਕ ਵਿਚ 'ਬਣਾ' ਕਿਰਿਆ/ਆ/ਅੰਤਕ ਹੈ ਪਰ ਇਹ ਪ੍ਰੇਰਨਾਰਥਕ ਨਹੀਂ ਬਲਕਿ ਸਕਰਮਕ ਹੈ।ਇੰਜ ਹੀ ਕੁਝ ਕਿਰਿਆਵਾਂ ਵਿਚ ਪ੍ਰਤੱਖ ਅਤੇ ਅਪ੍ਰਤੱਖ ਕਿਰਿਆ ਦਾ ਅੰਤਰ ਵੀ ਨਹੀਂ ਹੁੰਦਾ।ਜਿਵੇਂ 'ਮਾਂ' ਨੇ ਬੱਚੇ ਨੂੰ ਰੋਟੀ ਖੁਆ ਦਿੱਤੀ' ਜਾਂ 'ਮਾਂ' ਨੇ ਬੱਚੇ ਨੂੰ ਰੋਟੀ ਖਵਾ ਦਿੱਤੀ' ਵਾਕਾਂ ਦੇ ਅਰਥਾਂ ਵਿਚ ਆਮ ਪੰਜਾਬੀ ਕੋਈ ਵਿਸ਼ੇਸ਼ ਫਰਕ ਨਹੀਂ ਕਰਦੇ।ਅਜਿਹੀਆਂ ਸਥਿਤੀਆਂ ਵਿਚ ਪ੍ਰੇਰਨਾਰਥਕਤਾ ਦਾ ਫੈਸਲਾ ਅਰਥ ਜਾਂ ਪ੍ਰਸੰਗ ਨੂੰ ਧਿਆਨ ਵਿਚ ਰੱਖ ਕੇ ਹੀ ਕੀਤਾ ਜਾਂਦਾ ਹੈ।

1.2.5 ਵਾਕ ਸਰੂਪ

ਇਕੋ ਕਿਰਿਆ ਦੇ ਸਾਰੇ ਰੂਪ ਭਾਵੇਂ ਰੂਪੀਮੀ ਦ੍ਰਿਸ਼ਟੀ ਤੋਂ ਤਾਂ ਪਰਸਪਰ ਸੰਬੰਧਿਤ ਹੁੰਦੇ ਹਨ ਪਰ ਵਾਕਾਰਥਿਕ ਦ੍ਰਿਸ਼ਟੀ ਤੋਂ ਇਹ ਪਰਸਪਰ ਭਿੰਨਤਾ ਰੱਖਦੇ ਹਨ।ਵਾਕਾਰਥੀ ਦ੍ਰਿਸ਼ਟੀ ਤੋਂ ਪ੍ਰੇਰਨਾਰਥਕ ਕਿਰਿਆ ਵਾਲੇ ਵਾਕਾਂ ਦੀ ਬਣਤਰ ਵਿਚ ਅਪ੍ਰੇਰਨਾਰਥਕ ਕਿਰਿਆ ਵਾਲੇ ਵਾਕਾਂ ਤੋਂ ਇਕ ਵੱਧ ਨਾਂਵ ਵਾਕੰਸ਼ ਵਿਚਰਦਾ ਹੈ।ਇਸੇ ਤਰ੍ਹਾਂ ਅਪ੍ਰਤੱਖ ਪ੍ਰੇਰਨਾਰਥਕ ਕਿਰਿਆਵਾਂ, ਪ੍ਰਤੱਖ ਪ੍ਰੇਰਨਾਰਥਕ ਕਿਰਿਆਵਾਂ ਤੋਂ ਇਕ ਵਾਧੂ ਨਾਂਵ ਵਾਕੰਸ਼ ਲੈਂਦੀਆਂ ਹਨ।ਪ੍ਰਮਾਣ ਸਰੂਪ (10) ਨੰਬਰ ਦੇ ਵਾਕ ਵਿਚਾਰਦੇ ਹਾਂ :

[10] *1) ਬੱਚਾ ਤੁਰ ਰਿਹਾ ਹੈ। (ਅਪ੍ਰੇਰਨਾਰਥਕ)*
2) ਨੌਕਰ ਬੱਚੇ ਨੂੰ ਤੁਰਾ ਰਿਹਾ ਹੈ। (ਪ੍ਰਤੱਖ ਪ੍ਰੇਰਨਾਰਥਕ)
3) ਮਾਂ ਨੌਕਰ ਤੋਂ ਬੱਚੇ ਨੂੰ ਤੁਰਵਾ ਰਹੀ ਹੈ। (ਅਪ੍ਰਤੱਖ ਪ੍ਰੇਰਨਾਰਥਕ

(10) ਦੇ ਤਿੰਨਾਂ ਵਾਕਾਂ ਵਿਚ 'ਤੁਰਨ' ਦੀ ਕਿਰਿਆ ਕਰਨ ਵਾਲਾ ਕਿਰਿਆਸ਼ੀਲ ਕਰਤਾ (ਅਭਿਕਰਤਾ) 'ਬੱਚਾ' ਹੈ, ਜਦਕਿ ਵਿਆਕਰਨਕ ਕਰਤਾ ਦੇ ਰੂਪ ਵਿਚ ਸਥਿਤੀ ਵੱਖਰੀ ਹੈ। (10-1) ਵਿਚ 'ਬੱਚਾ' (10-2) ਵਿਚ 'ਨੌਕਰ' ਅਤੇ (10-3) ਵਿਚ 'ਮਾਂ' ਵਿਆਕਰਨਕ ਕਰਤਾ ਦੇ ਰੂਪ ਵਿਚ ਪ੍ਰੇਰਿਤ ਵਜੋਂ ਕਾਰਜਸ਼ੀਲ ਹੈ।ਸਪੱਸ਼ਟ ਰੂਪ ਵਿਚ (10-2) ਅਤੇ (10-3) ਵਾਕਾਂ ਵਿਚ ਵਿਆਕਰਨਕ ਕਰਤਾ ਕ੍ਰਮਵਾਰ 'ਨੌਕਰ' ਅਤੇ 'ਮਾਂ' ਪ੍ਰੇਰਿਤ ਮਾਤਰ ਹੈ। (10-2) ਵਾਕ ਵਿਚ 'ਨੌਕਰ' ਬੱਚੇ ਨੂੰ ਤੁਰਨ ਦੀ ਪ੍ਰੇਰਨਾ ਦਿੰਦਾ ਹੈ।(10-3) ਵਾਕ ਵਿਚ 'ਮਾਂ' ਨੌਕਰ ਨੂੰ ਨਿਰਦੇਸ਼ ਦਿੰਦੀ ਹੈ ਕਿ ਉਹ ਬੱਚੇ ਨੂੰ ਤੁਰਨ ਦੀ ਪ੍ਰੇਰਨਾ ਦੇਵੇਂ ਅਤੇ ਫਿਰ 'ਨੌਕਰ' ਬੱਚੇ ਨੂੰ ਤੁਰਨ ਲਈ ਪ੍ਰੇਰਿਤ ਕਰਦਾ ਹੈ।'ਤੁਰਨਾ' ਕਿਰਿਆ ਦੇ ਅੰਤਰਗਤ ਦਿੱਤੀ ਗਈ ਪ੍ਰੇਰਨਾ ਵਿਚ (10-2) ਵਾਕ ਵਿਚ ਨੌਕਰ ਪ੍ਰਤੱਖ ਰੂਪ ਵਿਚ ਸਹਿਭਾਗੀ ਹੈ।ਇਸ ਲਈ ਇਹ ਪ੍ਰਤੱਖ ਪ੍ਰੇਰਨਾਰਥਕ ਵਾਕ ਹੈ। (10-3) ਵਿਚ 'ਮਾਂ' ਪ੍ਰਤੱਖ ਰੂਪ ਵਿਚ ਸਹਿਭਾਗੀ ਨਹੀਂ ਸਗੋਂ ਉਸ ਨੇ 'ਨੌਕਰ' ਨੂੰ ਨਿਰਦੇਸ਼ ਦੇਣ ਦਾ ਕਾਰਜ ਕੀਤਾ ਹੈ। (11-3) ਵਾਕ ਵਿਚ 'ਮਾਂ' ਪ੍ਰਤੱਖ ਰੂਪ ਵਿਚ ਕਾਰਜਸ਼ੀਲ ਨਹੀਂ ਸਗੋਂ ਅਪ੍ਰਤੱਖ ਰੂਪ ਵਿਚ ਕਰਮਸ਼ੀਲ ਹੈ।ਇਸੇ ਲਈ ਇਹ ਅਪ੍ਰਤੱਖ ਪ੍ਰੇਰਨਾਰਥਕ ਵਾਕ ਹੈ।

1.2.6 ਬਣਤਰ

ਪ੍ਰੇਰਨਾਰਥਕ ਵਾਕਾਂ ਦੀ ਬਣਤਰ ਵਿਚ ਪ੍ਰੇਰਨਾਰਥਕ ਕਿਰਿਆ ਵਾਕੰਸ਼ ਦੇ ਨਾਲ ਦੋ ਤੋਂ ਲੈ ਕੇ ਚਾਰ ਤੱਕ ਨਾਵ ਵਾਕੰਸ਼ ਵਿਚਰਦੇ ਹਨ।ਇਹ ਨਾਂਵ ਵਾਕੰਸ਼ ਪ੍ਰੇਰਕ ਕਰਤਾ (Instigator/causer) ਅਭਿਕਰਤਾ (agent), ਮਧਿਅਸਤ ਕਰਤਾ (intermediate agent) ਅਤੇ ਪ੍ਰਭਾਵਿਤ ਕਰਮ ਆਦਿ ਹੁੰਦੇ ਹਨ।ਇਨ੍ਹਾਂ ਵਾਕੰਸ਼ਾਂ ਦੇ ਆਪਸੀ ਵਾਕਾਤਮਿਕ ਸੰਬੰਧਾਂ ਦੇ ਆਧਾਰ 'ਤੇ ਪੰਜਾਬੀ ਭਾਸ਼ਾ ਦੇ ਪ੍ਰੇਰਨਾਰਥਕ ਵਾਕਾਂ ਦੀ ਬਣਤਰ ਦੇ ਹੇਠ ਲਿਖੇ ਚਾਰ ਪੈਟਰਨ ਸਥਾਪਤ ਕੀਤੇ ਗਏ ਹਨ :

1 ਪ੍ਰੇਰਿਕ ਕਰਤਾ	+	ਅਭਿਕਰਤਾ	+	ਪ੍ਰਤੱਖ ਪ੍ਰੇਰਨਾਰਥਕ ਕਿਰਿਆ
ਅਧਿਆਪਕ		ਬੱਚੇ ਨੂੰ		ਪੜ੍ਹਾ ਰਿਹਾ ਹੈ।

2 ਪ੍ਰੇਰਿਕ ਕਰਤਾ+ਅਭਿਕਰਤਾ+ਪ੍ਰਭਾਵਿਤ ਕਰਮ + ਪ੍ਰਤੱਖ ਪ੍ਰੇਰਨਾਰਥਕ ਕਿਰਿਆ
ਨਰਸ ਮਰੀਜ਼ ਨੂੰ ਦਵਾਈ ਪਿਆ ਰਹੀ ਹੈ।

3 ਪ੍ਰੇਰਿਕ ਕਰਤਾ+ਮਧਿਅਸਤ ਕਰਤਾ+ਅਭਿਕਰਤਾ+ਅਪ੍ਰਤੱਖ ਪ੍ਰੇਰਨਾਰਥਕ ਕਿਰਿਆ
ਅਧਿਆਪਕ ਮੁਨੀਟਰ ਤੋਂ ਜਮਾਤ ਨੂੰ ਪੜ੍ਹਵਾ ਰਿਹਾ ਹੈ।

4 ਪ੍ਰੇਰਿਕ ਕਰਤਾ +ਮਧਿਅਸਤ+ਅਭਿਕਰਤਾ+ਪ੍ਰਭਾਵਿਤ ਕਰਮ+ਅਪ੍ਰਤੱਖ ਪ੍ਰੇਰਨਾਰਥਕ
ਡਾਕਟਰ ਨਰਸ ਤੋਂ ਮਰੀਜ਼ ਨੂੰ ਦਵਾਈ ਪਿਲਵਾ ਰਿਹਾ ਹੈ।

ਪਹਿਲੇ ਅਤੇ ਤੀਜੇ ਪੈਟਰਨ ਦੇ ਵਾਕ ਮੂਲ ਅਕਰਮਕ ਕਿਰਿਆ ਤੋਂ ਵਿਉਤਪਨ ਹੁੰਦੇ ਹਨ ਅਤੇ ਦੂਜੇ ਅਤੇ ਚੌਥੇ ਪੈਟਰਨ ਦੇ ਵਾਕ ਮੂਲ ਸਕਰਮਕ ਕਿਰਿਆ ਤੋਂ ਵਿਉਂਤਪੰਨ ਹੁੰਦੇ ਹਨ।

1.2.7 ਵਿਆਕਰਨਕ ਸੰਬੰਧਾਂ ਦੀ ਸਥਿਤੀ

ਸੰਬੰਧਕੀ ਵਿਆਕਰਨ ਵਿਚ ਵਾਕ ਰਚਨਾ ਦਾ ਸੰਬੰਧਪਰਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ।ਵਿਸ਼ਲੇਸ਼ਣ ਦੇ ਕੇਂਦਰ ਵਿਚ ਵਾਕਾਰਥਿਕ ਸੰਬੰਧ ਹੀ ਰਹਿੰਦੇ ਹਨ ਅਰਥਾਤ ਇਸ ਵਿਸ਼ਲੇਸ਼ਣ ਵਿਚ ਰੂਪਾਂਤਰਿਤ ਵਾਕਾਂ ਦੀ ਸੰਬੰਧਨ ਪ੍ਰਕਿਰਿਆ ਨੂੰ ਉਜ਼ਾਗਰ ਕੀਤਾ ਜਾਂਦਾ ਹੈ।ਇਸ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਦੇ ਪ੍ਰੇਰਨਾਰਥਕ ਵਾਕਾਂ ਦੇ ਦੋਵੇਂ ਰੂਪਾਂ (ਪ੍ਰਤੱਖ/ਅਪ੍ਰਤੱਖ) ਵਿਚ ਵਿਆਕਰਨਕ ਸੰਬੰਧਾਂ ਦੀ ਸਥਿਤੀ ਨੂੰ ਅੱਗੇ (1.2.7.1) ਅਤੇ (1.2.7.2) ਵਿਚ ਸਪੱਸ਼ਟ ਕੀਤਾ ਗਿਆ ਹੈ।

1.2.7.1 ਪ੍ਰਤੱਖ ਪ੍ਰੇਰਨਾਰਥਕ ਵਾਕ

ਪ੍ਰਤੱਖ ਪ੍ਰੇਰਨਾਰਥਕ ਵਾਕਾਂ ਵਿਚ ਵਿਆਕਰਨਕ ਕਰਤਾ (ਪ੍ਰੇਰਿਕ ਕਰਤਾ) ਪ੍ਰਤੱਖ ਰੂਪ ਵਿਚ ਅਭਿਕਰਤਾ (ਪ੍ਰੇਰਿਤ ਕਰਤਾ) ਨੂੰ ਪ੍ਰੇਰਨਾ ਦੇਣ ਵਿਚ ਸਹਿਭਾਗੀ ਹੁੰਦਾ ਹੈ।ਪ੍ਰਮਾਣ ਵਜੋਂ ਅੱਗੇ (11) ਅਤੇ (12) ਨੰਬਰ ਦੇ ਵਾਕ ਪੇਸ਼ ਹਨ :

[11] *1) ਬੱਚਾ ਤੁਰ ਰਿਹਾ ਹੈ। (ਅਕਰਮਕ)*
2) ਨੌਕਰ ਬੱਚੇ ਨੂੰ ਤੁਰਾ ਰਿਹਾ ਹੈ। (ਪ੍ਰਤੱਖ ਪ੍ਰੇਰਨਾਰਥਕ)

[12] *1) ਬੱਚਾ ਰੋਟੀ ਖਾ ਰਿਹਾ ਹੈ। (ਸਕਰਮਕ)*
2) ਮਾਂ ਬੱਚੇ ਨੂੰ ਰੋਟੀ ਖੁਆ ਰਹੀ ਹੈ। (ਪ੍ਰਤੱਖ ਪ੍ਰੇਰਨਾਰਥਕ)

ਉਪਰੋਕਤ ਉਦਾਹਰਨਾਂ ਵਿਚ (11-1) ਦਾ ਕਰਤਾ 'ਬੱਚਾ' (11-2) ਵਿਚ ਕਰਮ ਬਣ ਗਿਆ ਹੈ ਅਤੇ (11-2) ਵਾਕ ਵਿਚ ਇਕ ਨਵਾਂ ਕਰਤਾ 'ਨੌਕਰ' ਸ਼ਾਮਿਲ ਹੋਇਆ ਹੈ।(12-1) ਦਾ ਕਰਤਾ 'ਬੱਚਾ' (12-2) ਵਾਕ ਵਿਚ ਗੌਣ ਕਰਮ ਵਿਚ ਬਦਲ ਗਿਆ ਹੈ।ਇਥੇ ਕਰਤਾ ਦੇ ਖਾਲੀ ਸਥਾਨ ਨੂੰ ਭਰਨ ਲਈ ਨਵਾਂ ਕਰਤਾ

'ਮਾਂ' ਪਰਵੇਸ਼ ਕਰਦਾ ਹੈ।ਦੋਹਾਂ ਹੀ ਪ੍ਰੇਰਨਾਰਥਕ ਵਾਕਾਂ ਵਿਚ 'ਨੂੰ' ਸੰਬੰਧਕ ਵੀ ਜੁੜਿਆ ਹੈ।ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜੇ ਮੂਲ ਵਾਕ ਦੀ ਕਿਰਿਆ ਅਕਰਮਕ ਹੈ ਤਾਂ ਉਸ ਦਾ ਕਰਤਾ ਪ੍ਰਤੱਖ ਪ੍ਰੇਰਨਾਰਥਕ ਵਾਕ ਵਿਚ ਕਰਮ ਬਣ ਜਾਂਦਾ ਹੈ ਪਰ ਜੇ ਮੂਲ ਵਾਕ ਦੀ ਕਿਰਿਆ ਸਕਰਮਕ ਹੈ ਤਾਂ ਉਸ ਦਾ ਕਰਤਾ, ਪ੍ਰਤੱਖ ਪ੍ਰੇਰਨਾਰਥਕ ਵਾਕ ਵਿਚ ਗੌਣ ਕਰਮ ਦਾ ਰੂਪ ਧਾਰਨ ਕਰ ਲੈਂਦਾ ਹੈ।

ਇਥੇ ਇਹ ਤੱਥ ਵੀ ਕਾਬਲੇ ਜ਼ਿਕਰ ਹੈ ਕਿ ਸਮੂਹ ਪ੍ਰੇਰਨਾਰਥਕ ਵਾਕ ਸਕਰਮਕ ਹੁੰਦੇ ਹਨ।ਇਥੋਂ ਤੱਕ ਕਿ ਅਕਰਮਕ ਵਾਕ ਵੀ ਪ੍ਰੇਰਨਾਰਥਕ ਵਾਕਾਂ ਵਿਚ ਰੂਪਾਂਤ੍ਰਿਤ ਹੋਣ ਮਗਰੋਂ ਸਕਰਮਕ ਬਣ ਜਾਂਦੇ ਹਨ।ਪਰ ਇਹ ਵੀ ਸੱਚ ਹੈ ਕਿ ਸਮੂਹ ਸਕਰਮਕ ਵਾਕ ਪ੍ਰੇਰਨਾਰਥਕ ਨਹੀਂ ਹੁੰਦੇ।ਇਸ ਲਈ ਸੁਆਲ ਪੈਦਾ ਹੁੰਦਾ ਹੈ ਕਿ ਸਕਰਮਕ ਵਾਕਾਂ ਅਤੇ ਪ੍ਰੇਰਨਾਰਥਕ ਵਾਕਾਂ ਵਿਚ ਕੀ ਅੰਤਰ ਹੈ ? ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਅਸੀਂ ਕੁਝ ਹੋਰ ਵਾਕ ਵਿਚਾਰਦੇ ਹਾਂ :

(13) *1)* *ਮੁੰਡੇ ਨੇ ਕੁੜੀ ਨੂੰ ਚਾਹ ਪਿਆ ਦਿੱਤੀ। (ਪ੍ਰਤੱਖ ਪ੍ਰੇਰਨਾਰਥਕ+ਸਕਰਮਕ)*
2) *ਮੁੰਡੇ ਨੇ ਕੁੜੀ ਨੂੰ ਚਿੱਠੀ ਲਿਖ ਦਿੱਤੀ। (ਸਕਰਮਕ)*

(13) ਦੇ ਦੋਵੇਂ ਵਾਕ ਸਕਰਮਕ ਹਨ।(13-1) ਵਾਕ ਸਕਰਮਕ ਦੇ ਨਾਲ ਪ੍ਰਤੱਖ ਪ੍ਰੇਰਨਾਰਥਕ ਵੀ ਹੈ ਪਰ (13-2) ਵਾਕ ਕੇਵਲ ਸਕਰਮਕ ਹੈ।ਪ੍ਰੇਰਨਾਥਕ ਨਹੀਂ ਹੈ।ਕਾਰਨ ਇਸ ਦਾ ਇਹ ਹੈ ਕਿ ਪਹਿਲੇ ਵਾਕ ਵਿਚ 'ਪਿਆ' ਕਿਰਿਆ ਰੂਪ ਪ੍ਰੇਰਨਾਰਥਕ ਹੈ ਪਰ ਦੂਜੇ ਵਾਕ ਵਿਚ 'ਲਿਖ' ਕਿਰਿਆ ਆਪਣੇ ਮੂਲ ਰੂਪ ਸਕਰਮਕ ਵਿਚ ਹੀ ਵਿਚਰ ਰਹੀ ਹੈ।ਇਸ ਤੋਂ ਇਲਾਵਾ ਦੋਹਾਂ ਵਾਕਾਂ ਦੇ ਸੰਪਰਦਾਨ ਨਾਂਵ 'ਕੁੜੀ' ਵਿਚ ਵੀ ਅੰਤਰ ਹੈ।ਪਹਿਲੇ ਵਾਕ ਵਿਚ 'ਕੁੜੀ' ਪੀਣ ਦੀ ਕਿਰਿਆ ਵਿਚ ਕਰਮਸ਼ੀਲ ਹੈ ਜਦਕਿ ਦੂਜੇ ਵਾਕ ਵਿਚ 'ਕੁੜੀ' ਕਰਮਸ਼ੀਲ ਨਹੀਂ ਹੈ।

ਕਈ ਵਾਰੀ ਪ੍ਰਤੱਖ ਪ੍ਰੇਰਨਾਰਥਕ ਵਾਕਾਂ ਦੇ ਮੂਲ ਵਾਕਾਂ ਵਿਚ ਇਕ ਸਾਧਨ ਨਾਂਵ ਵਾਕੰਸ਼ (ਉਹ ਨਾਂਵ ਵਾਕੰਸ਼ ਜੋ ਵਾਕ ਵਿਚ ਕਿਰਿਆ ਦੇ ਵਾਕ ਵਿਚ ਕਿਰਿਆ ਦੇ ਇਕ ਸਾਧਨ ਵਜੋਂ ਵਰਤਿਆ ਜਾਵੇ) ਦੀ ਹੋਂਦ ਹੁੰਦੀ ਹੈ।ਪ੍ਰਮਾਣ ਵਜੋਂ (14) ਨੰਬਰ ਦੇ ਵਾਕ ਪੇਸ਼ ਹਨ :

(14) 1) ਬੱਚਾ ਅਧਿਆਪਕ ਤੋਂ ਕਿਤਾਬ ਪੜ੍ਹਦਾ ਹੈ। (ਸਕਰਮਕ)
2) ਅਧਿਆਪਕ ਬੱਚੇ ਨੂੰ ਕਿਤਾਬ ਪੜ੍ਹਾਉਂਦਾ ਹੈ।(ਪ੍ਰਤੱਖ ਪ੍ਰੇਰਨਾਰਥਕ)

(14-1) ਵਾਕ (14-2) ਵਾਕ ਦਾ ਮੂਲ ਵਾਕ ਹੈ ਅਤੇ ਇਸ ਵਿਚ **ਅਧਿਆਪਕ ਤੋਂ** ਸਾਧਨ ਨਾਂਵ ਵਾਕੰਸ਼ ਵਜੋਂ ਵਿਚਰ ਰਿਹਾ ਹੈ।ਇਹੀ ਸਾਧਨ ਨਾਂਵ

ਵਾਕੰਸ਼, ਪ੍ਰਤੱਖ ਪ੍ਰੇਰਨਾਰਥਕ ਵਾਕ ਵਿਚ ਕਰਤਾ ਦਾ ਸਥਾਨ ਹਾਸਲ ਕਰਦਾ ਹੈ।ਭਾਵੇ ਅਕਰਮਕ ਕਿਰਿਆ ਵਾਲੇ ਮੂਲ ਵਾਕਾਂ ਵਿਚ ਵੀ **ਤੋਂ** ਯੁਕਤ ਨਾਂਵ ਵਾਕੰਸ਼ ਦੀ ਵਰਤੋਂ ਹੋ ਸਕਦੀ ਹੈ।ਜਿਵੇਂ 'ਬੱਚਾ ਨੌਕਰ ਤੋਂ ਤੁਰਦਾ ਹੈ', ਵਾਕ ਵਿਚ।ਪਰ ਇਥੇ ਇਹ ਪ੍ਰੇਰਨਾਰਥਕ ਵਾਕ ਦਾ ਮੂਲ ਵਾਕ ਨਹੀਂ ਸਗੋਂ ਭਾਵ ਵਾਚ ਦਾ ਵਾਕ ਬਣ ਜਾਂਦਾ ਹੈ ਅਤੇ 'ਤੋਂ' ਯੁਕਤ ਨਾਵ ਵਾਕੰਸ਼, ਸਾਧਨ ਨਾਂਵ ਵਾਕੰਸ਼ ਨਾ ਹੋ ਕੇ, ਨਿਰਕਾਰਜੀ (Chomeur) ਸ਼੍ਰੇਣੀ ਦਾ ਨਾਂਵ ਵਾਕੰਸ਼ ਹੁੰਦਾ ਹੈ।


ਪ੍ਰਤੱਖ ਪ੍ਰੇਰਨਾਰਥਕ ਵਾਕਾਂ ਵਿਚ ਜਦ ਸਾਧਨ ਨਾਂਵ ਵਾਕੰਸ਼, ਕਰਤਾ ਦਾ ਸਥਾਨ ਹਾਸਲ ਕਰਦਾ ਹੈ ਤਾਂ ਸੰਬੰਧਕੀ ਵਿਆਕਰਨ ਵਿਚ ਇਸ ਨੂੰ ਪ੍ਰਗਤੀ ਨੇਮ (Advancement rule) ਕਿਹਾ ਜਾਂਦਾ ਹੈ ਕਿਉਂਕਿ ਸਾਧਨ ਨਾਂਵ ਵਾਕੰਸ਼ ਸੰਬੰਧਕੀ ਕ੍ਰਮ ਦੇ ਉਚਤਮ ਸਤੱਰ 'ਕਰਤਾ' ਦੇ ਸਥਾਨ ਉਪਰ ਆ ਜਾਂਦਾ ਹੈ।ਪਰ ਅਜਿਹੇ ਵਾਕਾਂ ਉਪਰ ਜਦ ਕਰਮਵਾਚ ਨੇਮ ਲਾਗੂ ਹੁੰਦਾ ਹੈ ਤਾਂ ਪ੍ਰਗਤੀ ਨੇਮ ਤਹਿਤ ਬਣਿਆ ਸਾਧਨ ਨਾਂਵ ਵਾਕੰਸ਼ ਨਿਰਕਾਰਜੀ ਸ਼੍ਰੇਣੀ ਦਾ ਹੋ ਜਾਂਦਾ ਹੈ।ਪ੍ਰਮਾਣ ਵਜੋਂ (15-1) ਵਾਕ ਵੇਖੋ :

[15]

1) ਅਧਿਆਪਕ ਦੁਆਰਾ ਬੱਚੇ ਨੂੰ ਕਿਤਾਬ ਪੜ੍ਹਾਈ ਜਾਂਦੀ ਹੈ।
ਨਿਰਕਾਰਜੀ ਨਾਂਵ ਵਾਕੰਸ਼ + ਅਭਿਕਰਤਾ + ਪ੍ਰਭਾਵਿਤ ਕਰਮ + ਕਿਰਿਆ ਵਾਕੰਸ਼ (ਕਰਮ ਵਾਚ)

ਇਸ ਨੂੰ ਅੱਗੇ ਸਤੱਰਪਰਕ ਅਰਖ (16) ਉਪਰ ਉਲੀਕਿਆ ਗਿਆ ਹੈ :

[16]



1.2.7.2 ਅਪ੍ਰਤੱਖ ਪ੍ਰੇਰਨਾਰਥਕ ਵਾਕ

ਅਪ੍ਰਤੱਖ ਪ੍ਰੇਰਨਾਰਥਕ ਵਾਕਾਂ ਦੇ ਮੂਲ ਵਿਚ ਪ੍ਰਤੱਖ ਪ੍ਰੇਰਨਾਰਥਕ ਵਾਕ ਹੀ ਕਾਰਜਸ਼ੀਲ ਹੁੰਦੇ ਹਨ ਪਰ ਅਪ੍ਰਤੱਖ ਪ੍ਰੇਰਨਾਰਥਕ ਵਾਕਾਂ ਦੀ ਬਣਤਰ ਵਿਚ ਵਿਆਕਰਨਕ ਕਰਤਾ ਪ੍ਰਤੱਖ ਰੂਪ ਵਿਚ ਅਭਿਕਰਤਾ ਦਾ ਸਹਿਭਾਗੀ ਨਹੀਂ ਹੁੰਦਾ।ਉਸ ਦਾ ਯੋਗਦਾਨ ਕੇਵਲ ਨਿਰਦੇਸ਼ ਦੇਣ ਜਾਂ ਸਥਿਤੀ ਪੈਦਾ ਕਰਨ ਤੱਕ ਹੀ ਸੀਮਤ ਹੁੰਦਾ ਹੈ।ਇਸ ਲਈ ਇਨ੍ਹਾਂ ਵਾਕਾਂ ਦੀ ਬਣਤਰ ਵਿਚ ਇਕ ਹੋਰ ਕਰਤਾ 'ਮਧਿਅਸਤ' ਦੀ ਭੂਮਿਕਾ ਨਿਭਾਉਂਦਾ ਹੈ।ਇਸ ਤਰ੍ਹਾਂ ਅਪ੍ਰਤੱਖ ਪ੍ਰੇਰਨਾਰਥਕ ਵਾਕਾਂ ਵਿਚ ਅਭਿਕਰਤਾ, ਮਧਿਅਸਤ ਦੀ ਸਹਾਇਤਾ ਨਾਲ ਜਾਂ ਭਾਈਵਾਲਤਾ ਨਾਲ ਕਿਰਿਆ ਕਰਦਾ ਹੈ।ਮਿਸਾਲ ਵਜੋਂ :


[17] *1) ਨਰਸ ਮਰੀਜ਼ ਨੂੰ ਦਵਾ ਪਿਲਾ ਰਹੀ ਹੈ।(ਪ੍ਰਤੱਖ ਪ੍ਰੇਰਨਾਰਥਕ)*

2) ਡਾਕਟਰ ਨਰਸ ਤੋਂ ਮਰੀਜ਼ ਨੂੰ ਦਵਾ ਪਿਲਵਾ ਰਿਹਾ ਹੈ।

(ਅਪ੍ਰਤੱਖ ਪ੍ਰੇਰਨਾਰਥਕ)

ਉਪਰੋਕਤ (17) ਦੀਆਂ ਉਦਾਹਰਨਾਂ ਵਿਚ ਪ੍ਰਤੱਖ ਪ੍ਰੇਰਨਾਰਥਕ ਵਾਕ (17–1) ਦਾ ਪ੍ਰੇਰਿਕ ਕਰਤਾ 'ਨਰਸ' (17–2) ਦੇ ਅਪ੍ਰਤੱਖ ਪ੍ਰੇਰਨਾਰਥਕ ਵਾਕ ਵਿਚ ਮਧਿਅਸਤ ਕਰਤਾ ਬਣ ਗਿਆ ਹੈ।ਵਿਆਕਰਨਕ ਸੰਬੰਧਾਂ ਦੀ ਦ੍ਰਿਸ਼ਟੀ ਤੋਂ ਸਬੰਧਕੀ ਵਿਆਕਰਨ ਵਿਚ ਇਸ ਨੂੰ ਨਿਰਕਾਰਜੀ ਸ਼੍ਰੇਣੀ ਦਾ ਨਾਂਵ ਵਾਕੰਸ਼ ਮੰਨਿਆਂ ਗਿਆ ਹੈ।ਅਪ੍ਰਤੱਖ ਪ੍ਰੇਰਨਾਰਥਕ ਵਾਕ ਵਿਚ ਕਰਤਾ ਦੇ ਖਾਲੀ ਸਥਾਨ ਨੂੰ ਭਰਨ ਲਈ ਇਕ ਨਵੇਂ ਨਾਂਵ ਵਾਕੰਸ਼ ਦਾ ਦਾਖ਼ਲਾ ਹੁੰਦਾ ਹੈ।(17–2) ਦੇ ਵਾਕ ਵਿਚ 'ਡਾਕਟਰ' ਦਾ ਪਰਿਵੇਸ਼ ਇਸੇ ਤਰ੍ਹਾਂ ਦਾ ਹੈ।ਵਿਆਕਰਨਕ ਸੰਬੰਧਾਂ ਦੀ ਇਸ ਪ੍ਰਕਿਰਿਆ ਨੂੰ ਅੱਗੇ ਸਤੱਰਪਰਕ ਅਰੇਖ (18) ਉਪਰ ਉਲੀਕਿਆ ਗਿਆ ਹੈ :

[18]



ਪੰਜਾਬੀ ਭਾਸ਼ਾ ਵਿਚ ਕੁਝ ਕਿਰਿਆਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੀ ਵਰਤੋਂ ਰੂਪੀਮੀ ਪੱਧਰ ਤੇ ਤਾਂ ਦੋ ਰੂਪਾਂ ਵਿਚ ਹੁੰਦੀ ਹੈ ਪਰ ਵਾਕਾਤਮਿਕ ਪੱਧਰ 'ਤੇ ਇਨ੍ਹਾਂ ਕਿਰਿਆਵਾਂ ਤੋਂ ਪ੍ਰਤੱਖ ਅਤੇ ਅਪ੍ਰਤੱਖ ਆਦਿ ਦੋ ਕਿਸਮਾਂ ਦੇ ਵਾਕਾਂ ਦੀ ਰਚਨਾ ਸੰਭਵ ਨਹੀਂ ਹੁੰਦੀ। ਅਜਿਹੀਆਂ ਕਿਰਿਆਵਾਂ ਵਿਚੋਂ ਕੁਝ ਤੋਂ ਤਾਂ ਸਿਰਫ ਪ੍ਰਤੱਖ ਪ੍ਰੇਰਨਾਰਥਕ ਵਾਕਾਂ ਦੀ ਸਿਰਜਣਾ ਹੀ ਹੁੰਦੀ ਹੈ, ਪਰ ਅਪ੍ਰਤੱਖ ਪ੍ਰੇਰਨਾਰਥਕ ਵਾਕਾਂ ਦੀ ਨਹੀਂ। ਇਸ ਦੇ ਉਲਟ ਕੁਝ ਕਿਰਿਆਵਾਂ ਤੋਂ ਸਿਰਫ ਅਪ੍ਰਤੱਖ ਪ੍ਰੇਰਨਾਰਥਕ ਵਾਕਾਂ ਦੀ ਰਚਨਾ ਹੀ ਹੁੰਦੀ ਹੈ ਪਰ ਪ੍ਰਤੱਖ ਪ੍ਰੇਰਨਾਰਥਕ ਵਾਕਾਂ ਦੀ ਨਹੀਂ। ਅਜਿਹੀਆਂ ਕਿਰਿਆਵਾਂ ਵਿਚ ਇਕਰਮਕ ਅਤੇ ਲਗਪਗ ਸਾਰੀਆਂ ਦੁਕਰਮਕ ਕਿਰਿਆਵਾਂ ਸ਼ਾਮਲ ਹਨ। ਪ੍ਰਮਾਣ ਸਰੂਪ ਅੱਗੇ (19) ਅਤੇ (20) ਨੰਬਰ ਦੇ ਵਾਕ ਵੇਖਣ ਯੋਗ ਹਨ :

[19] 1) ਧੋਬੀ ਕੱਪੜੇ ਧੋਂਦਾ ਹੈ। (ਇਕ-ਕਰਮਕ)
2) ਮਾਲਕ ਧੋਬੀ ਤੋਂ ਕੱਪੜੇ ਧੁਆਉਂਦਾ ਹੈ। (ਪ੍ਰਤੱਖ ਪ੍ਰੇਰਨਾਰਥਕ)

[20] 1) ਮੁੰਡੇ ਨੇ ਕੁੜੀ ਨੂੰ ਕਿਤਾਬ ਦੇ ਦਿੱਤੀ। (ਦੁਕਰਮਕ)
2) ਅਧਿਆਪਕ ਨੇ ਮੁੰਡੇ ਤੋਂ ਕੁੜੀ ਨੂੰ ਕਿਤਾਬ ਦਿਵਾ/ਦਿਲਵਾ ਦਿੱਤੀ। (ਅਪ੍ਰਤੱਖ ਪ੍ਰੇਰਨਾਰਥਕ)

ਉਪਰੋਕਤ (19) ਅਤੇ (20) ਦੀਆਂ ਉਦਾਹਰਨਾਂ ਦੇ 2 ਨੰਬਰ ਵਾਕ ਪ੍ਰੇਰਨਾਰਥਕ ਹਨ। ਇਨ੍ਹਾਂ ਦੋਹਾਂ ਵਾਕਾਂ ਉਪਰ ਉਹੀ ਨੇਮ ਲਾਗੂ ਹੋਇਆ ਹੈ ਜੋ ਅਪ੍ਰਤੱਖ ਪ੍ਰੇਰਨਾਰਥਕ ਵਾਕਾਂ ਉਪਰ ਲਾਗੂ ਹੁੰਦਾ ਹੈ ਅਰਥਾਤ ਇਥੇ ਕਰਤਾ ⟶ ਕਰਮ ਵਿਚ ਰੂਪਾਂਤਰ ਨਹੀਂ ਹੁੰਦਾ ਬਲਕਿ ਨਿਰਕਾਰਜੀ ਸ਼੍ਰੇਣੀ ਦਾ ਨਾਂਵ ਵਾਕੰਸ਼ ਬਣ ਜਾਂਦਾ ਹੈ। ਭਾਵੇਂ (19-2) ਵਾਕ ਪ੍ਰਤੱਖ ਪ੍ਰੇਰਨਾਰਥਕ ਵਾਕ ਹੀ ਹੈ। ਇਸ ਤੋਂ ਇਲਾਵਾ ਇਸ ਵਾਕ ਦਾ ਅਪ੍ਰਤੱਖ ਪ੍ਰੇਰਨਾਰਥਕ ਵਾਕ ਵੀ ਸੰਭਵ ਨਹੀਂ ਹੈ। ਇਸ ਦੇ ਉਲਟ (20) ਨੰਬਰ ਵਾਕ ਦਾ ਪ੍ਰਤੱਖ ਪ੍ਰੇਰਨਾਰਥਕ ਵਾਕ ਸੰਭਵ ਨਹੀਂ ਹੈ।

1.2.8 ਸਾਰ

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਦੇ ਪ੍ਰੇਰਨਾਰਥਕ ਵਾਕਾਂ ਵਿਚ ਵਿਆਕਰਨਕ ਸੰਬੰਧ ਅਹਿਮ ਭੂਮਿਕਾ ਨਿਭਾਉਂਦੇ ਹਨ। ਕਿਰਿਆ-ਕਰਤਾ ਦੇ ਸੰਬੰਧਾਂ ਦੀ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਦੇ ਪ੍ਰੇਰਨਾਰਥਕ ਵਾਕਾਂ ਦੇ ਤਿੰਨ ਵਰਗ ਬਣਦੇ ਹਨ :

1) ਅਕਰਮਕ ਕਿਰਿਆ ਤੋਂ ਵਿਉਤਪੰਨ ਪ੍ਰੇਰਨਾਰਥਕ ਵਾਕ
2) ਸਕਰਮਕ ਕਿਰਿਆ ਤੋਂ ਵਿਉਤਪੰਨ ਪ੍ਰੇਰਨਾਰਥਕ ਵਾਕ -I

ਇਸ ਵਰਗ ਵਿਚ ਕੁਝ ਇਕ-ਕਰਮਕ ਕਿਰਿਆਵਾਂ ਆਉਂਦੀਆਂ ਹਨ ਅਤੇ ਉਨ੍ਹਾਂ ਦੇ ਪ੍ਰਤੱਖ ਅਤੇ ਅਪ੍ਰਤੱਖ ਦੋਵੇਂ ਰੂਪ ਸੰਭਵ ਹਨ।

3) ਸਕਰਮਕ ਕਿਰਿਆ ਤੋਂ ਵਿਉਤਪੰਨ ਪ੍ਰੇਰਨਾਰਥਕ ਵਾਕ -II

ਇਸ ਵਰਗ ਵਿਚ ਕੁਝ ਇਕ-ਕਰਮਕ ਅਤੇ ਲਗਪਗ ਸਾਰੀਆਂ ਦੁਕਰਮਕ ਕਿਰਿਆਵਾਂ ਆਉਂਦੀਆਂ ਹਨ।ਇਨ੍ਹਾਂ ਵਿਚੋਂ ਇਕ-ਕਰਮਕ ਦੇ ਕੇਵਲ ਪ੍ਰਤੱਖ ਰੂਪ ਹੀ ਸੰਭਵ ਹਨ ਅਤੇ ਦੁਕਰਮਕ ਦੇ ਸਿਰਫ ਅਪ੍ਰਤੱਖ ਰੂਪ ਹੀ ਸੰਭਵ ਹਨ।

ਇਨ੍ਹਾਂ ਤਿੰਨਾਂ ਵਰਗਾਂ ਵਿਚੋਂ ਪਹਿਲੇ ਵਰਗ ਦੀਆਂ ਪ੍ਰੇਰਨਾਰਥਕ ਕਿਰਿਆਵਾਂ ਤੋਂ ਵਿਉਤਪੰਨ ਪ੍ਰੇਰਨਾਰਥਕ ਵਾਕਾਂ ਦੇ ਪ੍ਰਤੱਖ ਰੂਪ ਵਿਚ ਮੂਲ ਵਾਕ ਦਾ ਕਰਤਾ, ਕਰਮ ਵਿਚ ਰੂਪਾਂਤਰਿਤ ਹੋ ਜਾਂਦਾ ਹੈ ਅਤੇ ਕਰਤਾ ਦਾ ਖਾਲੀ ਸਥਾਨ ਭਰਨ ਲਈ ਇਕ ਨਵਾਂ ਕਰਤਾ ਦਾਖ਼ਲ ਹੁੰਦਾ ਹੈ।ਦੂਜੇ ਵਰਗ ਦੀਆਂ ਕਿਰਿਆਵਾਂ ਦੇ ਪ੍ਰੇਰਨਾਰਥਕ ਵਾਕਾਂ ਦੇ ਪ੍ਰਤੱਖ ਰੂਪ ਵਿਚ ਮੂਲ ਵਾਕ ਦਾ ਕਰਤਾ, ਗੌਣ ਕਰਮ ਵਿਚ ਰੁਪਾਂਤਰਿਤ ਹੋ ਜਾਂਦਾ ਹੈ ਅਤੇ ਕਰਮ, ਕਰਮ ਹੀ ਰਹਿੰਦਾ ਹੈ।ਇਸ ਵਰਗ ਦੇ ਅਪ੍ਰਤੱਖ ਰੂਪਾਂ ਵਿਚ ਪ੍ਰਤੱਖ ਵਾਕ ਦਾ ਕਰਤਾ ਨਿਰਕਾਰਜੀ ਸ਼੍ਰੇਣੀ ਦਾ ਹੋ ਜਾਂਦਾ ਹੈ।ਗੌਣ ਕਰਮ ਅਤੇ ਮੁੱਖ ਕਰਮ ਦੀ ਸਥਿਤੀ ਪ੍ਰਤੱਖ ਰੂਪ ਦੇ ਸਮਾਨ ਹੀ ਰਹਿੰਦੀ ਹੈ।ਪਹਿਲੇ ਵਰਗ ਦੇ ਸਮਾਨ ਹੀ ਦੂਜੇ ਵਰਗ ਦੇ ਪ੍ਰਤੱਖ ਅਤੇ ਅਪ੍ਰਤੱਖ ਰੂਪਾਂ ਵਿਚ ਨਵੇਂ ਕਰਤਾ ਦਾ ਦਾਖਲਾ ਹੁੰਦਾ ਹੈ।ਤੀਜੇ ਵਰਗ ਦੀਆਂ ਕਿਰਿਆਵਾਂ ਦੇ ਪ੍ਰੇਰਨਾਰਥਕ ਵਾਕਾਂ ਦੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਮੂਲ ਵਾਕ ਦਾ ਕਰਤਾ ਨਿਰਕਾਰਜੀ ਸ਼੍ਰੇਣੀ ਵਿਚ ਰੁਪਾਂਤਰਿਤ ਹੋ ਜਾਂਦਾ ਹੈ ਅਤੇ ਕਰਮ, ਕਰਮ ਹੀ ਰਹਿੰਦਾ ਹੈ।ਦੋਵੇਂ ਰੂਪਾਂ ਵਿਚ ਇਕ ਨਵੇ ਪ੍ਰੇਰਿਕ ਕਰਤਾ ਦਾ ਦਾਖਲਾ ਹੁੰਦਾ ਹੈ।

ਵਿਆਕਰਨਕ ਸੰਬੰਧਾਂ ਦੀ ਇਸ ਸਥਿਤੀ ਨੂੰ ਅੱਗੇ ਤਾਲਿਕਾ (21) ਰਾਹੀਂ ਦਰਸਾਇਆ ਗਿਆ ਹੈ :

[21]

ਕਿਰਿਆ	ਕਰਤਾ	ਨਿਰਕਾਰਜੀ ਸ਼੍ਰੇਣੀ	ਗੌਣ ਕਰਮ	ਕਰਮ
1) ਅਕਰਮਕ/ਮੂਲਵਾਕ	–			
ਪ੍ਰਤੱਖ ਪ੍ਰੇਰਨਾਰਥਕ	+			+
2) ਸਕਰਮਕ/ਮੂਲਵਾਕ-I	–			+
ਪ੍ਰਤੱਖ ਪ੍ਰੇਰਨਾਰਥਕ	+ –		+	+
ਅਪ੍ਰਤੱਖ ਪ੍ਰੇਰਨਾਰਥਕ	+	+	+	+
3) ਸਕਰਮਕ/ਮੂਲਵਾਕ-II	–			+
ਪ੍ਰਤੱਖ ਪ੍ਰੇਰਨਾਰਥਕ	+	+		+
ਅਪ੍ਰਤੱਖ ਪ੍ਰੇਰਨਾਰਥਕ	+	+		+

3. ਉਤਰ-ਚੌਮਸਕੀ ਪਰਿਪੇਖ

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਚੌਮਸਕੀ ਤੋਂ ਬਾਅਦ, ਸਬੰਧਕੀ ਵਿਆਕਰਨ, ਵਾਕ ਅਧਿਐਨ ਕਰਨ ਲਈ ਇਕ ਨਵੀਂ ਅੰਤਰ-ਦ੍ਰਿਸ਼ਟੀ ਅਤੇ ਪਹੁੰਚ ਵਿਧੀ ਪੇਸ਼ ਕਰਦਾ ਹੈ। ਇਸ ਭਾਸ਼ਾ ਅਧਿਐਨ ਮਾਡਲ ਨੂੰ ਰੂਪਾਂਤਰੀ ਸਿਰਜਨਾਤਮਕ ਵਿਆਕਰਨ ਦਾ ਪੂਰਕ ਮਾਡਲ ਮੰਨਣਾ ਹੀ ਯੋਗ ਹੈ ਕਿਉਂਕਿ ਇਹ, ਚੌਮਸਕੀ ਦੁਆਰਾ ਅਣਡਿੱਠ ਕੀਤੇ ਗਏ ਵਾਕ-ਤੱਥਾਂ ਨੂੰ ਹੀ ਆਪਣੇ ਅਧਿਐਨ ਦਾ ਆਧਾਰ ਬਣਾਉਂਦਾ ਹੈ। ਪਰ ਇਥੇ ਇਹ ਗੱਲ ਕਹਿਣੀ ਵੀ ਅਨੁਚਿਤ ਨਹੀਂ ਜਾਪਦੀ ਕਿ ਇਸ ਭਾਸ਼ਾ ਅਧਿਐਨ ਮਾਡਲ ਦਾ ਭਵਿੱਖ ਵੀ ਚੌਮਸਕੀ-ਵਿਆਕਰਨ ਦੇ ਮੁਕਾਬਲੇ ਤੇ ਹੀ ਨਿਰਭਰ ਕਰਦਾ ਹੈ। ਚੌਮਸਕੀ-ਵਿਆਕਰਨ ਆਪਣੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਸੰਵਾਦ ਦੀ ਸਥਿਤੀ ਵਿੱਚੋਂ ਗੁਜ਼ਰਿਆ ਹੈ। ਸਿੱਟੇ ਵਜੋਂ ਇਸ ਨੇ ਬਹੁਤ ਸਾਰੇ ਪੈਰੋਕਾਰ ਵੀ ਪੈਦਾ ਕੀਤੇ ਹਨ ਅਤੇ ਮੁਕਾਬਲਤਨ ਵੱਧ ਪ੍ਰਭਾਵੀ ਅਤੇ ਮਕਬੂਲ ਵੀ ਹੋਇਆ ਹੈ। ਇਸ ਪੱਖੋਂ ਸਬੰਧਕੀ ਵਿਆਕਰਨ ਦੀ ਸਥਿਤੀ ਤਸੱਲੀਬਖ਼ਸ਼ ਨਹੀਂ ਹੈ।

ਭਾਵੇ 150 ਦੇ ਲੱਗਪਗ ਭਾਸ਼ਾ ਵਿਗਿਆਨੀਆਂ ਨੇ ਇਸ ਭਾਸ਼ਾ-ਸਿਧਾਂਤ ਬਾਰੇ ਲਿਖਿਆ ਹੈ ਅਤੇ ਇਸ ਦੀ ਸਮੱਗਰੀ ਪ੍ਰਮੁੱਖ ਖੋਜ-ਪੱਤ੍ਰਿਕਾਵਾਂ ਵਿੱਚ ਛਪ ਚੁੱਕੀ ਹੈ ਪਰ ਫਿਰ ਵੀ ਚੌਮਸਕੀ ਦੇ ਨਵੇਂ ਸਿਧਾਂਤ (ਜੀ.ਬੀ. ਸਿਧਾਂਤ) ਵਿੱਚ ਵਿਦਵਾਨਾਂ ਦੀ ਅੱਦਿਲਚਸਪੀ ਵੱਧ ਰਹੀ ਹੈ। ਇਸ ਲਈ ਸਬੰਧਕੀ ਵਿਆਕਰਨ ਨੂੰ ਵੀ ਹੋਰ ਵਿਕਸਿਤ ਕਰਨ ਦੀ ਲੋੜ ਹੈ ਤਾਂ ਕਿ ਇਹ ਮੁਕਾਬਲੇ ਦੇ ਮੁੱਖ ਮਾਡਲਾਂ ਦੇ ਹਾਣ ਦਾ ਹੋ ਸਕੇ। ਫਿਰ ਵੀ ਕਿਹਾ ਜਾ ਸਕਦਾ ਹੈ ਕਿ ਵਾਕ ਅਧਿਐਨ ਦਾ ਉਤਰ-ਚੌਮਸਕੀ ਪਰਿਪੇਖ ਕਿਸੇ ਭਾਸ਼ਾ ਦੇ ਵਾਕਾਂ ਦਾ ਵਿਸ਼ਲੇਸ਼ਣ ਗਹਿਰਾਈ ਵਿੱਚ ਜਾ ਕੇ, ਅਧਿਐਨ ਕਰਨ ਦੇ ਸਮਰੱਥ ਹੈ।ਅੱਜ ਭਾਸ਼ਾਵਾਂ ਦੇ ਕੰਪਿਊਟਰੀਕਰਨ ਕਰਨ ਦਾ ਕੰਮ ਪੂਰੇ ਜ਼ੋਰਾਂ ਨਾਲ ਹੋ ਰਿਹਾ ਹੈ।ਇਸ ਪ੍ਰਸੰਗ ਵਿਚ ਅੱਜ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਦੀ ਗੱਲ ਵੀ ਹੋ ਰਹੀ ਹੈ।ਇਸ ਦਿਸ਼ਾ ਵਿਚ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਦੀ ਪ੍ਰਕਿਰਿਆ ਜਾਰੀ ਹੈ।ਪੰਜਾਬੀ ਦਾ ਸਪੈਲਚੈਕਰ ਭਾਵੇਂ ਤਿਆਰ ਹੋ ਚੁੱਕਿਆ ਹੈ ਪਰ ਅਜੇ ਇਹ ਅਧੂਰਾ ਹੈ।ਇਸੇ ਤਰ੍ਹਾਂ ਗਰੈਮਰਚੈਕਰ ਤਿਆਰ ਕਰਨ ਵਿਚ ਮੁਸ਼ਕਲਾਂ ਆ ਰਹੀਆਂ ਹਨ।ਪੰਜਾਬੀ ਵਾਕ ਰਚਨਾ (ਖਾਸ ਕਰਕੇ ਮਿਸ਼ਰਤ ਵਾਕਾਂ ਦਾ) ਦਾ ਸਬੰਧਕਪਰਕ ਅਧਿਐਨ (Relational Study) ਇਸ ਦਿਸ਼ਾ ਵਿਚ ਸਹਾਇਕ ਸਿੱਧ ਹੋ ਸਕਦਾ ਹੈ।

ਹਵਾਲੇ

ਪੰਜਾਬੀ

ਹਰਕੀਰਤ ਸਿੰਘ,	1988	**ਪ੍ਰਮਾਣਿਕ ਪੰਜਾਬੀ ਵਿਆਕਰਨ,** ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ।
ਦੁਨੀ ਚੰਦਰ,	1964	**ਪੰਜਾਬੀ ਭਾਸ਼ਾ ਦਾ ਵਿਆਕਰਨ,** ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ।
ਬਰਾੜ, ਬੂਟਾ ਸਿੰਘ	1999	**ਸੰਬੰਧਕੀ ਵਿਆਕਰਨ ਅਤੇ ਪੰਜਾਬੀ ਵਾਕ ਰਚਨਾ ਦੇ ਪੱਖ,** ਅਣਪ੍ਰਕਾਸ਼ਿਤ ਪੀਐਚ.ਡੀ. ਖੋਜ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹਿੰਦੀ

ਮਹਾਜਨ, ਕਮਲੇਸ਼	1986	'ਪ੍ਰੇਰਨਾਰਥਕ ਵਾਕ' ਭੋਲਾ ਨਾਥ ਤਿਵਾਰੀ ਦੁਆਰਾ ਸੰਪਾਦਿਤ ਪੁਸਤਕ, **ਹਿੰਦੀ ਭਾਸ਼ਾ ਕੀ ਵਾਕ ਸੰਰਚਨਾ,** ਦਿੱਲੀ : ਸਾਹਿਤਯ ਸਹਿਕਾਰ।

ਅੰਗਰੇਜ਼ੀ

Andrews, A.	1975	**A Typological Survey of Retalive clauses,** Unpublished doctoral dissertation MIT.
Blake, B.J.	1990	**Relational Grammar,** London : Routledge.
Bowers, J.S.	1981	**The Theory of Grammatical Relations,** Cornell University Press.
Chomsky, N.	1965	**Aspects of the Theory of Syntax,** Cambridge, Mass -5 : MIT Press.
Chomsky, N.	1972	**Studies on Semantics in Generative Grammar,** The Hague : Mouton.
...	1976	'The system of causative construction' In Shibatani 1976

Chomsky, N.	1981	**Lectures on Government and Bindings,** Dordrcht : Foris.
Comire, B.	1972	**Noun Phrase Accessibility and Universal Grammar.** In Keenan 1987.
Donalson, S.R.	1971	Movement in restrictive clause in Hindi, **Studies in the Linguistic Sciences**-I, I-74.
Fillmore C.J.	1968	'The case for case in E.Bach and R.T. Harms (ed.) **Universals of Linguistics Theory,** New York : Holt, Rinehart and Winston.
Gupta, S.	1986	**Discourse Grammar of Hindi,** New Delhi : Bahri Publications Private Limited.
Johnson, D.E.	1979	**Towards a Theory of relationally Based Grammar,** New York & London : Garland Publishing Inc.
Kachru, Y.	1973	'Causative sentences in Hindi revisted'. In Braj Kachru & Others (ed.) **Issues in Linguistics,** Urbana : University of Illionis.
Keenan, E.L.	1987	**Universal Grammar : 15 Essays**. London : Croom Helm.
Krishnamurti, B	1971	'Causative Construction in Indian Languages'.In **Indian Linguistics,** Vol. 32, 18-35.
Lakshmibai, B.	1973	**A Case Grammar of Hindi**. Agra : Central Institute of Hindi.
Langendoen, T.	1969	**The London School of Linguistics :** A **Study of the Linguistic Theories of** B.

Malinowsky and J.R. Firth. Cambridge.

Lyons, J. 1968 **Introduction to Theoretical Linguistics,** Cambridge.

Martantz A 1984 **On the Nature of Grammatical Relations.** Cambridge, Mass, MIT Press.

Perlmutter D.M.and P.M. Postal 1974 **Lecturer on Relational Grammar** L.S.A. Linguistic Institute, University of Massachuasetts, Amherst.

Perlmutter D.M.(ed) 1983 **Studies in Relational Grammar-I,** Chicago : University of Chicgo Press.

Palmer, F. 1990 Grammar, Penguin Books.

Palmer, F.R. 1994 Grammatical Roles and Relations, Cambridge.

Subbarao, K.V. 1974 **Noun Phrase Complementation in Hindi,** Urbana : Unversity of illinois Ph.D. Dessertation (Unpublished).

Song, J.J. 1991 Causatives and Universal Gammar :an alternative Explanation. **Transactions of the Philological Society** -89

Shibatani M 1976 'The Grammar of Caustive Construction'. In M. Shibatani (ed.) **Syntax and Semantics,** Vol, 6, New York Academic Press.

ਪੰਜਾਬੀ ਭਾਸ਼ਾ ਅਤੇ ਸਾਧਕ ਮਾਪਦੰਡ

(1)

ਭਾਸ਼ਾਵਿਗਿਆਨ ਦੇ ਖੇਤਰ ਵਿਚ 'ਸਾਧਕਤਾ' (Ergativity) ਇਕ ਅਜਿਹਾ ਵਿਆਕਰਨਿਕ ਸੰਕਲਪ ਹੈ ਜਿਸ ਦਾ ਅਰਥ ਘੇਰਾ ਬਦਲਦਾ ਰਿਹਾ ਹੈ। ਇਸ ਤੱਥ ਨੂੰ ਤਾਂ ਬਹੁਤ ਸਾਰੇ ਭਾਸ਼ਾ ਵਿਗਿਆਨੀ ਮੰਨਦੇ ਹਨ ਕਿ ਨੈਸਰਗਿਕ ਭਾਸ਼ਾਵਾਂ ਵਿਭਿੰਨ ਸਾਧਕ ਲੱਛਣਾਂ ਦੀਆਂ ਧਾਰਨੀ ਹਨ। ਡਿਕਸਨ (1995 : 2) ਨੇ ਤਾਂ ਇਥੋਂ ਤੱਕ ਤੱਥ ਪੇਸ਼ ਕੀਤੇ ਹਨ ਕਿ 'ਸਾਧਕਤਾ' ਦੁਨੀਆਂ ਦੀਆਂ ਚੌਥਾ ਹਿੱਸਾ ਭਾਸ਼ਾਵਾਂ ਦਾ ਖਾਸਾ ਹੈ। ਪਰ ਸਾਧਕਤਾ ਦੇ ਅਰਥ ਕੀ ਹਨ ? ਇਸ ਦਾ ਪ੍ਰਭਾਵ ਖੇਤਰ ਭਾਸ਼ਾ ਦਾ ਕਿਹੜਾ ਪੱਧਰ ਹੈ ? ਇਸ ਦੇ ਪ੍ਰਗਟ ਲੱਛਣ ਕਿਹੜੇ ਹਨ ? ਆਦਿ ਤੱਥਾਂ ਬਾਰੇ ਵੱਖ-ਵੱਖ ਵਿਚਾਰ ਮਿਲਦੇ ਹਨ। ਜਦੋਂ ਸੱਭ ਤੋਂ ਪਹਿਲਾਂ ਯੌਰਪੀ ਭਾਸ਼ਾਵਿਗਿਆਨੀਆਂ ਨੂੰ ਸਾਧਕ ਬਣਤਰਾਂ ਬਾਰੇ ਸੂਹ ਮਿਲੀ ਤਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸਾਧਕ ਭਾਸ਼ਾਵਾਂ ਬੋਲਣਹਾਰੇ ਲੋਕਾਂ ਦੀ ਮਾਨਸਿਕਤਾ ਵੱਖਰੀ ਅਤੇ ਘਟੀਆ (inferior) ਹੈ। ਅਜਿਹੇ ਭਾਸ਼ਾ ਚਿੰਤਕਾਂ ਦਾ ਖਿਆਲ ਸੀ ਕਿ ਆਦਿ-ਮਾਨਵ ਸਾਧਕ ਭਾਸ਼ਾ ਬੋਲਦਾ ਸੀ। ਵਾਨ (Van Gnneken.J) ਨੇ ਬਾਸਕ (Basque) ਭਾਸ਼ਾ ਦਾ ਅਧਿਐਨ ਕਰਕੇ ਇਹ ਸਿੱਟਾ ਕੱਢਿਆ ਕਿ ਸਾਧਕ ਭਾਸ਼ਾਵਾਂ ਕਰਮਣੀ (Passive) ਖਾਸੇ ਦੀਆਂ ਧਾਰਨੀ ਹਨ। ਉਸ ਅਨੁਸਾਰ ਸਾਧਕ ਭਾਸ਼ਾਵਾਂ ਨਾਰੀਮੁਖੀ (Feminine -oriented) ਹਨ ਅਤੇ ਉਸ ਨੇ 'ਬਾਸਕ' ਭਾਸ਼ਾ ਦੀ ਭਾਰੋਪੀ ਪਰਿਵਾਰ ਦੀਆਂ ਭਾਸ਼ਾਵਾਂ ਨਾਲ ਤੁਲਨਾ ਕਰ ਕੇ, ਇਹ ਸਿੱਟਾ ਕੱਢਿਆ ਕਿ ਭਾਰੋਪੀ ਭਾਸ਼ਾਵਾਂ ਪਿਤਾ ਪ੍ਰਧਾਨ (Patrilineal) ਅਤੇ ਸਾਧਕ ਭਾਸ਼ਾਵਾਂ ਮਾਤਾ ਪ੍ਰਧਾਨ ਸਮਾਜ (matrilineal) ਇਹ ਬੋਲੀਆਂ ਜਾਂਦੀਆਂ ਹਨ। ਪਰ ਡਿਕਸਨ ਇਸ ਤੱਥ ਤੋਂ ਇਨਕਾਰੀ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਸਾਧਕ ਭਾਸ਼ਾਈ ਸਮਾਜ ਵਿਚ 30 ਸਾਲ ਗੁਜ਼ਾਰੇ ਹਨ। ਉਸ ਨੂੰ ਅਜਿਹਾ ਫਰਕ ਕਦੇ ਵੀ ਮਹਿਸੂਸ ਨਹੀਂ ਹੋਇਆ। ਡਿਕਸਨ ਦਾ ਮੱਤ ਹੈ ਕਿ ਕਿਸੇ ਭਾਸ਼ਾ ਦਾ ਸਾਧਕ ਹੋਣਾ ਇਕ ਅਕਾਰਕ (typological) ਚੋਣ ਹੈ। ਦਰਅਸਲ ਜਿਵੇਂ ਜ਼ਿੰਦਗੀ ਦੇ ਦਬਾਵਾਂ ਜਾਂ ਵਿਭਿੰਨ ਸਮਾਜਿਕ ਅਤੇ ਭੂਗੋਲਿਕ ਸਥਿਤੀਆਂ ਨਾਲ ਸਿਝਣ ਲਈ ਵੱਖ-ਵੱਖ ਸਮਾਜਾਂ ਦੇ ਲੋਕਾਂ ਦਾ ਰਹਿਣ-ਸਹਿਣ ਦਾ ਢੰਗ ਵੱਖਰਾ ਹੁੰਦੈ, ਉਵੇਂ ਹੀ ਭਾਵ ਜੁਗਤੀ ਅਤੇ ਵਿਆਕਰਨਕ ਲੋੜਾਂ ਦੀ ਪੂਰਤੀ ਲਈ ਅਲੱਗ-ਅਲੱਗ ਭਾਸ਼ਾਵਾਂ ਵਿਸ਼ੇਸ਼ ਭਾਂਤ ਦੀਆਂ ਵਿਆਕਰਨਕ ਬਣਤਰਾਂ ਦਾ

ਨਿਰਮਾਣ ਕਰ ਲੈਂਦੀਆਂ ਹਨ।

ਇਤਿਹਾਸਕ ਪਰਿਪੇਖ ਤੋਂ 'ਸਾਧਕਤਾ' ਸੰਗਿਆ ਦੀ ਵਰਤੋਂ ਸੱਭ ਤੋਂ ਪਹਿਲਾਂ ਦੀੜ (Dirr. A) ਨਾਂ ਦੇ ਭਾਸ਼ਾ ਵਿਗਿਆਨੀ ਨੇ ਦਾਗਿਸਤਾਨੀ ਭਾਸ਼ਾ ਰਟਲ (Rutul) ਦਾ ਵਰਣਨ ਕਰਦਿਆਂ ਕੀਤੀ। ਡਿਕਸਨ ਦੇ ਮੱਤ ਅਨੁਸਾਰ ਸਾਧਕ ਸੰਗਿਆ ਸੱਭ ਤੋਂ ਪਹਿਲਾਂ ਨਾਂਵਪਦ ਦੇ ਕਾਰਕ-ਚਿੰਨ੍ਹ ਲਈ ਵਰਤੀ ਗਈ। ਲਾਇਨਜ਼ (1968 : 351–52) ਅਨੁਸਾਰ ਅਰਗੇਟਿਵ ਸ਼ਬਦ ਦਾ ਨਿਰਮਾਣ ਗ੍ਰੀਕ ਧਾਤੂ (ergon) ਤੋਂ ਹੋਇਆ ਜਿਸ ਦੇ ਅਰਥ 'ਸਿਰਜਨ', 'ਕਰਵਾਉਣਾ' ਜਾਂ 'ਪ੍ਰਤੱਖ ਕਰਨਾ' ਹਨ। ਲਾਇਨਜ਼ ਨੇ ਇਸ ਸੰਕਲਪ ਦੀ ਵਿਆਖਿਆ ਇਉਂ ਪੇਸ਼ ਕੀਤੀ ਹੈ:

(1)
1. The Stone moved
2. John moved
3. John moved the stone

ਲਾਇਨਜ਼ ਅਨੁਸਾਰ ਇਨ੍ਹਾਂ ਵਾਕਾਂ ਵਿਚੋਂ ਪਹਿਲੇ ਅਤੇ ਦੂਜੇ ਵਾਕ ਵਿਚ 'ਮੂਵ' ਕਿਰਿਆ ਅਕਰਮਕ ਹੈ ਜਦ ਕਿ ਤੀਜੇ ਵਿਚ ਉਹੀ ਕਿਰਿਆ ਸਕਰਮਕ ਹੈ ਪਰ ਪਹਿਲੇ ਅਤੇ ਤੀਜੇ ਵਾਕ ਵਿਚ ਇਕ ਸੰਬੰਧ ਵੀ ਹੈ। ਪਹਿਲੇ ਵਾਕ ਦੁਆਰਾ ਪ੍ਰਾਪਤ ਸੂਚਨਾ ਦੇ ਆਧਾਰ ਤੇ ਪੁੱਛਿਆ ਜਾ ਸਕਦਾ ਹੈ ਕਿ ਪੱਥਰ ਨੂੰ ਹਿਲਾਉਣ ਵਾਲਾ ਕਰਤਾ (Agent) ਕੌਣ ਹੈ ? ਇਸ ਦਾ ਸਪੱਸ਼ਟ ਉਤਰ ਇਹੋ ਹੈ ਕਿ ਇਹ ਕਾਰਜ ਜੌਨ ਨੇ ਕੀਤਾ ਜੋ ਕਿ ਤੀਜੇ ਵਾਕ ਵਿਚੋਂ ਹੀ ਵਿਉਤਪੰਨ ਉਕਤੀ ਹੈ। ਲਾਇਨਜ਼ ਅਨੁਸਾਰ ਪਹਿਲੇ ਅਤੇ ਤੀਜੇ ਵਾਕ ਵਿਚਲੇ ਸਬੰਧਾਂ ਨੂੰ ਪ੍ਰਗਟ ਕਰਨ ਲਈ ਭਾਸ਼ਾਵਿਗਿਆਨੀ ਆਮ ਤੌਰ ਤੇ ਅਰਗੇਟਿਵ ਟਰਮ ਦੀ ਵਰਤੋਂ ਕਰਦੇ ਹਨ। ਪਹਿਲੇ ਵਾਕ ਵਿਚ ਅਕਰਮਕ ਕਿਰਿਆ 'ਮੂਵ' ਦਾ ਕਰਤਾ 'ਸਟੋਨ' ਸਕਰਮਕ ਕਿਰਿਆ 'ਮੂਵ' ਦਾ ਕਰਮ ਬਣ ਜਾਂਦਾ ਹੈ। ਇਥੇ ਇਕ ਨਵਾਂ ਕਰਤਾ 'ਜੌਨ' ਕਾਰਜ-ਕਰਤਾ (Agent) ਦੇ ਰੂਪ ਵਿਚ ਦਾਖ਼ਲ ਹੁੰਦਾ ਹੈ। ਇਸ ਤੋਂ ਬਿਨ੍ਹਾਂ ਕ੍ਰਿਸਟਲ, ਹੌਕਟ ਅਤੇ ਹੈਲੀਡੇ ਆਦਿ ਹੋਰ ਵੀ ਕਈ ਭਾਸ਼ਾ ਵਿਗਿਆਨੀਆਂ ਨੇ ਸਾਧਕਤਾ ਦੀ ਵਿਆਖਿਆ ਇਸੇ ਤਰ੍ਹਾਂ ਕੀਤੀ ਹੈ। ਰੈਡਫੋਰਡ (1996 : 374) ਇਨ੍ਹਾਂ ਸਬੰਧਾਂ ਨੂੰ Thematic relation ਅਤੇ ਮਾਰਾਂਚ (1964 : 196) ਇਨ੍ਹਾਂ ਨੂੰ ਤਰਕਾਰਥਕ ਸੰਬੰਧ (Logico-semantic) ਕਹਿੰਦਾ ਹੈ ਪਰ ਡਿਕਸਨ ਸਾਧਕਤਾ ਦੀਆਂ ਇਨ੍ਹਾਂ ਸਾਰੀਆਂ ਮਾਨਤਾਵਾਂ ਨੂੰ ਰੱਦ ਕਰਦਾ ਹੈ।

(2)

ਅਸਲ ਵਿਚ ਵੀਹਵੀਂ ਸਦੀ ਦੇ ਦੂਜੇ ਅੱਧ ਦੌਰਾਨ ਆਧੁਨਿਕ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਬਹੁਤ ਸਾਰੇ ਭਾਸ਼ਾ ਅਧਿਐਨ ਵਿਆਕਰਨਿਕ ਮਾਡਲਾਂ ਦਾ ਵਿਕਾਸ ਹੋਇਆ ਅਤੇ ਵਿਭਿੰਨ ਭਾਸ਼ਾਵਿਗਿਆਨੀਆਂ ਨੇ ਇਸ ਸੰਕਲਪ ਨੂੰ ਵਿਭਿੰਨ ਮਾਡਲਾਂ ਦੀ ਦ੍ਰਿਸ਼ਟੀ ਤੋਂ ਵਿਚਾਰਿਆ ਹੈ।ਕਿਸੇ ਨੇ **ਰੋਲ ਐਂਡ ਰੈਫਰੈਂਸ** ਮਾਡਲ ਦੀ ਦ੍ਰਿਸ਼ਟੀ ਤੋਂ ਕਿਸੇ ਨੇ **ਲੈਕਸੀਕਲ ਫੰਕਸ਼ਨਲ** ਗ੍ਰਾਮਰ ਦਾ ਦ੍ਰਿਸ਼ਟੀ ਤੋਂ ਅਤੇ ਕਿਸੇ ਨੇ ਚੌਮਸਕੀ ਦੇ **ਗੌਰਮਿੰਟ ਬਾਈਡਿੰਗ** ਦੇ ਸਿਧਾਂਤਕ ਚੌਖਟੇ ਵਿਚ ਸਾਧਕਤਾ ਦੇ ਸੰਕਲਪ ਦੀ ਵਿਆਖਿਆ ਕੀਤੀ ਹੈ।ਆਪਣੇ ਇਸ ਪਾਠ ਵਿਚ ਅਸੀਂ ਸੰਬੰਧਕੀ ਵਿਆਕਰਨ (Relational Grammar) ਦੀ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਵਿਚ ਸਾਧਕ ਬਣਤਰ ਦੀ ਹੋਂਦ ਬਾਰੇ ਪੜਤਾਲ ਕੀਤੀ ਹੈ।ਸਾਡਾ ਵਿਸ਼ਲੇਸ਼ਣ ਭਾਵੇ ਸਬੰਧਕੀ ਵਿਆਕਰਨ ਦੇ ਸਿਧਾਂਤਕ ਚੌਖਟੇ ਵਿਚ ਕੀਤਾ ਗਿਆ ਹੈ ਪਰ ਅਸੀਂ ਆਪਣੀ ਗੱਲ ਡਿਕਸਨ (1995) ਤੋਂ ਹੀ ਸ਼ੁਰੂ ਕਰਦੇ ਹਾਂ।ਡਿਕਸਨ (ਉਹੀ : 1) ਅਨੁਸਾਰ 'ਸਾਧਕਤਾ ਦੀ ਸੰਗਿਆ ਉਨ੍ਹਾਂ ਵਿਆਕਰਨਿਕ ਬਣਤਰਾਂ ਲਈ ਵਰਤੀ ਜਾਂਦੀ ਹੈ, ਜਿਨ੍ਹਾਂ ਵਿਚ ਅਕਰਮਕ ਵਾਕ ਦਾ ਕਰਤਾ (ਅਕ), ਸਕਰਮਕ ਵਾਕ ਦੇ ਮੁੱਖ ਕਰਮ (ਮੁਕ) ਸਮਾਨ ਹੁੰਦਾ ਹੈ ਅਤੇ ਸਕਰਮਕ ਕਰਤਾ (ਸਕ) ਤੋਂ ਭਿੰਨ ਹੁੰਦਾ ਹੈ।ਸਬੰਧਕੀ ਵਿਆਕਰਨ ਵਿਚ ਵੀ ਉਸ ਭਾਸ਼ਾ ਨੂੰ 'ਸਾਧਕ ਭਾਸ਼ਾ' ਮੰਨਿਆਂ ਗਿਆ ਹੈ, ਜਿਸ ਵਿਚ ਦੋ ਸਥਾਨੀ ਕਿਰਿਆ ਦਾ ਅਭਿਕਰਤਾ (agent) ਇਕ ਸਥਾਨੀ ਕਿਰਿਆ ਦੇ ਕਰਤਾ ਅਤੇ ਦੋ ਸਥਾਨੀ ਕਿਰਿਆ ਦੇ ਗ੍ਰਾਹੀ (Patient) ਨਾਲੋਂ ਵੱਖਰੀ ਤਰ੍ਹਾਂ ਚਿੰਨ੍ਹਤ (Marked) ਕੀਤਾ ਜਾਂਦਾ ਹੈ, (ਬਲੇਕ 1990 : 145)। ਇਸ ਤਰ੍ਹਾਂ ਸਾਧਕਤਾ ਸਕਰਮਕ ਅਤੇ ਅਕਰਮਕ ਵਾਕਾਂ ਵਿਚੋਂ ਪ੍ਰਗਟ ਹੋਣ ਵਾਲਾ ਇਕ ਅੰਤਰਵਾਕੀ ਵਿਆਕਰਨਕ ਲੱਛਣ ਹੈ।ਜਾਨਸਨ (1979 : 79) ਅਨੁਸਾਰ ਸਕਰਮਕ ਅਤੇ ਅਕਰਮਕ ਬਣਤਰਾਂ ਵਿਚਲੇ ਅੰਤਰਵਾਕੀ ਸਬੰਧਾਂ ਦੇ ਆਧਾਰ ਤੇ ਭਾਸ਼ਾਵਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ।

(ੳ) ਕਰਤਾ-ਕਰਮ ਭਾਸ਼ਾਵਾਂ (ਕਰਮ ਭਾਸ਼ਾਵਾਂ)

(Nominative-accusative Languages)

ਇਸ ਵਰਗ ਦੀਆਂ ਭਾਸ਼ਾਵਾਂ ਦੀ ਵਾਕ ਜੁਗਤ ਵਿਚ ਅਕ ਅਤੇ ਸਕ ਕਾਰਜੀ ਦ੍ਰਿਸ਼ਟੀ ਤੋਂ ਸਮਾਨ ਹੁੰਦੇ ਹਨ ਭਾਵ ਅਕ ਅਤੇ ਸਕ ਦੀਆਂ ਵਿਆਕਰਨਿਕ ਵਿਸ਼ੇਸ਼ਤਾਵਾਂ ਵਿਚ ਸਮਾਨਤਾ ਹੁੰਦੀ ਹੈ।ਰੁਪਾਂਤਰੀ ਨੇਮ ਵੀ ਦੋਹਾਂ ਉਪਰ ਸਮਾਨ ਰੂਪ ਨਾਲ ਲਾਗੂ

ਹੁੰਦੇ ਹਨ।ਇਸ ਤੋਂ ਬਿਨ੍ਹਾਂ ਸਕ ਕਰਤਾ ਕਾਰਕ, (Nominative case) ਦੀ ਸਥਿਤੀ ਵਿਚ ਹੁੰਦਾ ਹੈ ਅਤੇ ਉਸ ਨਾਲ ਸਬੰਧਕ ਦੀ ਵਰਤੋਂ ਨਹੀ ਹੁੰਦੀ।

(ਅ) ਪੂਰਨਤਾਪਰਕ-ਸਾਧਕ ਭਾਸ਼ਾਵਾਂ (ਸਾਧਕ ਭਾਸ਼ਾਵਾਂ)

(Absolutive-ergative Languages)


ਇਸ ਵਰਗ ਦੀਆਂ ਭਾਸ਼ਾਵਾਂ ਵਿਚ ਸਕ, ਸਾਧਕ ਕਾਰਕ (ergative case) ਵਿਚ ਹੁੰਦਾ ਹੈ।ਇਨ੍ਹਾਂ ਭਾਸ਼ਾਵਾਂ ਵਿਚ ਅਕ ਅਤੇ ਮੁਕ ਕਾਰਜੀ ਦ੍ਰਿਸ਼ਟੀ ਤੋਂ ਸਮਾਨ ਹੁੰਦੇ ਹਨ ਅਤੇ ਵਿਭਿੰਨ ਰੁਪਾਂਤਰੀ ਨੇਮ ਵੀ ਇਨ੍ਹਾਂ ਦੋਹਾਂ ਦੇ ਸਮਾਨ ਰੂਪ ਵਿਚ ਕਿਰਿਆ ਕਰਦੇ ਹਨ।

(3)


ਇਸ ਸਿਧਾਂਤਕ ਪਰਿਪੇਖ ਵਿਚ ਜਦੋਂ ਅਸੀਂ ਪੰਜਾਬੀ ਵਾਕ ਬਣਤਰ ਤੇ ਨਜ਼ਰਸਾਨੀ ਕਰਦੇ ਹਾਂ ਤਾਂ ਸਾਨੂੰ ਕੁਝ ਸਾਧਕ ਬਣਤਰਾਂ ਨਜ਼ਰ ਆਉਂਦੀਆਂ ਹਨ।ਪੰਜਾਬੀ ਵਾਕ ਰਚਨਾ ਵਿਚ ਸਕਰਮਕ ਕਿਰਿਆ ਦੇ ਪੂਰਨ ਕਿਰਦੰਤ (Perfect Participal) ਅਤੇ ਅਮਿਤ (Infinitive) ਰੂਪਾਂ ਨਾਲ ਸਕ ਚਿੰਨ੍ਹਤ ਹੋ ਕੇ, ਸਾਧਕ ਕਾਰਕ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।ਮਿਸਾਲ ਵਜੋਂ :

(A)

1. ਕਰਮ ਭਾਸ਼ਾਵਾਂ



2. ਸਾਧਕ ਭਾਸ਼ਾਵਾਂ



[1] 1. ਬੰਦੇ ਨੇ ਸਮਾਜ ਸਿਰਜਿਆ।

2. ਮੰਗਤੇ ਨੇ ਆਟਾ ਲੈਣਾ ਹੈ।

ਵਾਕ 1-1 ਦੀ ਸਕਰਮਕ ਕਿਰਿਆ 'ਸਿਰਜਿਆ' ਆਪਣੇ ਪੂਰਨ ਕਿਰਦੰਤੀ ਰੂਪ ਵਿਚ ਪੇਸ਼ ਹੋਈ ਹੈ ਅਤੇ 1-2 ਦੀ ਸਕਰਮਕ ਕਿਰਿਆ 'ਲੈਣਾ' ਅਮਿਤ ਰੂਪ ਵਿਚ ਪ੍ਰਗਟ ਹੈ।ਦੋਹਾਂ ਵਾਕਾਂ ਦੇ ਸਕ 'ਬੰਦੇ' ਅਤੇ 'ਮੰਗਤੇ' ਸਾਧਕ ਕਾਰਕ ਦੇ ਰੂਪ ਵਿਚ ਪ੍ਰਤੱਖ ਹਨ।ਸਾਧਕ ਕਾਰਕ ਦਾ ਪ੍ਰਗਟਾਵਾ ਸਾਧਕ ਚਿੰਨ੍ਹ 'ਨੇ' ਰਾਹੀਂ ਹੋਇਆ ਹੈ।ਇਨ੍ਹਾਂ ਸਾਧਕ ਬਣਤਰਾਂ ਦੀਆਂ ਕਿਰਿਆਵਾਂ ਦਾ ਵਿਆਕਰਨਕ ਮੇਲ ਇਨ੍ਹਾਂ ਵਿਚਲੇ ਕਰਮ 'ਸਮਾਜ' ਅਤੇ 'ਆਟਾ' ਅਨੁਸਾਰ ਹੈ।

ਇਨ੍ਹਾਂ ਸਾਧਕ ਅਨੁਸਾਰੀ ਬਣਤਰਾਂ ਤੋਂ ਇਲਾਵਾ ਪੰਜਾਬੀ ਵਿਚ ਬਹੁਤ ਸਾਰੀਆਂ ਬਣਤਰਾਂ ਅਜਿਹੀਆਂ ਵੀ ਹਨ ਜਿਹੜੀਆਂ ਸਾਧਕ ਮਾਪਦੰਡ ਤੇ ਪੂਰੀਆਂ ਨਹੀਂ ਉਤਰਦੀਆਂ।ਪੰਜਾਬੀ ਵਾਕ ਜੁਗਤ ਵਿਚ ਭੂਤ, ਵਰਤਮਾਨ ਅਤੇ ਭਵਿੱਖ ਕਾਲ ਦੇ ਬਹੁਤ ਸਾਰੇ ਭੇਦਾਂ ਨਾਲ ਸਕ ਚਿੰਨ੍ਹਤ ਹੋ ਕੇ ਪ੍ਰਗਟ ਨਹੀਂ ਹੁੰਦਾ।ਮਿਸਾਲ ਵਜੋਂ

[2] 1. **ਭੂਤਕਾਲ ਦੇ ਰੂਪ** : *ਬੱਚਾ ਕਿਤਾਬ (ਪੜ੍ਹਦਾ ਸੀ, ਪੜ੍ਹ ਚੁੱਕਾ ਸੀ, ਪੜ੍ਹਦਾ ਹੁੰਦਾ ਸੀ, ਪੜ੍ਹ ਰਿਹਾ ਸੀ, ਪੜ੍ਹਦਾ ਰਹਿੰਦਾ ਸੀ ਅਤੇ ਪੜ੍ਹਦਾ ਰਿਹਾ ਸੀ ਆਦਿ)*

2. **ਵਰਤਮਾਨ ਕਾਲ ਦੇ ਰੂਪ** : *ਕੁੜੀ ਚਿੱਠੀ (ਲਿਖਦੀ ਹੈ, ਲਿਖ ਚੁੱਕੀ ਹੈ,*

ਲਿਖਦੀ ਹੁੰਦੀ ਹੈ, ਲਿਖ ਰਹੀ ਹੈ, ਲਿਖਦੀ ਰਹਿੰਦੀ ਹੈ, ਲਿਖਦੀ ਰਹੀ ਹੈ, ਅਤੇ ਲਿਖੇ ਆਦਿ

3. **ਭਵਿੱਖ ਕਾਲ ਦੇ ਰੂਪ** : *ਮੁੰਡਾ ਰੋਟੀ (ਖਾਏਗਾ, ਖਾਊ, ਖਾ ਚੁੱਕੇਗਾ,, ਖਾ ਚੁੱਕਾ ਹੋਵੇਗਾ, ਖਾਇਆ ਕਰੇਗਾ, ਖਾ ਰਿਹਾ ਹੋਵੇਗਾ ਅਤੇ ਖਾਂਦਾ ਰਹੇਗਾ ਆਦਿ।*

(4)

ਸਾਧਕ ਮਾਪਦੰਡ ਅਨੁਸਾਰ ਅਕ ਅਤੇ ਮੁਕ ਅਚਿੰਨ੍ਹਤ ਰੂਪ ਵਿਚ ਪ੍ਰਗਟ ਹੁੰਦੇ ਹਨ ਪਰ ਪੰਜਾਬੀ ਭਾਸ਼ਾ ਦੀ ਵਾਕ ਰਚਨਾ ਵਿਚ ਅਕ ਅਤੇ ਮੁਕ ਵੀ ਚਿੰਨ੍ਹਤ ਹੋ ਕੇ ਵਿਚਰਦੇ ਹਨ।ਮਿਸਾਲ ਵਜੋ :

[3] *1. **ਮੁੰਡੇ** ਨੇ ਆਉਣਾ ਹੈ।* *(ਅਕ)*

*2. ਮਾਂ ਨੇ **ਬੱਚੇ** ਨੂੰ ਮਾਰਿਆ* *(ਮੁਕ)*

(3–1) ਵਿਚ ਅਕਰਮਕ ਕਿਰਿਆ 'ਆ' ਅਮਿਤ ਰੂਪ ਵਿਚ ਪ੍ਰਗਟ ਹੈ ਅਤੇ ਇਸ ਦਾ ਅਕ 'ਮੁੰਡੇ ਚਿੰਨ੍ਹਤ ਹੈ।3–2 ਵਿਚ 'ਮਾਰਿਆ' ਸਕਰਮਕ ਕਿਰਿਆ ਆਪਣੇ ਪੂਰਨ ਕਿਰਦੰਤੀ ਰੂਪ ਵਿਚ ਪ੍ਰਗਟ ਹੈ ਅਤੇ ਇਸ ਦਾ ਮੁਕ 'ਬੱਚੇ' ਸਬੰਧਕ 'ਨੂੰ' ਨਾਲ ਚਿੰਨ੍ਹਤ ਹੋ ਕੇ ਵਿਕਾਰੀ ਕਾਰਕ (Oblique case) ਵਿਚ ਸਾਕਾਰ ਹੈ।

ਇਸ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਪੰਜਾਬੀ ਵਾਕ ਰਚਨਾ ਵਿਚ ਭੂਤਕਾਲ (ਪੂਰਨ ਪੱਖੀ) ਦੇ ਕੇਵਲ ਦੋ ਰੂਪਾਂ ਅਤੇ ਸਕਰਮਕ ਕਿਰਿਆ ਦੇ ਅਮਿਤ ਰੂਪਾਂ ਨਾਲ ਹੀ ਸਕ ਚਿੰਨ੍ਹਤ ਹੋ ਕੇ ਸਾਧਕ ਕਾਰਕ ਦੇ ਰੂਪ ਵਿਚ ਉਜਾਗਰ ਹੁੰਦਾ ਹੈ।ਇਸ ਤੋਂ ਬਿਨ੍ਹਾਂ ਅਕ ਅਤੇ ਮੁਕ ਵੀ ਚਿੰਨ੍ਹਤ ਰੂਪ ਵਿਚ ਪੇਸ਼ ਹੋ ਜਾਂਦੇ ਹਨ ਜਦੋਂ ਕਿ ਸਾਧਕ ਮਾਪਦੰਡ ਅਨੁਸਾਰ ਅਜਿਹਾ ਨਹੀਂ ਹੋਣਾ ਚਾਹੀਦਾ।ਇਸ ਲਈ ਸਧਾਰਨ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਸਾਧਕ ਪ੍ਰਤੀਤ ਹੁੰਦੀ ਹੈ ਪਰ ਇਹ ਰੁਪਾਤਮਕ ਪੱਖ ਤੋਂ ਪੂਰੀ ਤਰ੍ਹਾਂ ਸਾਧਕ ਨਹੀਂ ਹੈ।

(5)

ਸਾਧਕ ਭਾਸ਼ਾਵਾਂ ਦੀ ਦੂਜੀ ਅਹਿਮ ਵਿਸ਼ੇਸ਼ਤਾ ਇਹ ਮੰਨੀ ਗਈ ਹੈ ਕਿ ਇਨ੍ਹਾਂ

ਭਾਸ਼ਾਵਾਂ ਦੀ ਵਾਕ ਰਚਨਾ ਵਿਚ ਅਕ ਅਤੇ ਮੁਕ ਦਰਮਿਆਨ ਵਿਆਕਰਨਕ ਕਾਰਜ ਦੀ ਸਮਾਨਤਾ ਹੁੰਦੀ ਹੈ ਭਾਵ ਅਕ ਅਤੇ ਮੁਕ ਵਿਭਿੰਨ ਵਿਆਕਰਨਕ ਨੇਮਾਂ ਉਤੇ ਸਮਾਨ ਰੂਪ ਨਾਲ ਨਿਯੰਤਰਨ ਰੱਖਦੇ ਹਨ।ਇਸ ਸਬੰਧ ਵਿਚ ਸਬੰਧਕੀ ਵਿਆਕਰਨ ਵਿਚ ਕੁਝ ਨੇਮ ਪੇਸ਼ ਕੀਤੇ ਗਏ ਹਨ।ਹੁਣ ਅਸੀਂ ਇਨ੍ਹਾਂ ਨੇਮਾਂ ਦੇ ਆਧਾਰ ਤੇ ਪੰਜਾਬੀ ਵਾਕ ਰਚਨਾ ਵਿਚ ਕਾਰਜਸ਼ੀਲ ਅਕ ਅਤੇ ਮੁਕ ਦੀ ਕਾਰਜੀ ਸਮਾਨਤਾ ਦੀ ਸੰਖੇਪ ਵਿਚ ਪੜਚੋਲ ਕਰਾਂਗੇ :

5.1 ਕਿਰਿਆਵੀਂ ਮੇਲ ਨੇਮ (Verbal agreement rule)

ਪੰਜਾਬੀ ਵਾਕ ਰਚਨਾ ਵਿਚ ਜੇ ਅਕ ਜਾਂ ਸਕ ਸਧਾਰਨ ਰੂਪ ਵਿਚ ਪ੍ਰਗਟ ਹੋਣ ਤਾਂ ਕਿਰਿਆ ਦਾ ਮੇਲ ਇਨ੍ਹਾਂ ਨਾਲ ਹੁੰਦਾ ਹੈ।ਜੇ ਅਕ ਸਬੰਧਕ ਯੁਕਤ ਹੋਵੇ ਤਾਂ ਕਿਰਿਆ ਮੇਲ ਮੁਕਤ ਵਿਚਰਦੀ ਹੈ।ਜੇ ਸਕ ਸਬੰਧਕ ਯੁਕਤ ਹੋਵੇ ਤਾਂ ਕਿਰਿਆ ਮੁਕ ਅਨੁਸਾਰੀ ਹੁੰਦੀ ਹੈ।ਪਰ ਜੇ ਸਕ ਤੇ ਮੁਕ ਦੋਵੇਂ ਹੀ ਸਬੰਧਕ ਯੁਕਤ ਹੋਣ ਤਾਂ ਕਿਰਿਆ ਮੇਲ ਮੁਕਤ ਹੋ ਜਾਂਦੀ ਹੈ।ਮਿਸਾਲ ਵਜੋਂ :

[4] *1. ਕੁੜੀ ਨੱਚਦੀ ਹੈ।*

2. ਕੁੜੀ ਨੇ ਨੱਚਿਆ।

3. ਬੱਚਾ ਕਿਤਾਬ ਪੜ੍ਹਦਾ ਹੈ।

4. ਬੱਚੇ ਨੇ ਕਿਤਾਬ ਪੜ੍ਹੀ।

5. ਮਾਂ ਨੇ ਬੱਚੇ ਨੂੰ ਮਾਰਿਆ।

ਇਸ ਲਈ ਸਪੱਸ਼ਟ ਹੈ ਕਿ ਪੰਜਾਬੀ ਵਿਚ ਇਹ ਨੇਮ ਅਕ ਅਤੇ ਮੁਕ ਤੇ ਹੀ ਨਹੀਂ ਸਗੋਂ ਅਕ, ਮੁਕ ਤੇ ਸਕ ਤਿੰਨਾਂ ਤੇ ਹੀ ਸਮਾਨ ਰੂਪ ਨਾਲ ਲਾਗੂ ਹੁੰਦਾ ਹੈ।ਇਸ ਲਈ ਪੰਜਾਬੀ ਕਿਰਿਆਵੀਂ ਮੇਲ ਨੇਮ ਅਕ ਅਤੇ ਮੁਕ ਦੀ ਪ੍ਰਾਥਮਿਕਤਾ ਸਿੱਧ ਨਹੀਂ ਕਰਦਾ।

5.2 ਕਿਰਦੰਤ ਵਿਸ਼ੇਸ਼ਕ ਨੇਮ (Paricipial Modifier rule)

ਇਸ ਨੇਮ ਤਹਿਤ ਵਾਕ ਦੀ ਕਿਰਿਆ ਕਿਰਦੰਤੀ ਰੂਪ ਵਿਚ ਬਦਲ ਕੇ ਵਿਸ਼ੇਸ਼ਕ ਦੇ ਤੌਰ ਤੇ ਕਾਰਜਸ਼ੀਲ ਹੁੰਦੀ ਹੈ।ਕਿਰਿਆ ਦਾ ਇਹ ਰੂਪ ਪੂਰਨ ਜਾਂ ਅਪੂਰਨ ਪੱਖ ਤੋਂ ਬਣਦਾ ਹੈ।ਇਸ ਲਈ ਇਸ ਨੇਮ ਦੇ ਦੋ ਉਪਭਾਗ ਹਨ : **ਪੂਰਨ ਕਿਰਦੰਤ ਵਿਸ਼ੇਸ਼ਕ ਨੇਮ ਅਤੇ ਅਪੂਰਨ ਕਿਰਦੰਤ ਵਿਸ਼ੇਸ਼ਕ ਨੇਮ**।ਪੰਜਾਬੀ ਵਿਚ ਪਹਿਲਾ ਨੇਮ ਸਕ ਤੇ ਲਾਗੂ ਨਹੀਂ ਹੁੰਦਾ ਅਤੇ ਦੂਜਾ ਨੇਮ ਮੁਕ ਤੇ ਲਾਗੂ ਨਹੀਂ ਹੁੰਦਾ।ਇਸ ਲਈ ਇਹ ਨੇਮ ਵੀ ਸਾਧਕ ਮਾਪਦੰਡ ਪ੍ਰਤੀ ਸੰਵੇਦਨਸ਼ੀਲ ਨਹੀਂ ਹੈ।ਮਿਸਾਲ ਵਜੋਂ :

[5] *1. ਮੁੰਡਾ ਪੰਜਵੀਂ ਤੱਕ ਪੜ੍ਹਿਆ।* *(ਅਕ)*

0 ਪੰਜਵੀਂ ਤੱਕ ਪੜ੍ਹਿਆ (ਹੋਇਆ) ਮੁੰਡਾ........

2. ਬੱਚੇ ਨੇ ਕਿਤਾਬ ਪੜ੍ਹੀ। *(ਮੁਕ)*

0 ਬੱਚੇ ਦੀ ਪੜ੍ਹੀ (ਹੋਈ) ਕਿਤਾਬ.........

3. ਬੱਚੇ ਨੇ ਕੰਮ ਕੀਤਾ। *(ਸਕ)*

* *ਕੰਮ ਕੀਤਾ ਬੱਚਾ*

4. ਕੁੜੀ ਕਿਤਾਬ ਪੜ੍ਹਦੀ ਹੈ। *(ਸਕ)*

0 ਕਿਤਾਬ ਪੜ੍ਹਦੀ (ਹੋਈ) ਕੁੜੀ ....

5. ਪੰਛੀ ਉਡਦਾ ਹੈ। *(ਅਕ)*

0 ਉਡਦਾ (ਹੋਇਆ) ਪੰਛੀ............

6. ਕੁੜੀ ਚਿੱਠੀ ਲਿਖਦੀ ਹੈ। *(ਮੁਕ)*

* *ਕੁੜੀ ਲਿਖਦੀ ਚਿੱਠੀ*

5.3 ਸੰਖਿਅਕ ਸਥਾਨੰਤਰਨ ਨੇਮ (Quantfier Floating Rule)

ਇਸ ਨੇਮ ਤਹਿਤ ਸੰਖਿਆ-ਬੋਧਕ ਸ਼ਬਦਾਂ ਨੂੰ ਵਾਕ ਵਿਚਲੇ ਮੂਲ ਸਥਾਨ ਤੋਂ ਸਥਾਨੰਤਰਨ ਕੀਤਾ ਜਾਂਦਾ ਹੈ।ਜਿਨ੍ਹਾਂ ਭਾਸ਼ਾਵਾਂ ਵਿਚ ਇਹ ਸਥਾਨ ਬਦਲੀ ਬਿਨਾਂ ਵਾਕਾਰਥਿਕ ਸੰਬਧ ਭੰਗ ਕੀਤਿਆਂ ਹੋ ਜਾਂਦੀ ਹੈ, ਉਹਨਾਂ ਵਿਚ ਇਹ ਨੇਮ ਅਕ ਅਤੇ ਮੁਕ ਦੀ ਪ੍ਰਾਥਮਿਕਤਾ ਸਿੱਧ ਕਰ ਦਿੰਦਾ ਹੈ।ਪੰਜਾਬੀ ਭਾਸ਼ਾ ਵਿਚ ਸੰਖਿਆ ਬੋਧਕ ਸ਼ਬਦ ਆਪਣੇ ਪਰਵਰਤੀ (Subsequent) ਨਾਂਵ, ਕਿਰਿਆ ਵਿਸ਼ੇਸ਼ਣ ਅਤੇ ਕੁਝ ਕਿਰਿਆਵਾਂ ਦੇ ਵਿਸ਼ੇਸ਼ਕ ਦੇ ਤੌਰ ਤੇ ਵਿਚਰਦੇ ਹਨ।ਜਦ ਇਨ੍ਹਾਂ ਦਾ ਸਥਾਨੰਤਰਨ ਕੀਤਾ ਜਾਂਦਾ ਹੈ ਤਾਂ ਵਾਕ ਨਵੇਂ ਅਰਥ ਸੰਚਾਰਦਾ ਹੈ।ਇਸ ਲਈ ਪੰਜਾਬੀ ਵਿਚ ਅਕ ਅਤੇ ਮੁਕ ਪ੍ਰਾਥਮਿਕ ਵਿਆਕਰਨਕ ਸਬੰਧ ਨਹੀਂ ਹਨ।ਮਿਸਾਲ ਵਜੋਂ :

[6] 1. $\begin{bmatrix}\text{ਬਹੁਤ}\\ \text{ਕੁਝ}\end{bmatrix}$ ਮੁੰਡਿਆ ਨੇ ਕੰਮ ਕੀਤਾ।

2. ਮੁੰਡਿਆਂ ਨੇ $\begin{bmatrix}\text{ਬਹੁਤ}\\ \text{ਕੁਝ}\end{bmatrix}$ ਕੰਮ ਕੀਤਾ।

[7] 1. $\begin{bmatrix}\text{ਬਹੁਤ}\\ \text{ਕੁਝ}\end{bmatrix}$ ਮੁੰਡੇ ਨੱਚੇ

2. ਮੁੰਡੇ [ਬਹੁਤ / ਕੁਝ] ਨੱਚੇ।

[8] 1. [ਬਹੁਤ / ਕੁਝ] ਕੁੜੀਆਂ ਪਿਛੋਂ ਆਈਆਂ।

2. ਕੁੜੀਆਂ ਬਹੁਤ ਪਿਛੋਂ ਆਈਆਂ।

5.4 ਸਮ-ਨਾਵਾਂ ਲੋਪ ਨੇਮ (Equi-N.P. deletion rule)

ਸਮ-ਨਾਵਾਂ ਲੋਪ ਨੇਮ ਦਾ ਸਬੰਧ ਉਭਾਰਨ (Raising) ਨਾਲ ਹੈ।ਬਾਵਰਸ (1981 : 166) ਤਾਂ ਸਮ-ਨਾਵਾਂ ਲੋਪ ਨੇਮ ਅਤੇ ਉਭਾਰਨ ਨੇਮ ਨੂੰ ਇਕੋ ਨੇਮ ਹੀ ਕਹਿੰਦਾ ਹੈ।ਉਭਾਰਨ ਨੇਮ ਤਹਿਤ ਇਕ ਉਪਵਾਕ ਦੇ ਅੰਗਾਂ ਦਾ ਉਭਾਰਨ ਕਰ ਕੇ , ਉਨ੍ਹਾਂ ਨੂੰ ਦੂਜੇ ਉਪਵਾਕ ਵਿਚ ਜੜਿਆ ਜਾਂਦਾ ਹੈ।ਇਸ ਪ੍ਰਕਿਰਿਆ ਵਿਚ ਇਕ ਉਪਵਾਕ ਦੇ ਸਮ-ਨਾਵਾਂ ਦਾ ਲੋਪਨ ਹੋ ਜਾਂਦਾ ਹੈ।ਸਾਧਕ **ਭਾਸ਼ਾਵਾਂ** ਵਿਚ ਸਾਧਕ ਨਾਂਵ, ਸਮ-ਨਾਵਾਂ ਲੋਪ ਨੇਮ ਤੇ ਨਿਯੰਤਰਨ ਨਹੀਂ ਰੱਖ **ਸਕਦਾ**.**ਪਰ** ਪੰਜਾਬੀ ਵਿਚ ਸਾਧਕ ਨਾਂਵ (ਸਕ) ਵੀ ਇਸ ਨੇਮ ਤੇ ਨਿਯੰਤਰਨ ਰੱਖਣ ਵਿਚ ਸਮਰੱਥ ਹੈ।ਪ੍ਰਮਾਣ ਸਰੂਪ ਹੇਠਾਂ ਵਾਕ ਪੇਸ਼ ਹਨ :

[9] *1. ਮੁੰਡੇ ਨੇ ਰੋਟੀ ਖਾਧੀ ਅਤੇ (ਮੁੰਡੇ) ਨੇ ਭਾਂਡੇ ਮਾਂਜੇ।*

0 ਮੁੰਡੇ ਨੇ ਰੋਟੀ ਖਾ ਕੇ ਭਾਂਡੇ ਮਾਂਜੇ।

2. ਮੰਤਰੀ ਨੇ ਦੱਸਿਆ ਕਿ (ਮੰਤਰੀ) ਆ ਰਿਹਾ ਹੈ।

0 ਮੰਤਰੀ ਨੇ ਆਪਣੇ ਆਉਣ ਬਾਰੇ ਦੱਸਿਆ।

5.5 ਸਬੰਧਵਾਚੀਕਰਨ ਨੇਮ (Relativization rule)

ਇਸ ਨੇਮ ਤਹਿਤ ਇਹ ਨਿਰਖ ਕੀਤੀ ਜਾਂਦੀ ਹੈ ਕਿ ਸਬੰਧਕੀ ਕ੍ਰਮ ਦੇ ਕਿਹੜੇ -ਕਿਹੜੇ ਵਿਆਕਰਨਕ ਸਬੰਧ ਵਾਲੇ ਨਾਂਵ ਵਾਕੰਸ਼ ਸਬੰਧਵਾਚੀਕ੍ਰਿਤ ਹੋ ਸਕਦੇ ਹਨ।ਪੰਜਾਬੀ ਵਾਕ ਰਚਨਾ ਵਿਚ ਸਮੂਹ ਵਿਆਕਰਨਕ ਸਬੰਧ ਸਬੰਧਵਾਚੀਕ੍ਰਿਤ ਹੋ ਸਕਦੇ ਹਨ [1]।ਇਸ ਲਈ ਪੰਜਾਬੀ ਭਾਸ਼ਾ ਵਿਚ ਸਾਧਕ ਨਾਂਵ (ਸਕ) ਵੀ ਉਸੇ ਤਰ੍ਹਾਂ ਸਬੰਧਵਾਚੀਕ੍ਰਿਤ ਹੋ ਜਾਂਦਾ ਹੈ, ਜਿਵੇਂ ਪੂਰਨਤਾਪਰਕ ਨਾਂਵ (ਅਕ, ਮੁਕ) ਹੁੰਦਾ ਹੈ।ਇਸ ਲਈ ਇਹ ਨੇਮ ਵੀ ਸਾਧਕ ਮਾਪਦੰਡ ਪ੍ਰਤੀ ਸੰਵੇਦਨਸ਼ੀਲ ਨਹੀਂ ਹੈ।ਮਿਸਾਲ ਵਜੋਂ

[10] *1. ਜੋ **ਕੁੜੀ** ਨੱਚ ਰਹੀ ਹੈ, ਉਹ ਇਥੇ ਹੀ ਰਹੇਗੀ। (ਅਕ)*

(1) ਵੇਖੋ ਪਾਠ ਪਹਿਲਾ (1.1)

*2. ਜਿਸ **ਮੁੰਡੇ** ਨੇ ਰੋਟੀ ਖਾਧੀ, ਉਹ ਹੁਣ ਬਾਹਰ ਖੜਾ ਹੈ। (ਸਕ)*

*3. ਨਾਨਕੀਆਂ ਨੇ **ਉਹ ਮੰਜਾ** ਤੋੜਿਆ, ਜੋ ਕੋਠੇ ਉਤੇ ਪਿਆ ਸੀ।(ਮੁਕ)*

5.6 ਨਿਜਵਾਚੀਕਰਨ ਨੇਮ (Reflexivization rule)

ਨਿਜਵਾਚੀਕਰਨ ਨੇਮ ਵਾਕ ਵਿਚ ਦੋ ਇਕਾਈਆਂ ਦੇ ਸਹਿਸੂਚੀਕਰਨ (Co-indexation) ਨੂੰ ਪਰਿਭਾਸ਼ਤ ਕਰਦਾ ਹੈ।ਪੰਜਾਬੀ ਭਾਸ਼ਾ ਵਿਚ ਅਕ, ਸਕ ਅਤੇ ਮੁਕ ਤੇ ਨਿਜਵਾਚੀਕਰਨ ਨੇਮ ਲਾਗੂ ਹੁੰਦਾ ਹੈ।

[11] *1. ਕੁੜੀ ਆਪਣੇ ਘਰ ਗਈ। (ਅਕ)*

2. ਕੁੜੀ ਨੇ ਆਪਣੇ ਲਈ ਚਾਹ ਬਣਾਈ। (ਸਕ)

3. ਕੁੜੀ ਨੇ ਆਪਣੀ ਕਿਤਾਬ ਪੜ੍ਹੀ। (ਮੁਕ)

2.5.7 ਵਿਸਥਾਪਨ ਨੇਮ (Dislocation rule)

ਇਸ ਨੇਮ ਤਹਿਤ ਵਾਕਾਤਮਿਕ ਸ਼ਬਦ-ਕ੍ਰਮ ਵਿਸਥਾਪਿਤ ਕੀਤਾ ਜਾਂਦਾ ਹੈ। ਪੰਜਾਬੀ ਵਿਚ ਸਾਧਕ ਬਣਤਰਾਂ ਤੇ ਤਾਂ ਇਹ ਨੇਮ ਲਾਗੂ ਹੁੰਦਾ ਹੈ ਪਰ ਅਸਾਧਕ ਬਣਤਰਾਂ ਤੇ ਇਹ ਨੇਮ ਲਾਗੂ ਨਹੀਂ ਹੁੰਦਾ। ਮਿਸਾਲ ਵਜੋਂ :

(12) *1. ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ।*

(ਸਾਧਕ ਬਣਤਰ)

0 ਲੋਕਾਂ ਦਾ ਲੱਕ ਮਹਿੰਗਾਈ ਨੇ ਤੋੜ ਦਿੱਤਾ।


2. ਸੱਪ ਨਿਉਲਾ ਖਾਂਦਾ ਹੈ। (ਅਸਾਧਕ ਬਣਤਰ)

0 ਨਿਉਲਾ ਸੱਪ ਖਾਂਦਾ ਹੈ।

12.1 ਵਾਕ ਦਾ ਵਿਸਥਾਪਨ ਕੀਤਿਆਂ ਵਿਆਕਰਨਕ ਸੰਬਧਾਂ ਵਿਚ ਕੋਈ ਫ਼ਰਕ ਨਹੀਂ ਪਿਆ ਪਰ 12.2 ਵਾਕ ਦਾ ਸ਼ਬਦ-ਕ੍ਰਮ ਬਦਲਣ ਨਾਲ ਵਿਆਰਕਰਨਕ ਸੰਬੰਧ ਬਦਲ ਗਏ ਹਨ। ਇਸ ਲਈ ਇਹ ਨੇਮ ਵੀ ਪੰਜਾਬੀ ਵਾਕ ਬਣਤਰ ਤੇ ਲਗੂ ਨਹੀਂ ਹੁੰਦਾ।

2.6 ਇਨ੍ਹਾਂ ਪ੍ਰਮਾਣਾਂ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਦੇ ਅਕਰਮਕ ਅਤੇ ਸਕਰਮਕ ਵਾਕਾਂ ਦੇ ਅੰਤਰਵਾਕੀ ਵਿਆਕਰਨਕ ਸਬੰਧ ਬੜੇ ਤਰਲ ਹਨ। ਸਾਧਕ ਕਸੌਟੀ ਅਨੁਸਾਰ ਪੰਜਾਬੀ ਵਿਚ ਕੁਝ ਸਥਿਤੀਆਂ ਵਿਚ ਹੀ ਸਕ ਚਿੰਨ੍ਹਤ ਹੋ ਕੇ, ਸਾਧਕ ਕਾਰਕ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਪਰ ਬਹੁਤ ਸਾਰੀਆਂ ਸਥਿਤੀਆਂ ਵਿਚ ਸਕ ਅਚਿੰਨ੍ਹਤ ਰੂਪ ਵਿਚ ਵੀ ਸਾਕਾਰ ਹੁੰਦੇ ਹਨ। ਇਸ ਤੋਂ ਇਲਾਵਾ ਅਕ ਅਤੇ ਮੁਕ ਵੀ ਚਿੰਨ੍ਹਤ ਰੂਪ ਵਿਚ ਉਜਾਗਰ ਹੋ ਜਾਂਦੇ ਹਨ। ਇਸ

ਲਈ ਰੂਪਾਤਮਕ ਪੱਧਰ ਤੇ ਪੰਜਾਬੀ ਭਾਸ਼ਾ ਖੰਡਿਤ (Split) ਸਾਧਕ ਹੈ। ਵਾਕਾਤਮਿਕ ਪੱਧਰ ਤੇ ਪੰਜਾਬੀ ਭਾਸ਼ਾ ਬਿਲਕੁਲ ਹੀ ਸਾਧਕ ਨਹੀਂ ਹੈ, ਕਿਉਂਕਿ ਪੰਜਾਬੀ ਵਾਕ ਬਣਤਰ ਵਿਚ ਅਕ, ਮੁਕ ਅਤੇ ਸਕ ਤਿੰਨੇ ਹੀ ਸਮਾਨ ਰੂਪ ਵਿਚ ਕਾਰਜ ਕਰਦੇ ਹਨ। ਅਸਲ ਵਿਚ ਬੁਨਿਆਦੀ ਤੌਰ ਤੇ ਪੰਜਾਬੀ ਭਾਸ਼ਾ **ਕਰਮ ਭਾਸ਼ਾ** ਹੈ ਪਰ ਇਤਿਹਾਸਕ ਵਿਕਾਸ ਪ੍ਰਕਿਰਿਆ ਦੌਰਾਨ ਇਸ ਵਿਚ ਕੁਝ ਕੁ ਸਾਧਕ ਲੱਛਣ ਸ਼ਾਮਲ ਹੋ ਗਏ ਹਨ। ਮਸਲਨ **ਨੇ** ਸਾਧਕ ਚਿੰਨ੍ਹ ਪੁਰਾਣੀ ਪੰਜਾਬੀ ਵਿਚ ਮੌਜੂਦ ਨਹੀਂ ਸੀ। ਪੰਜਾਬੀ ਵਿਚ ਇਹ ਚਿੰਨ੍ਹ ਨਵਾਂ ਵਿਕਸਤ ਹੋਇਆ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਦਾ ਵਿਆਕਰਨਕ ਪ੍ਰਬੰਧ ਤਰਲ (Fluid) ਰੂਪ ਵਿਚ ਸਾਕਾਰ ਹੁੰਦਾ ਹੈ। ਇਸ ਵਿਆਕਰਨਕ ਪ੍ਰਬੰਧ ਨੂੰ ਹੇਠਾਂ ਆਰੇਖ ਰਾਹੀਂ ਉਲੀਕਿਆ ਗਿਆ ਹੈ :



ਹਵਾਲੇ

Blake, B.J.	1990	**Relational Grammar,** Routledge, London and New York.
Bowers, J.S.	1981	**The Theory of Grammatical Relations,** Cornell University Press.
Brar, B.S.	1999	**Sambandhaki Vyakaran ate Punjabi Vak Rachna de pakh.** Unpublished Ph.D. Thesis, Punjabi University Patiala.
Dixon, R.M.W.	1995	**Ergativity,** Cambridge University Press.
Johnson, D.E.	1979	**Toward a Theory of Relationally Based Grammar,** Garland Publishing, Inc. New York & London.
Lyons, J.	1968	**Introduction to Theoretical Linguistics,** Cambridge University Press.
Marantz, M.	1984	**On the Nature of Grammatical Relations**, Cambridge.

ਅਰਥਵਿਗਿਆਨ ਅਤੇ ਪੰਜਾਬੀ ਭਾਸ਼ਾ ਦੀ ਅਰਥ ਵਿਉਂਤ

1. ਪਿਛੋਕੜ

ਅਰਥਵਿਗਿਆਨ, ਭਾਸ਼ਾਵਿਗਿਆਨ ਦਾ ਅਜਿਹਾ ਪੱਧਰ (Level) ਜਾਂ ਸ਼ਾਖਾ ਹੈ ਜਿਸ ਦਾ ਨਿਕਾਸ ਆਧੁਨਿਕ ਭਾਸ਼ਾਵਿਗਿਆਨ ਦੇ ਖੇਤਰ ਵਿਚ ਪੱਛੜ ਕੇ ਹੋਇਆ ਮੰਨਿਆਂ ਜਾਂਦਾ ਹੈ।ਪ੍ਰਸਿੱਧ ਭਾਸ਼ਾਵਿਗਿਆਨੀ ਜੌਨ ਲਾਇਨਜ਼ ਆਪਣੀ ਪੁਸਤਕ 'ਸੀਮਾਂਟਿਕਸ' (Semantics) ਦੇ ਵਾਲੀਅਮ ਪਹਿਲੇ ਵਿਚ ਲਿਖਦਾ ਹੈ ਕਿ ਅੰਗਰੇਜ਼ੀ ਸ਼ਬਦ 'Semantics' ਦੀ ਵਿਉਤਪਤੀ 19ਵੀਂ ਸਦੀ ਦੇ ਅਖ਼ੀਰ ਵਿਚ ਹੋਈ।ਪਰ ਇਸ ਦਾ ਮਤਲਬ ਇਹ ਵੀ ਨਹੀਂ ਕੱਢਿਆ ਜਾ ਸਕਦਾ ਕਿ ਸ਼ਬਦਾਂ ਦੇ ਅਰਥਾਂ ਵਲ ਭਾਸ਼ਾ-ਚਿੰਤਕਾਂ ਨੇ ਕੋਈ ਸੌ ਕੁ ਵਰ੍ਹੇ ਪਹਿਲਾਂ ਹੀ ਧਿਆਨ ਦੇਣਾ ਸ਼ੁਰੂ ਕੀਤਾ।ਵਾਸਤਵ ਵਿਚ ਭਾਸ਼ਾਵਿਗਿਆਨ ਦੀਆਂ ਹੋਰਨਾਂ ਸ਼ਾਖਾਵਾਂ ਵਾਂਗ ਇਸ ਖੇਤਰ ਵਿਚ ਵੀ ਭਾਰਤ ਮੋਢੀ ਹੈ।ਪ੍ਰਾਚੀਨ ਸਮੇਂ ਤੋਂ ਹੀ ਸਾਡੇ ਵਿਆਕਰਨ ਆਚਾਰੀਆ ਸ਼ਬਦਾਂ ਦੇ ਅਰਥਾਂ ਵਿਚ ਰੁਚੀ ਲੈਂਦੇ ਰਹੇ ਹਨ।ਇਸ ਪ੍ਰਸੰਗ ਵਿਚ ਯਾਸਕ, ਪਾਣਿਨੀ, ਪਤੰਜਲੀ ਅਤੇ ਭਰਤਰੀਹਰਿ ਦੇ ਨਾਮ ਉਲੇਖਯੋਗ ਹਨ।ਇਸ ਤੋਂ ਇਲਾਵਾ ਸ਼ਾਂਖਯਾ, ਵੇਦਾਂਤ ਨਯਾਯ ਸੰਪਰਦਾਏ ਦੇ ਦਾਰਸ਼ਨਿਕ, ਧਰਮ ਪ੍ਰਚਾਰਕ ਅਤੇ ਬੋਧੀ ਦਾਰਸ਼ਨਿਕਾਂ ਨੇ ਵੀ ਸ਼ਬਦ ਅਤੇ ਉਸ ਦੇ ਅਰਥ-ਸਰੂਪ ਬਾਰੇ ਭਰਪੂਰ ਚਿੰਤਨ-ਮਨਨ ਕੀਤਾ ਹੈ।ਆਚਾਰੀਆ ਯਾਸਕ ਸੱਤਵੀਂ-ਅੱਠਵੀਂ ਸਦੀ ਈਸਾ ਪੂਰਵ ਹੋਏ ਹਨ ਅਤੇ ਉਨ੍ਹਾਂ ਦੁਆਰਾ ਰਚਿਤ ਗ੍ਰੰਥ 'ਨਿਰੁਕਤ' ਨੂੰ ਅਰਥ ਵਿਗਿਆਨ ਦਾ ਮੁੱਢਲਾ ਗ੍ਰੰਥ ਮੰਨਿਆ ਜਾ ਸਕਦਾ ਹੈ।'ਨਿਰੁਕਤ' ਦੀ ਰਚਨਾ ਤੋਂ ਪਹਿਲਾਂ ਵੈਦਿਕ ਆਚਾਰੀਆਂ ਨੇ 'ਨਿਘੰਟੂ' ਸਿਰਲੇਖ ਤਹਿਤ ਵੇਦਾਂ ਦੇ ਔਖੇ ਸ਼ਬਦਾਂ ਦੀਆਂ ਸੂਚੀਆਂ ਬਣਾ ਦਿੱਤੀਆਂ ਸਨ ਪਰ ਇਨ੍ਹਾਂ ਦੇ ਅਰਥ ਨਹੀਂ ਸਨ ਦਿੱਤੇ। 'ਨਿਰੁਕਤ' ਨੂੰ 'ਨਿਘੰਟੂ' ਦਾ ਟੀਕਾ ਜਾਂ ਵਿਆਖਿਆ ਕਿਹਾ ਜਾ ਸਕਦਾ ਹੈ।ਨਿਰੁਕਤ ਵਿਚ ਯਾਸਕ ਨੇ ਸ਼ਬਦਾਂ ਦਾ ਜੀਵਨ ਪੇਸ਼ ਕੀਤਾ ਹੈ।

ਦੂਜੇ ਪਾਸੇ ਪੱਛਮ ਵਿਚ ਪਰੰਪਰਾਗਤ ਅਰਥਵਿਗਿਆਨ ਦੀ ਇਕ ਲੰਮੀ ਪਰੰਪਰਾ ਹੈ, ਜੋ ਸੁਕਰਾਤ, ਉਸ ਦੇ ਸਮਕਾਲੀ ਦਾਰਸ਼ਨਿਕਾਂ ਅਤੇ ਪਲੈਟੋ ਤੋਂ ਲੈ ਕੇ ਹੁਣ ਤੱਕ ਨਿਰੰਤਰ ਚਲਦੀ ਆ ਰਹੀ ਹੈ।ਇਉਂ ਭਾਰਤੀ ਅਤੇ ਪੱਛਮੀ (ਗ੍ਰੀਕ-ਰੋਮਨ) ਭਾਸ਼ਾ ਚਿੰਤਨ ਪਰੰਪਰਾ ਵਿਚ ਸ਼ਬਦ ਅਤੇ ਉਸ ਦੇ ਅਰਥ ਬਾਰੇ ਵਿਚਾਰ-ਵਿਮਰਸ਼ ਦੀ ਇਕ ਲੰਮੀ ਪਰੰਪਰਾ ਹੈ।ਪਰ ਇਕ ਵਿਗਿਆਨ ਦੇ ਤੌਰ 'ਤੇ ਭਾਸ਼ਾਵਿਗਿਆਨ ਦੀ ਇਕ ਸ਼ਾਖਾ ਵਜੋਂ ਅਰਥਵਿਗਿਆਨ ਦਾ ਉਥਾਨ 19ਵੀਂ ਸਦੀ ਦੇ ਅਖੀਰ ਵਿਚ ਹੀ ਹੋਇਆ ਹੈ।ਪ੍ਰਸਿੱਧ ਭਾਸ਼ਾਵਿਗਿਆਨੀ ਪਾਮਰ ਆਪਣੀ ਪੁਸਤਕ ਸੀਮਾਂਟਿਕਸ ਵਿਚ ਲਿਖਦਾ

ਹੈ ਕਿ 'Semanics ਸ਼ਬਦ ਭਾਸ਼ਾਵਿਗਿਆਨ ਦੀ ਇਕ ਮਦ (Term) ਦੇ ਤੌਰ ਤੇ ਪਹਿਲੀ ਵੇਰ 1894 ਈ. ਵਿਚ ਅਮਰੀਕਨ ਭਾਸ਼ਾਵਿਗਿਆਨੀਆਂ ਦੀ ਇਕ ਸੰਸਥਾ ਵੱਲੋਂ ਪੜ੍ਹਵਾਏ ਗਏ ਇਕ ਪਰਚੇ ਦੇ ਸਿਰਲੇਖ ਵਿਚ ਵਰਤਿਆ ਗਿਆ।ਇਹ ਪਰਚਾ ਚਾਰਲਸ ਲਿਨਮੈਨ ਨੇ ਪੜ੍ਹਿਆ ਸੀ।1897 ਵਿਚ ਬਰਾਇਲ ਨੇ 'ਸੀਮਾਂਟਿਕਸ' ਬਾਰੇ ਇਕ ਪੁਸਤਕ ਲਿਖੀ।ਐਲ.ਕੇ. ਔਗਡਨ (L.K. Ogden) ਅਤੇ ਆਈ.ਏ. ਰਿਚਰਡਜ਼ (H.A. Richards) ਨੇ ਸੰਨ 1923 ਵਿਚ ਆਪਣੀ ਪ੍ਰਸਿੱਧ ਪੁਸਤਕ The Meaning of Meaning ਲਿਖੀ। ਆਧੁਨਿਕ ਭਾਸ਼ਾਵਿਗਿਆਨ ਦੇ ਇਤਿਹਾਸ ਵਿਚ ਇਹ ਪੁਸਤਕ ਬਹੁਚਰਚਿਤ ਹੈ।ਇਸ ਤੋਂ ਇਲਾਵਾ ਜਾਫਰੀ ਲੀਚ (G.N. Leech) ਦੀ ਪੁਸਤਕ (Semantics–1981) ਵੀ ਜ਼ਿਕਰਯੋਗ ਹੈ।ਭਾਰਤੀ ਅਰਥ ਪਰੰਪਰਾ ਬਾਰੇ K.Kunjunni Raja ਦੀ ਪੁਸਤਕ Indian Theories of Meaning (1953) ਬੜੀ ਅਹਿਮ ਹੈ।ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਆਧੁਨਿਕ ਭਾਸ਼ਾਵਿਗਿਆਨ ਦੇ ਨਜ਼ਰੀਏ ਤੋਂ ਜਗਜੀਤ ਸਿੰਘ ਕੋਮਲ ਦੀ ਪੁਸਤਕ 'ਅਰਥਵਿਗਿਆਨ : ਇਕ ਜਾਣ ਪਛਾਣ' 1987 ਵਿਚ ਪ੍ਰਕਾਸ਼ਿਤ ਹੋਈ।ਇਸ ਤੋਂ ਇਲਾਵਾ ਜੀ.ਐਸ. ਰਿਆਲ ਦੀਆਂ ਪੁਸਤਕਾਂ **ਸ਼ਬਦਾਂ ਦੀ ਪੈੜ** (1984) **'ਸਾਡੀ ਧਰਤੀ ਸਾਡੇ ਬੋਲ'** (1989) ਅਤੇ **ਸ਼ਬਦਾਂ ਦੀਆਂ ਲਿਖਤਾਂ** (2004) ਵੀ ਵਰਣਨਯੋਗ ਹਨ।ਇਸ ਖੇਤਰ ਵਿਚ ਸੁਰਜੀਤ ਸਿੰਘ ਖੁਰਸ਼ੀਦੀ ਦਾ ਨਾਮ ਵੀ ਕਾਬਲੇ-ਗੌਰ ਹੈ।ਖ਼ਾਸ ਕਰਕੇ ਉਨ੍ਹਾਂ ਦੀਆਂ ਦੋ ਪੁਸਤਕਾਂ **ਸ਼ਬਦ ਲੀਲਾ** ਅਤੇ **ਪੰਜਾਬੀ ਸ਼ਬਦਾਰਥ** ਦੀ ਰੂਪ-ਰੇਖਾ ਪੜ੍ਹਨਯੋਗ ਹਨ।

2. ਅਰਥਵਿਗਿਆਨ ਦੀ ਪਰਿਭਾਸ਼ਾ ਅਤੇ ਸਰੂਪ

ਅਰਥਵਿਗਿਆਨ ਦੇ ਅੰਤਰਗਤ ਸ਼ਬਦਾਂ ਦੇ ਅਰਥਾਂ ਦਾ ਵਿਗਿਆਨਿਕ ਅਧਿਐਨ ਕੀਤਾ ਜਾਂਦਾ ਹੈ।ਇਸ ਲਈ 'ਅਰਥਾਂ ਦਾ ਅਧਿਐਨ ਜਾਂ ਵਿਗਿਆਨਿਕ ਅਧਿਐਨ ਹੀ ਅਰਥਵਿਗਿਆਨ ਹੈ।ਜੌਨ ਲਾਇਨਜ (1968 : 400) ਲਿਖਦਾ ਹੈ ਕਿ 'Semantics' ਟਰਮ ਯੂਨਾਨੀ ਭਾਸ਼ਾ ਦੀ ਇਕ ਕਿਰਿਆ ਤੋਂ ਘੜੀ ਗਈ ਜਿਸ ਦਾ ਭਾਵ ਸੀ (To Signify) ਸੰਕੇਤ ਕਰਨਾ।ਜੌਨ ਲਾਇਨਜ (ਉਹੀ) ਅਨੁਸਾਰ 'Semantics is the study of meaning' ਪਾਮਰ ਅਤੇ ਲੀਚ ਵਰਗੇ ਹੋਰ ਕਈ ਭਾਸ਼ਾ ਵਿਗਿਆਨੀਆਂ ਨੇ ਵੀ ਅਰਥਵਿਗਿਆਨ ਦੀ ਸਿੱਧੀ-ਸਾਧੀ ਇਹੋ ਪਰਿਭਾਸ਼ਾ ਅੰਕਿਤ ਕੀਤੀ ਹੈ।ਪਰ ਭਾਸ਼ਾਵਿਗਿਆਨੀਆਂ ਦੀ ਇਹ ਇਕਸੁਰ ਸੋਚ ਉਸ ਸਮੇਂ ਵੱਖਰੀਆਂ-ਵੱਖਰੀਆਂ ਸੁਰਾਂ ਕੱਢਣ ਲੱਗ ਪੈਂਦੀ ਹੈ ਜਦੋਂ ਇਹ ਸੁਆਲ ਉਠਦਾ ਹੈ ਕਿ ਅਰਥਾਂ

ਦਾ ਆਪਣਾ ਅਰਥ ਕੀ ਹੈ ? ਜਾਂ ਅਰਥਵਿਗਿਆਨ ਕਿਸ ਦੇ ਅਰਥਾਂ ਦਾ ਵਿਗਿਆਨਕ ਅਧਿਐਨ ਹੈ।ਇਨ੍ਹਾਂ ਸੁਆਲਾਂ ਦਾ ਸੰਬੰਧ ਗਿਆਨ ਮੀਮਾਂਸਾ (Epistemology) ਅਤੇ ਹੋਂਦ ਮੀਮਾਂਸਾ (Ontology) ਨਾਲ ਹੈ।ਗਿਆਨ ਮੀਮਾਂਸਾ ਵਿਚ ਗਿਆਨ ਦੀ ਸਿਧਾਂਤਕ ਚਰਚਾ ਕੀਤੀ ਜਾਂਦੀ ਹੈ ਅਤੇ ਹੋਂਦ ਮੀਮਾਂਸਾ ਦਰਸ਼ਨ-ਸ਼ਾਸਤਰ ਦੀ ਇਕ ਸ਼ਾਖਾ ਹੈ।ਸਮਾਜਵਿਗਿਆਨ ਅਤੇ ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਵੀ ਅਰਥਾਂ ਬਾਰੇ ਵਿਚਾਰ ਕੀਤਾ ਗਿਆ ਹੈ।ਐਫ.ਐਚ. ਜਾਰਜ (F.H. George) ਆਪਣੀ ਪੁਸਤਕ Semantics ਵਿਚ ਲਿਖਦਾ ਹੈ ਕਿ ਅਰਥਵਿਗਿਆਨ ਦਾ ਸੰਬੰਧ ਹਰ ਉਸ ਚੀਜ਼ ਨਾਲ ਹੈ, ਜਿਸ ਦਾ ਚਿੰਨ੍ਹ ਜਾਂ ਪ੍ਰਤੀਕ ਦੇ ਤੌਰ 'ਤੇ ਵਰਗੀਕਰਨ ਕੀਤਾ ਜਾ ਸਕਦਾ ਹੈ।ਇਹ ਚਿੰਨ੍ਹ ਭਾਸ਼ਾਈ ਵੀ ਹੋ ਸਕਦੇ ਹਨ ਅਤੇ ਗ਼ੈਰ-ਭਾਸ਼ਾਈ ਵੀ।ਇਉਂ ਜਾਰਜ ਅਰਥਵਿਗਿਆਨ ਨੂੰ ਸਮੁੱਚੇ ਸੰਚਾਰ ਦਾ ਅਧਿਐਨ ਮੰਨਦਾ ਹੈ।ਪਰ ਅੱਗੋ ਚੱਲ ਕੇ, ਉਹ ਇਹ ਵੀ ਸਪੱਸ਼ਟ ਕਰਦਾ ਹੈ ਕਿ ਅਰਥਵਿਗਿਆਨ ਭਾਸ਼ਾਵਿਗਿਆਨ ਦੀ ਇਕ ਸ਼ਾਖਾ ਹੈ, ਜਿਸ ਦਾ ਸੰਬੰਧ ਸ਼ਬਦਾਂ, ਵਾਕਾਂ ਅਤੇ ਬਿਆਨਾਂ ਦੇ ਅਰਥਾਂ ਨਾਲ ਹੈ।ਭਾਸ਼ਾਵਿਗਿਆਨੀ ਜਾਫ਼ਰੀ ਲੀਚ ਅਰਥਵਿਗਿਆਨ ਨੂੰ ਭਾਸ਼ਾਵਿਗਿਆਨ ਦੀ ਉਸੇ ਤਰ੍ਹਾਂ ਦੀ ਇਕ ਸ਼ਾਖਾ ਤਸੱਵਰ ਕਰਦਾ ਹੈ ਜਿਵੇਂ ਧੁਨੀਵਿਗਿਆਨ, ਰੂਪਵਿਗਿਆਨ ਅਤੇ ਵਾਕਵਿਗਿਆਨ ਵਰਗੀਆਂ ਹੋਰ ਸ਼ਾਖਾਵਾਂ ਹਨ, ਜਾਰਜ ਨੇ ਅਰਥਵਿਗਿਆਨ ਦੇ ਤਿੰਨ ਭਾਗ ਮੰਨੇ ਹਨ : ਵਾਕਵਿਗਿਆਨ, ਅਰਥਵਿਗਿਆਨ ਅਤੇ ਪ੍ਰਕਰਣਵਿਗਿਆਨ (Pragmatics)।

ਦੂਜੇ ਪਾਸੇ ਅਰਥ ਦੇ ਅਰਥ ਦੀ ਸਮੱਸਿਆ ਨੂੰ ਹਰ ਸਮੇਂ ਦੇ ਦਾਰਸ਼ਨਿਕਾਂ ਨੇ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਇਹ ਹੋਰ ਗੁੰਝਲਦਾਰ ਬਣਦੀ ਗਈ।ਸ਼ਾਇਦ ਇਸੇ ਕਰਕੇ, ਬਲੂਮਫੀਲਡ ਅਰਥਵਿਗਿਆਨ ਨੂੰ ਭਾਸ਼ਾਵਿਗਿਆਨ ਤੋਂ ਬਾਹਰ ਰੱਖ ਕੇ, ਸੰਤੁਸ਼ਟ ਸੀ।ਜਿਵੇਂ ਕਿ ਅਸੀਂ ਉਪਰ ਪਹਿਲਾਂ ਵੀ ਗੱਲ ਕੀਤੀ ਹੈ, ਅਸਲ ਵਿਚ ਇਸ ਸਮੱਸਿਆ ਦੇ ਜਟਲ ਹੋਣ ਦਾ ਕਾਰਨ ਇਹ ਹੈ ਕਿ ਵਿਭਿੰਨ ਅਨੁਸ਼ਾਸਨਾਂ ਨਾਲ ਸੰਬੰਧਿਤ ਵਿਦਵਾਨ ਇਸ ਮਸਲੇ ਨੂੰ ਆਪੋ ਆਪਣੇ ਨਜ਼ਰੀਏ ਤੋਂ ਹੱਲ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ।ਬਰਟਰੰਡ ਰਸਲ ਅਤੇ ਵਿਟਜੈਨਸਟੇਨ ਵਰਗੇ ਦਾਰਸ਼ਨਿਕਾਂ, ਕਾਰਨਾਪ ਵਰਗੇ ਤਰਕ ਵਿਗਿਆਨੀਆਂ, ਕੋਹਲਰ ਵਰਗੇ ਮਨੋਵਿਗਿਆਨੀਆਂ, ਮਾਲਿਨੋਵਸਕੀ ਅਤੇ ਸਾਪਿਰ ਵਰਗੇ ਮਾਨਵ-ਵਿਗਿਆਨੀਆਂ, ਰਿਚਰਡਜ਼ ਅਤੇ ਐਪਸਨ ਵਰਗੇ ਅਲੰਕਰਾਵਾਦੀਆਂ ਅਤੇ ਬਰੇਲ, . ਸੋਸਿਊਰ, ਔਗਡਨ, ਫਰਥ ਅਤੇ ਉਲਮਾਨ ਵਰਗੇ ਭਾਸ਼ਾਵਿਗਿਆਨੀਆਂ ਨੇ ਅਰਥ ਦੇ ਵੱਖਰੇ-ਵੱਖਰੇ ਏਨੇ ਅਰਥ ਦੱਸੇ ਹਨ ਕਿ ਪਾਠਕ ਨੂੰ ਅਰਥ ਦਾ ਇਕ ਵੀ ਅਰਥ ਸਮਝ ਨਹੀਂ ਆਉਂਦਾ।ਇਉਂ ਅਰਥ ਬਾਰੇ ਕੋਈ

ਵੀ ਵਿਚਾਰ ਬਹੁਤ ਸਪੱਸ਼ਟ ਅਤੇ ਸਰਵ-ਪ੍ਰਵਾਨਿਤ ਨਹੀਂ ਬਣ ਸਕਿਆ।ਪਰ ਇਸ ਦਾ ਅਰਥ ਇਹ ਵੀ ਨਹੀਂ ਹੈ ਕਿ ਅਰਥਵਿਗਿਆਨ ਆਪਣਾ ਕੋਈ ਸਿਧਾਂਤਕ ਚੌਖਟਾ ਤਿਆਰ ਹੀ ਨਹੀਂ ਕਰ ਸਕਿਆ।ਭਾਵੇਂ ਹੋਰ ਅਨੁਸ਼ਾਸਨਾਂ ਦੇ ਚਿੰਤਕਾਂ ਨੇ ਅਰਥ ਦੀਆਂ ਮੁਸ਼ਕਲਾਂ ਨੂੰ ਗੁੰਝਲਦਾਰ ਤਾਂ ਬਣਾਇਆ ਹੈ, ਜਿਸ ਦੇ ਸਿੱਟੇ ਵਜੋਂ ਬਣਤਰੀ ਭਾਸ਼ਾਵਿਗਿਆਨ ਨੇ ਇਕ ਵਾਰ ਤਾਂ ਅਰਥ ਪੱਖ ਤੋਂ ਮੂੰਹ ਮੋੜ ਲਿਆ। ਪਰ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਕਾਟਜ਼ ਅਤੇ ਫੋਡਰ ਅਤੇ ਸਟੀਫ਼ਨ ਉਲਮਾਨ ਵਰਗੇ ਭਾਸ਼ਾਵਿਗਿਆਨੀਆਂ ਦੀ ਉਸਾਰੂ ਆਲੋਚਨਾ ਸਦਕਾ, ਅਰਥਵਿਗਿਆਨ ਦੇ ਖੇਤਰ ਵਿਚ ਫਿਰ ਪ੍ਰਗਤੀ ਹੋਈ।ਇਥੋਂ ਤੱਕ ਕਿ ਨੌਮ ਚੌਮਸਕੀ ਵਰਗੇ ਭਾਸ਼ਾਵਿਗਿਆਨੀ ਨੇ ਭਾਸ਼ਾ ਦੀ ਅਰਥ ਵਿਉਂਤ ਨੂੰ ਆਪਣੀ 'ਰੂਪਾਂਤਰੀ ਵਿਆਕਰਨ' ਦਾ ਹਿੱਸਾ ਬਣਾ ਲਿਆ।ਚੌਮਸਕੀ ਅਨੁਸਾਰ ਸ਼ਬਦ ਅਤੇ ਵਾਕ, ਵਿਆਕਰਨ ਦੀਆਂ ਇਕਾਈਆਂ ਹਨ; ਪਰ ਵਿਆਕਰਨ ਦੀਆਂ ਹੋਰ ਇਕਾਈਆਂ ਵੀ ਹਨ।ਭਾਸ਼ਾਵਿਗਿਆਨੀ ਲਈ ਅਹਿਮ ਸੁਆਲ ਇਹ ਹੈ ਕਿ ਵਿਭਿੰਨ ਵਿਆਕਰਨਕ ਇਕਾਈਆਂ, ਅਰਥਵਿਗਿਆਨਕ ਵਿਸ਼ਲੇਸ਼ਣ ਲਈ ਕਿਵੇਂ ਪਰਸਪਰ ਵਾਬਸਤਾ ਹਨ।ਉਨ੍ਹਾਂ ਨੂੰ ਸ਼ਬਦਕੋਸ਼ ਵਿਚੋਂ ਹਾਸਿਲ ਸ਼ਬਦ ਦੇ ਅਰਥ ਅਤੇ ਵਿਆਕਰਨ ਰਾਹੀਂ ਹਾਸਿਲ ਹੋਣ ਵਾਲੇ ਅਰਥ ਵਿਚਲੇ ਅੰਤਰ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ।ਇਸ ਲਈ ਰੂਪਾਂਤਰੀ ਸਿਰਜਨਾਤਮਕ ਵਿਆਕਰਨ ਅਨੁਸਾਰ, ਅਰਥਵਿਗਿਆਨ, ਵਿਆਕਰਨ ਦਾ ਇਕ ਹਿੱਸਾ ਹੈ।ਲੀਚ ਅਨੁਸਾਰ ਅਰਥ ਵਿਗਿਆਨ ਨੂੰ ਇਕ ਸੰਚਾਰ ਪ੍ਰਣਾਲੀ ਦੇ ਤੌਰ 'ਤੇ ਭਾਸ਼ਾਵਿਗਿਆਨ ਤੋਂ ਵੱਖ ਕਰਨ ਦੀ ਕੋਸ਼ਿਸ਼ ਬੇਕਾਰ ਹੈ।ਪਾਮਰ ਅਨੁਸਾਰ ਅਰਥ ਵਿਗਿਆਨ ਨੂੰ ਧੁਨੀਵਿਗਿਆਨ ਅਤੇ ਵਿਆਕਰਨ ਦੀ ਤਰ੍ਹਾਂ ਭਾਸ਼ਾਵਿਗਿਆਨ ਦਾ ਇਕ ਪੱਧਰ ਮੰਨਿਆਂ ਜਾਵੇ। ਵਾਸਤਵ ਵਿਚ ਧੁਨੀ (Sound), ਰੂਪ (Form) ਅਤੇ ਅਰਥ (Meaning) ਭਾਸ਼ਾ ਵਿਚ ਅਵੰਡ ਹਨ। ਇਨ੍ਹਾਂ ਦੇ ਆਧਾਰ ਉਤੇ ਹੀ ਅੱਗੋ ਭਾਸ਼ਾਵਿਗਿਆਨ ਦੀਆਂ ਅਧਿਐਨ ਸ਼ਾਖਾਵਾਂ ਜਾਂ ਪੱਧਰ ਬਣੇ ਹਨ।ਭਾਸ਼ਾ ਇਕ ਸੰਚਾਰ ਪ੍ਰਣਾਲੀ ਹੈ ਅਤੇ ਇਸ ਸੰਚਾਰ ਪ੍ਰਣਾਲੀ ਦੀ ਯਾਤਰਾ ਨਿਮਨੋਕਤ ਅਨੁਸਾਰ ਚਲਦੀ ਹੈ :

$\rightleftarrows$ ਧੁਨੀ ⟶ ਰੂਪ ⟶ ਸ਼ਬਦ ⟶ (ਪਦ) ⟶ ਵਾਕ ⟶ ਅਰਥ

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਭਾਸ਼ਾ ਦਾ ਪਹਿਲਾ ਸਤੱਰ ਕਿਸ ਨੂੰ ਮੰਨਿਆਂ ਜਾਵੇ ? ਜਦੋਂ ਕੋਈ ਬੰਦਾ ਕੁਝ ਬੋਲਦਾ ਹੈ ਤਾਂ ਉਸ ਦੇ ਮਨ ਵਿਚ ਕੋਈ ਖ਼ਿਆਲ/ਵਿਚਾਰ ਆਉਂਦਾ ਹੈ।ਇਹ ਵਿਚਾਰ ਹੀ 'ਅਰਥ' ਹੈ।ਫਿਰ ਉਹ ਬੰਦਾ ਅਰਥ

ਅਨੁਰੂਪ ਸ਼ਬਦ ਚੋਣ ਕਰਦਾ ਹੈ ਅਤੇ ਉਨ੍ਹਾਂ ਸ਼ਬਦਾਂ ਦੀ ਰੂਪ-ਰਚਨਾ ਕਰਦਾ ਹੈ।ਸ਼ਬਦਾਂ ਦੀ ਰੂਪ-ਰਚਨਾ, ਵਾਕ-ਰਚਨਾ ਨੂੰ ਜਨਮ ਦਿੰਦੀ ਹੈ।ਇਉਂ ਸੋਚਵਾਨ ਮਨੁੱਖ ਬੋਲ ਕੇ ਜਾਂ ਲਿਖ ਕੇ, ਭਾਸ਼ਾ ਰਾਹੀਂ ਅਰਥ ਪੇਸ਼ ਕਰਦਾ ਹੈ।ਇਉਂ ਭਾਸ਼ਾਵਿਗਿਆਨਕ ਅਧਿਐਨ ਇਕ ਗੁੰਝਲਦਾਰ ਪਰਪੰਚ ਬਣ ਜਾਂਦਾ ਹੈ।ਹੁਣ ਜਦੋਂ ਅਸੀਂ ਭਾਸ਼ਾਵਿਗਿਆਨ ਨੂੰ ਵਿਗਿਆਨ ਮੰਨਦੇ ਹਾਂ ਤਾਂ ਵਿਗਿਆਨਕ ਅਧਿਐਨ ਵਿਚ ਤਜ਼ਰਬੇ ਜ਼ਰੂਰੀ ਹਨ।ਧੁਨੀਵਿਗਿਆਨ ਵਿਚ ਤਾਂ ਅਸੀਂ ਵਿਗਿਆਨਕ ਸੰਦਾਂ ਨਾਲ ਤਜ਼ਰਬੇ ਕਰ ਸਕਦੇ ਹਾਂ ਪਰ ਅਰਥਵਿਗਿਆਨ ਵਿਚ ਇਹ ਕੰਮ ਆਸਾਨ ਤਰੀਕੇ ਨਾਲ ਨਹੀਂ ਕੀਤਾ ਜਾ ਸਕਦਾ।ਨਾਲੇ ਅਰਥ ਪ੍ਰਸੰਗਾਰਥੀ ਹੁੰਦੇ ਹਨ।ਇਹ ਹਮੇਸ਼ਾਂ ਇਕੋ ਜਿਹੇ ਨਹੀਂ ਰਹਿੰਦੇ ।ਪਰ ਫਿਰ ਵੀ ਅਰਥਵਿਗਿਆਨੀਆਂ ਨੇ ਅਰਥਵਿਗਿਆਨ ਦਾ ਸਿਧਾਂਤਕ ਚੌਖਟਾ ਡੌਲਣ ਦੀ ਕੋਸ਼ਿਸ਼ ਕੀਤੀ ਹੈ।

3. ਅਰਥ ਵਿਗਿਆਨ ਦੇ ਸਿਧਾਂਤ

ਹੁਣ ਤਕ ਇਹ ਗੱਲ ਤਾਂ ਸਪੱਸ਼ਟ ਹੋ ਚੁੱਕੀ ਹੈ ਕਿ ਪਿਛਲੇ 2000 ਸਾਲਾਂ ਤੋਂ ਦਾਰਸ਼ਨਿਕ ਅਤੇ ਭਾਸ਼ਾ-ਚਿੰਤਕ ਸ਼ਬਦ ਦੇ ਅਰਥ ਦੇ ਮਸਲੇ ਨੂੰ ਲੈ ਕੇ ਕਾਫੀ ਜੂਝਦੇ ਆ ਰਹੇ ਹਨ।ਇਸ ਚਰਚਾ ਦੌਰਾਨ ਅਰਥਵਿਗਿਆਨ ਦੇ ਕਈ ਸਿਧਾਂਤ ਨਿੱਖਰ ਕੇ ਸਾਹਮਣੇ ਆਏ ਹਨ।ਹੁਣ ਅਸੀਂ ਅਰਥਵਿਗਿਆਨ ਦੇ ਸੰਬੰਧ ਵਿਚ ਹੋਏ ਸਿਧਾਂਤਕ ਚਿੰਤਨ ਨਾਲ ਜੁੜਦੇ ਹਾਂ।

3.1 ਭਾਰਤੀ ਅਰਥ ਸਿਧਾਂਤ

ਭਾਰਤੀ ਭਾਸ਼ਾ ਚਿੰਤਨ ਵਿਚ ਸ਼ਬਦ ਅਤੇ ਅਰਥ ਦੇ ਸੰਬੰਧਾਂ ਬਾਰੇ ਗੰਭੀਰ ਚਿੰਤਨ-ਮਨਨ ਹੁੰਦਾ ਰਿਹਾ ਹੈ।ਸ਼ਬਦ ਦਾ ਵਜੂਦ, ਸਰੂਪ, ਪਰਿਭਾਸ਼ਾ ਅਤੇ ਸ਼ਬਦ ਦਾ ਅਰਥ ਨਾਲ ਸੰਬੰਧ, ਵਿਆਕਰਨ ਵਿਚ ਸ਼ਬਦ ਦੀ ਸਥਿਤੀ ਅਤੇ ਇਸ ਦਾ ਪਦ ਨਾਲ ਸੰਬੰਧ ਆਦਿ ਪੱਖਾਂ ਉਤੇ ਭਾਰਤੀ ਭਾਸ਼ਾ ਚਿੰਤਕਾਂ ਨੇ ਗਹਿਨ ਅਧਿਐਨ ਕੀਤਾ ਹੈ।ਯਾਸਕ, ਪਾਨਿਨੀ, ਪਤੰਜਲੀ, ਭਰਤਰੀਹਰਿ, ਸਾਂਖਯ, ਵੇਦਾਂਤ, ਬੋਧੀ ਅਤੇ ਨਿਯਾਯ ਸੰਪਰਦਾਏ ਦੇ ਵਿਦਵਾਨ ਆਚਾਰੀਆਂ ਨੇ ਸ਼ਬਦ ਅਤੇ ਉਸਦੇ ਅਰਥ-ਸਰੂਪ ਬਾਰੇ ਗਹਿਰ-ਗੰਭੀਰ ਵਿਚਾਰ-ਵਿਮਰਸ਼ ਕੀਤਾ ਹੈ।ਭਾਰਤੀ ਆਚਾਰੀਆ ਅਰਥ ਨੂੰ ਦੋ ਪੱਖਾਂ ਤੋਂ ਵਿਚਾਰਦੇ ਹਨ।ਇਸ ਨੂੰ ਖੰਡ ਸਿਧਾਂਤ ਅਤੇ ਅਖੰਡ ਸਿਧਾਂਤ ਵਜੋਂ ਜਾਣਿਆਂ ਜਾਂਦਾ ਹੈ।ਖੰਡ ਸਿਧਾਂਤ ਦੀ ਪ੍ਰੋੜ੍ਹਤਾ ਯਾਸਕ ਮੁਨੀ ਕਰਦਾ ਹੈ। ਇਸ ਅਨੁਸਾਰ ਸ਼ਬਦ (ਪਦ) ਇਕ ਸੁਤੰਤਰ ਇਕਾਈ ਹੈ।ਇਸ ਆਧਾਰ ਉਤੇ ਹੀ ਉਸ ਨੇ ਸਮੁੱਚੀ ਸ਼ਬਦ-ਰਾਸ਼ੀ ਨੂੰ ਚਾਰ ਵਰਗਾਂ : ਨਾਮ, ਆਖਿਆਤ, ਉਪਸਰਗ ਅਤੇ ਨਿਪਾਤ ਵਿਚ

ਵੰਡਿਆ।ਪਾਣਿਨੀ, ਕਾਤਯਾਨ ਅਤੇ ਪਤੰਜਲੀ ਵੀ ਇਸ ਸਿਧਾਂਤ ਦੇ ਪੱਖ ਵਿਚ ਸਨ।ਖੰਡ ਸਿਧਾਂਤ ਵਾਕ ਨੂੰ ਸ਼ਬਦਾਂ ਦੇ ਆਧਾਰ ਤੇ ਦੂਜੈਲੀ ਬਣਤਰ ਸਵੀਕਾਰ ਕਰਦਾ ਹੈ।ਅਖੰਡ ਸਿਧਾਂਤ ਦੀ ਪ੍ਰੋੜ੍ਹਤਾ ਕਰਨ ਵਾਲਾ ਭਰਤਰੀਹਰਿ ਸੀ।ਉਹ ਵਾਕ (ਉਕਤਿ) ਦੀ ਸੜ੍ਹਾ ਨੂੰ ਮੰਨਦਾ ਹੈ।ਉਸ ਅਨੁਸਾਰ ਸ਼ਬਦ ਦੀ ਸੜ੍ਹਾ ਕੇਵਲ ਵਾਕ ਵਿਚ ਹੀ ਹੈ।ਵਾਕ ਵਰਤੋਂ ਵਿਚ ਸ਼ਬਦ ਸੁਤੰਤਰ ਨਹੀਂ ਰਹਿੰਦੇ, ਇਕ ਦੂਜੇ ਨਾਲ ਮਿਲ ਜਾਂਦੇ ਹਨ ਅਤੇ ਉਨ੍ਹਾਂ ਦੀ ਸੰਧੀ ਹੋ ਜਾਂਦੀ ਹੈ।ਇਉਂ ਉਨ੍ਹਾਂ ਦਾ ਰੂਪ ਵੀ ਬਦਲ ਜਾਂਦਾ ਹੈ।ਅਖੰਡ ਪੱਖ ਅਨੁਸਾਰ ਪਹਿਲਾਂ ਅਭੇਦ ਵਾਕ ਹੁੰਦਾ ਹੈ, ਬਾਅਦ ਵਿਚ ਸ਼ਬਦ ਭੇਦ ਦਾ ਗਿਆਨ ਹੁੰਦਾ ਹੈ।ਜਦਕਿ ਖੰਡ ਪੱਖ ਅਨੁਸਾਰ ਪਹਿਲਾਂ ਸ਼ਬਦ ਭੇਦ ਦਾ ਗਿਆਨ ਹੁੰਦਾ ਹੈ; ਬਾਅਦ ਵਿਚ ਵਾਕ ਦੇ ਇਕ ਹੋਣ ਦਾ ਗਿਆਨ ਹਾਸਿਲ ਹੁੰਦਾ ਹੈ।ਵਾਸਤਵ ਵਿਚ ਭਰਤਰੀਹਰਿ ਆਪਣੇ ਅਦਵੈਤ ਦ੍ਰਿਸ਼ਟੀਕੋਣ ਦੇ ਅਨੁਰੂਪ 'ਖੰਡ' ਅਤੇ 'ਅਖੰਡ' ਦੋਹਾਂ ਦੀ ਸ਼ਕਤੀ ਨੂੰ ਮੰਨਦੇ ਹਨ।ਬਾਅਦ ਵਿਚ ਭਰਤਰੀਹਰਿ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ **'ਸਫੋਟ ਸਿਧਾਂਤ'** ਵਿਕਸਿਤ ਕੀਤਾ ਜਿਸ ਨੂੰ ਅਨੰਦ ਵਰਦਨ ਨੇ **ਧੁਨੀ ਸਿਧਾਂਤ** ਵਜੋਂ ਵਿਕਸਿਤ ਕੀਤਾ।ਇਸ ਤਰ੍ਹਾਂ ਬੋਧੀ ਦਾਰਸ਼ਨਿਕਾਂ ਨੇ **'ਅਪੋਹ ਸਿਧਾਂਤ'** ਵਿਕਸਿਤ ਕੀਤਾ।ਇਸ ਵਿਚਾਰ -ਚਰਚਾ ਵਿਚ ਸ਼ਾਂਖਯ, ਵੇਦਾਂਤ ਅਤੇ ਨਿਯਾਯ ਸਕੂਲ ਵਾਲੇ ਵੀ ਆਪੋ-ਆਪਣੇ ਖ਼ਿਆਲ ਪੇਸ਼ ਕਰਦੇ ਹਨ।ਸ਼ਾਂਖਯ ਅਤੇ ਵੇਦਾਂਤੀਆਂ ਦਾ ਮਤ ਸੀ ਕਿ ਅਰਥ ਸ਼ਕਤੀ ਵਸਤੂਆਂ ਵਿਚ ਹੁੰਦੀ ਹੈ।ਦੀਕਸ਼ਿਤ ਅਤੇ ਭੱਟ ਆਦਿ ਚਿੰਤਕਾਂ ਦਾ ਖਿਆਲ ਸੀ ਕਿ ਸ਼ਬਦਾਂ ਵਿਚ ਅਰਥ ਸ਼ਕਤੀ ਹੁੰਦੀ ਹੈ।ਨਿਯਾਯ ਸਕੂਲ ਵਾਲੇ ਪਰੰਪਰਾ ਨੂੰ ਸ਼ਬਦਾਂ ਦੀ ਅਰਥ ਸ਼ਕਤੀ ਦਾ ਸ੍ਰੋਤ ਮੰਨਦੇ ਹਨ।ਇਸ ਵਿਚਾਰ-ਵਿਮਰਸ਼ ਵਿਚੋਂ ਪ੍ਰਾਚੀਨ ਭਾਰਤੀ ਭਾਸ਼ਾ ਚਿੰਤਨ ਵਿਚ ਅਰਥਾਂ ਬਾਰੇ ਤਿੰਨ ਸਿਧਾਂਤ ਪ੍ਰਮੁੱਖ ਰੂਪ ਵਿਚ ਪ੍ਰਚਲਿਤ ਹੋਏ।

3.1.1 ਅਪੋਹ ਸਿਧਾਂਤ (Theory of Aphoha)


ਭਾਰਤੀ ਨਿਆਇ-ਦਰਸ਼ਨ ਵਿਚ ਅਪੋਹ ਸਿਧਾਂਤ ਬੁੱਧ ਧਰਮ ਦੀ ਦੇਣ ਹੈ।ਇਸ ਸਿਧਾਂਤ ਨੇ ਭਾਰਤੀ ਨਿਆਇ-ਸ਼ਾਸਤਰ ਨੂੰ ਨਵੇਂ ਅਰਥ ਪਾਸਾਰ ਦਿੱਤੇ।ਬੋਧੀ ਤਰਕਵਾਦੀਆਂ ਦਾ ਮੱਤ ਸੀ ਕਿ ਸ਼ਬਦ ਦੇ ਅਰਥਾਂ ਦਾ ਸਾਰ ਉਸ ਦੇ ਨਾਕਾਰਤਮਕ ਸੁਭਾ ਵਿਚ ਪਿਆ ਹੈ।ਉਨ੍ਹਾਂ ਅਨੁਸਾਰ ਸ਼ਬਦਾਂ ਦਾ ਵਸਤੂ-ਯਥਾਰਥ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ ਬਲਕਿ ਇਹ ਸੰਬੰਧ ਕਾਰਜ-ਕਾਰਨ ਆਧਾਰਿਤ ਹੁੰਦਾ ਹੈ।ਸ਼ਬਦਾਰਥ ਸੱਤਯ ਨਹੀਂ; ਸੱਤਯ ਦਾ ਪ੍ਰਤੀਬਿੰਬ, ਤਰਕ ਅਤੇ ਵਿਕਲਪ ਹੁੰਦਾ ਹੈ।ਸ਼ਬਦਾਰਥ ਦੇ ਵਿਕਲਪਾਂ ਦੀ ਰਚਨਾ ਖੁਦ ਸ਼ਬਦ ਤੋਂ ਹੀ ਹੁੰਦੀ ਹੈ।ਸ਼ਬਦ ਨਾ ਅਰਥ ਨੂੰ ਸਪੱਰਸ਼ ਕਰਦੇ ਹਨ ਅਤੇ

ਨਾ ਹੀ ਪ੍ਰਕਾਸ਼ਿਤ ਕਰਦੇ ਹਨ।ਸ਼ਬਦ ਅਤੇ ਅਰਥ ਤਦਰੂਪ ਵੀ ਨਹੀਂ ਹੁੰਦੇ।ਸ਼ਬਦ ਤਾਂ ਅਰਥਾਂ ਦਾ ਨਿਖੇਧ ਕਰਦੇ ਹਨ।ਇਸ ਲਈ ਸ਼ਬਦ ਅਪੋਹ ਹੈ।ਅਪੋਹ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਇਸ ਦਾ ਸ਼ਾਬਦਿਕ ਅਰਥ ਤਾਂ ਤਰਕ-ਵਿਤਰਕ ਕਰਨਾ ਹੁੰਦਾ ਹੈ ਪਰ ਇਥੇ ਇਹ ਨਿਕਾਰਨ ਦੇ ਭਾਵ ਪ੍ਰਗਟ ਕਰਦਾ ਹੈ।ਬੋਧੀਆਂ ਅਨੁਸਾਰ ਸ਼ਬਦ ਅਤੇ ਵਸਤੂ ਦੇ ਸੰਬੰਧਾਂ ਵਿਚੋਂ ਅਰਥ ਪੈਦਾ ਨਹੀਂ ਹੁੰਦਾ ਸਗੋਂ ਇਨ੍ਹਾਂ ਸੰਬੰਧਾਂ ਦੇ ਨਿਕਾਰਨ ਸਦਕਾ ਪੈਦਾ ਹੁੰਦਾ ਹੈ।ਮਸਲਨ ਗਾਂ ਜਾਂ 'ਗਊ' ਸ਼ਬਦ ਦਾ ਅਰਥ, ਉਨ੍ਹਾਂ ਪਸ਼ੂਆਂ ਦਾ ਨਿਖੇਧ ਹੈ ਜੋ ਗਊ ਨਹੀਂ ਹਨ।ਜਦੋਂ ਮਨੁੱਖ 'ਗਊ' ਨੂੰ ਵੇਖਦਾ ਹੈ ਤਾਂ ਉਸ ਦੇ ਮਨ ਵਿਚ ਇਸ ਪਸ਼ੂ (ਵਸਤੂ) ਨਾਲ ਜੁੜਿਆ ਸੰਕਲਪ (ਦੋ ਸਿੰਘਾਂ ਵਾਲੀ ਅਤੇ ਚਾਰ ਲੱਤਾਂ ਵਾਲੀ ਜਾਂ ਇਕ ਪੂਛ ਵਾਲਾ ਜਾਨਵਰ) ਗਊ ਸ਼ਬਦ ਨੂੰ ਜਨਮ ਨਹੀਂ ਦਿੰਦਾ ਸਗੋਂ ਉਨ੍ਹਾਂ ਸਭ ਹੋਰ ਪਸ਼ੂਆਂ ਨੂੰ ਨਿਕਾਰਦਾ ਵੀ ਹੈ ਜੋ ਗਊ ਨਹੀਂ ਹਨ।ਜਿਵੇਂ ਮੱਝ, ਘੋੜਾ, ਗਧਾ, ਬੱਕਰੀ ਆਦਿ।ਅਪੋਹ ਸਿਧਾਂਤ ਬਾਰੇ ਰਤਨਕੀਰਤੀ ਨਾਂ ਦੇ ਆਚਾਰੀਆ ਨੇ ਇਕ ਨਵੀਂ ਪਰਿਭਾਸ਼ਾ ਵੀ ਦਿੱਤੀ।ਉਸ ਨੇ ਕਿਹਾ ਕਿ ਸ਼ਬਦਾਂ ਦੇ ਅਰਥ ਕੇਵਲ ਨਿਕਾਰਨ ਜਾਂ ਪੁਸ਼ਟੀਕਰਨ ਨਾਲ ਹੀ ਪੈਦਾ ਨਹੀਂ ਹੁੰਦੇ ਬਲਕਿ ਨਿਕਾਰਨ ਅਤੇ ਪੁਸ਼ਟੀਕਰਨ ਨਾਲੋਂ ਨਾਲ ਹੀ ਚਲਦੇ ਹਨ।ਅਰਥਾਤ 'ਗਾਂ' ਜਾਂ 'ਗਊ' ਸ਼ਬਦ ਬੋਲਿਆ ਜਾਂਦਾ ਹੈ ਤਾਂ ਮਨੁੱਖੀ ਮਨ ਵਿਚ ਮੱਝ, ਘੋੜਾ ਆਦਿ ਪਸ਼ੂਆਂ ਦਾ ਨਿਕਾਰਨਾ ਅਤੇ 'ਗਊ' ਦੀ ਪੁਸ਼ਟੀ ਨਾਲੋ-ਨਾਲ ਹੁੰਦੀ ਰਹਿੰਦੀ ਹੈ।ਅਪੋਹ ਸਿਧਾਂਤ ਨੂੰ ਆਪਣੇ ਆਰੰਭ ਤੋਂ ਲੈ ਕੇ, ਅਖ਼ੀਰ ਤੱਕ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ।ਪਰ ਫਿਰ ਵੀ ਭਾਰਤੀ ਅਰਥ ਸਿਧਾਂਤਾਂ ਵਿਚ ਇਸ ਦਾ ਆਪਣਾ ਇਤਿਹਾਸਕ ਮਹੱਤਵ ਹੈ।ਬੋਧੀ ਤਰਕਵਾਦੀਆਂ ਨੇ ਆਪਣੇ ਸਿਧਾਂਤ ਦੇ ਵਿਰੋਧ ਦੇ ਬਾਵਜੂਦ ਕਦੇ ਵੀ ਆਪਣੇ ਵਿਚਾਰਾਂ ਨੂੰ ਨਹੀਂ ਬਦਲਿਆ।ਉਹ ਹਮੇਸ਼ਾਂ ਇਕ ਤਰਕ ਬਦਲੇ, ਦੂਜਾ ਤਰਕ ਸਿਰਜਦੇ ਰਹੇ।

3.1.2 ਸਫੋਟ ਸਿਧਾਂਤ (Theory of Sphota)

ਸਫੋਟ ਵੀ ਸੰਸਕ੍ਰਿਤ ਧਾਤੂ 'ਸਫਟ' ਤੋਂ ਬਣਿਆ ਹੈ।ਇਸ ਦਾ ਅਰਥ ਹੈ ਜੋ ਵਿਅਕਤ ਹੋ ਜਾਵੇ ਭਾਵ ਜਿਸ ਤੋਂ ਅਰਥ ਫੁੱਟਦਾ ਹੋਵੇ ਉਹ 'ਸਫੋਟ' ਹੈ।ਇਹ ਵਰਣਾਂ ਦੀ ਮੂਲ ਸੁਭਾਵਕ ਧੁਨੀ ਤੋਂ ਵਿਅਕਤ ਹੋਣ ਦੇ ਨਾਲ-ਨਾਲ, ਵਰਣਾਂ ਤੋਂ ਅੱਡ ਰਹਿ ਕੇ ਵੀ ਅਰਥ ਦਾ ਗਿਆਨ ਕਰਾਉਣ ਵਾਲਾ ਨਿਤ (ਸਦੀਵੀ) ਅਤੇ ਅਖੰਡ ਸੂਖਮ ਸ਼ਬਦ ਹੈ।ਇਸ ਸਿਧਾਂਤ ਦਾ ਨਿਰਮਾਤਾ ਆਚਾਰੀਆ ਭਰਤਰੀਹਰਿ ਨੂੰ ਮੰਨਿਆਂ ਗਿਆ ਹੈ ਪਰ ਇਸ ਤੋਂ ਪਹਿਲਾਂ ਸਫੋਟ ਬਾਰੇ ਕੁਝ ਚਰਚਾ ਪਤੰਜਲੀ ਨੇ **'ਮਹਾਂਭਾਸ਼'**

ਵਿਚ ਵੀ ਕਰ ਦਿੱਤੀ ਸੀ। ਵੈਸੇ ਤਾਂ ਪਾਣਿਨੀ ਦੇ ਇਕ ਸੂਤਰ ਵਿਚ ਵੀ ਕਿਹਾ ਗਿਆ ਹੈ ਕਿ ਸ਼ਬਦ ਦਾ ਆਪਣੇ ਧੁਨੀ ਰੂਪ ਦੇ ਨਾਲ-ਨਾਲ, ਸਫੋਟ ਰੂਪ (ਅਰਥ) ਵੀ ਹੁੰਦਾ ਹੈ। ਇਉਂ ਸਫੋਟ ਦੀ ਗੱਲ ਪਾਣਿਨੀ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਪਰ ਪਤੰਜਲੀ ਨੇ ਸ਼ਬਦ ਦੇ ਸਰੂਪ ਬਾਰੇ ਚਰਚਾ ਕਰਦਿਆਂ, ਸਫੋਟ ਵੀ ਵਿਆਖਿਆ ਕੀਤੀ ਹੈ। ਪਤੰਜਲੀ ਅਨੁਸਾਰ ਸ਼ਬਦ ਦੇ ਦੋ ਪੱਖ ਹਨ। ਇਕ ਨੂੰ ਉਹ ਸਫੋਟ ਕਹਿੰਦਾ ਹੈ ਅਤੇ ਦੂਜੇ ਨੂੰ ਧੁਨੀ ਦਾ ਨਾਮ ਦਿੰਦਾ ਹੈ। ਉਸ ਅਨੁਸਾਰ ਸਫੋਟ ਸ਼ਬਦ ਦਾ ਸਥਾਈ ਪੱਖ ਹੈ ਅਤੇ ਵਿਅਕਤੀਗਤ ਉਚਾਰਨ ਨਾਲ ਇਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਜਦਕਿ ਧੁਨੀ ਵਿਅਕਤੀਗਤ ਉਚਾਰਨ ਤੋਂ ਪ੍ਰਭਾਵਿਤ ਹੁੰਦੀ ਹੈ। ਸ਼ਬਦ ਕੀ ਹੈ ? ਇਸ ਦੇ ਉਤਰ ਵਿਚ ਪਤੰਜਲੀ ਸ਼ਬਦ ਦੀ ਜਿਹੜੀ ਪਰਿਭਾਸ਼ਾ ਕਰਦੇ ਹਨ ਉਹ ਸੋਸਿਊਰ ਦੇ ਭਾਸ਼ਾਈ ਚਿੰਨ੍ਹ ਦੀ ਇਕਦਮ ਸਟੀਕ ਪਰਿਭਾਸ਼ਾ ਮੰਨੀ ਜਾ ਸਕਦੀ ਹੈ। ਇਸ ਪਰਿਭਾਸ਼ਾ ਅਨੁਸਾਰ, "ਉਹ ਜੋ ਧੁਨੀਆਂ ਰਾਹੀਂ ਪ੍ਰਗਟ ਹੋ ਕੇ ਗਲ, ਪੂਛ, ਖੁਰ ਅਤੇ ਸਿੰਗ ਵਾਲੇ ਗਾਂ ਵਿਸ਼ੇਸ਼ ਦਾ ਬੋਧ ਕਰਵਾਏ, ਸ਼ਬਦ ਹੁੰਦਾ ਹੈ।" ਸ਼ਬਦ ਦੀ ਇਹ ਪਰਿਭਾਸ਼ਾ ਬਾਅਦ ਵਿਚ ਪ੍ਰਮਾਣਿਕ ਰੂਪ ਵਿਚ ਸਥਾਪਿਤ ਹੋ ਜਾਂਦੀ ਹੈ ਅਤੇ ਭਰਤਰੀਹਰਿ ਦੇ ਸਫੋਟ ਸਿਧਾਂਤ ਦਾ ਆਧਾਰ ਬਣੀ। ਇਸ ਅਨੁਸਾਰ ਸ਼ਬਦ ਦੇ ਦੋ ਅੰਗ ਹੁੰਦੇ ਹਨ :



ਇਸ ਸਿਧਾਂਤ ਪਿੱਛੇ ਇਹ ਧਾਰਨਾ ਕਾਰਜਸ਼ੀਲ ਸੀ ਕਿ ਸ਼ਬਦ ਜਾਂ ਵਾਕ ਦੇ ਦੋ ਪੱਖ ਹੁੰਦੇ ਹਨ : ਇਕ ਪ੍ਰਗਟਾਵਾ ਅਤੇ ਦੂਜਾ ਭਾਵ ਪੱਖ। ਪ੍ਰਗਟਾਵੇ ਅਧੀਨ ਧੁਨੀ, ਰੂਪ ਅਤੇ ਭਾਵ ਅਧੀਨ ਅਰਥ ਆਉਂਦਾ ਹੈ। ਧੁਨੀ (ਰੂਪ) ਸ਼ਬਦ ਦਾ ਬਾਹਰੀ ਪੱਖ ਹੁੰਦਾ ਹੈ ਅਤੇ ਅਰਥ ਅੰਦਰਲਾ ਪੱਖ। ਅੰਦਰਲੇ ਪੱਖ ਅਰਥਾਤ ਅਰਥ ਨੂੰ ਹੀ ਸਫੋਟ ਕਿਹਾ ਗਿਆ ਹੈ। ਸਫੋਟ ਦੇ ਸੰਕਲਪ ਵਿਚ ਸ਼ਬਦ ਅਤੇ ਅਰਥ ਦਾ ਸੰਬੰਧ ਬੜਾ ਅਹਿਮ ਹੁੰਦਾ ਹੈ। ਸਫੋਟ ਤਾਂ ਇਕ ਅਰਥ ਪੂਰਨ ਸੰਕੇਤ (Symbol) ਹੁੰਦਾ ਹੈ ਜੋ

ਧੁਨੀਆਂ ਦੇ ਪ੍ਰਗਟਾਵੇ ਦੇ ਪੱਧਰ ਉਤੇ ਹੋਂਦ ਹਾਸਿਲ ਕਰਦਾ ਹੈ।ਧੁਨੀਆਂ ਦਾ ਕਾਰਜ ਅਰਥ ਪੂਰਨ ਸੰਕੇਤ (ਸਫੋਟ) ਨੂੰ ਧੁਨੀ ਸਰੂਪ ਦੇਣਾ ਹੁੰਦਾ ਹੈ।ਸਫੋਟ ਭਾਵੇਂ ਧੁਨੀਆਂ ਰਾਹੀਂ ਪ੍ਰਗਟਾਵੇ ਦੇ ਪੱਧਰ ਉਤੇ ਆਉਂਦਾ ਹੈ ਪਰ ਇਹ ਆਪਣੇ ਆਪ ਵਿਚ ਅਬਦਲ ਅਤੇ ਅਰਥ ਪੂਰਨ ਇਕਾਈ ਹੀ ਰਹਿੰਦਾ ਹੈ।ਸ਼ਬਦ ਦੀ ਹਰੇਕ ਧੁਨੀ ਸਫੋਟ ਨੂੰ ਪ੍ਰਗਟ ਕਰਨ ਵਿਚ ਆਪਣਾ ਯੋਗਦਾਨ ਪਾਉਂਦੀ ਹੈ।ਸਫੋਟ ਦਾ ਪ੍ਰਗਟਾਵਾ ਸ਼ਬਦ ਦੀ ਪਹਿਲੀ ਧੁਨੀ ਤੋਂ ਸ਼ੁਰੂ ਹੋ ਜਾਂਦਾ ਹੈ ਅਤੇ ਅੰਤਮ ਧੁਨੀ ਦੇ ਉਚਾਰਨ ਮਗਰੋਂ ਇਹ ਪੂਰੀ ਤਰ੍ਹਾਂ ਪ੍ਰਗਟ ਹੋ ਜਾਂਦਾ ਹੈ।ਇਉਂ ਸਫੋਟ ਉਹ ਸ਼ਬਦ-ਤੱਤ ਹੈ ਜਿਹੜੀ ਧੁਨੀ ਵਿਚ ਰੂਪਿਤ ਹੋ ਕੇ, ਕਿਸੇ ਅਰਥ ਦਾ ਬੋਧ ਕਰਾਉਂਦਾ ਹੈ।ਭਰਤਰੀਹਰਿ ਅਨੁਸਾਰ ਉਚਰਿਤ ਸ਼ਬਦ ਸਰੋਤੇ ਦੇ ਮਨ ਵਿਚ ਸ਼ਬਦ ਦਾ ਅਮੂਰਤ ਧੁਨੀ ਰੂਪ ਅਤੇ ਸਫੋਟ ਆਦਿ ਦੋਹਾਂ ਦਾ ਸੰਸਕਾਰ ਪੈਦਾ ਕਰਦਾ ਹੈ ਤੇ ਇਉਂ ਅਸੀਂ ਅਰਥ ਗ੍ਰਹਿਣ ਕਰਦੇ ਹਾਂ।

3.1.3 ਧੁਨੀ ਸਿਧਾਂਤ (Theory of Dhvani)

ਸੰਸਕ੍ਰਿਤ ਆਚਾਰੀਆਂ ਨੇ ਸ਼ਬਦ ਅਤੇ ਅਰਥ ਦੇ ਮਸਲੇ ਬਾਰੇ ਕਈ ਦ੍ਰਿਸ਼ਟੀਆਂ ਤੋਂ ਵਿਚਾਰ ਵਿਮਰਸ਼ ਕੀਤਾ ਹੈ।ਸ਼ਬਦ ਨਿੱਤ (ਅਮਰ) ਹੈ ਜਾਂ ਅਨਿੱਤ (ਨਾਸ਼ਮਾਨ) ਇਸ ਸੁਆਲ ਬਾਰੇ ਵੀ ਕਾਫ਼ੀ ਬਹਿਸ ਹੋਈ।ਮੀਮਾਂਸਕਾਂ ਨੇ ਸ਼ਬਦ ਨੂੰ ਨਿੱਤ ਮੰਨਿਆਂ ਜਦ ਕਿ ਨਿਆਇ-ਸ਼ਾਸਤਰੀਆਂ ਨੇ ਸ਼ਬਦ ਨੂੰ ਅਨਿੱਤ ਦੱਸਿਆ।ਵਿਆਕਰਨੀਆਂ ਨੇ ਸ਼ਬਦ ਨੂੰ ਧੁਨੀਆਤਮਕ ਅਤੇ ਵਰਣਾਤਮਕ ਆਦਿ ਦੋ ਕੋਟੀਆਂ ਵਿਚ ਵੰਡ ਕੇ, ਪਹਿਲੇ ਨੂੰ ਨਿੱਤ ਅਤੇ ਦੂਜੇ ਨੂੰ ਅਨਿੱਤ ਕਿਹਾ।ਸ਼ਬਦ ਦੇ ਧੁਨੀਆਤਮਕ ਸਰੂਪ ਨੂੰ ਅੱਗੋਂ 'ਸਫੋਟ ਸਿਧਾਂਤ' ਵਿਚ ਵਿਕਸਿਤ ਕੀਤਾ।ਧੁਨੀ ਸਿਧਾਂਤ ਵਿਚ ਧੁਨੀ ਇਕ ਤਕਨੀਕੀ ਪਦ (Term) ਹੈ ਜਿਸ ਦੇ ਅਰਥ ਹਨ : ਵਿਅੰਗ, ਰਮਜ਼ ਜਾਂ ਸੁਝਾਓ।ਇਕ ਸਿਧਾਂਤ ਦੇ ਰੂਪ ਵਿਚ ਧੁਨੀ ਵਿਉਂਤ ਦੀ ਸਿਰਜਣਾ ਆਚਾਰੀਆ ਅਨੰਦ ਵਰਧਨ ਨੇ ਆਪਣੇ ਮਹਾਨ ਗ੍ਰੰਥ **'ਧੁਨਯ ਲੋਕ'** ਵਿਚ ਕੀਤੀ।ਭਰਤਰੀਹਰਿ ਨੇ ਆਪਣੇ ਸਫੋਟ ਸਿਧਾਂਤ ਵਿਚ ਸ਼ਬਦ ਅਤੇ ਵਾਕ ਨੂੰ ਇਕ ਅਰਥ ਪੂਰਨ ਸੰਕੇਤ ਸਮਝਣ ਦੀ ਸਿਫਾਰਸ਼ ਕੀਤੀ ਸੀ।ਅਲੰਕਾਰ ਸੰਪਰਦਾਏ ਦੇ ਵਿਦਵਾਨਾਂ ਨੇ ਸ਼ਬਦ ਦੇ ਅਰਥ ਨੂੰ ਦੋ ਹਿੱਸਿਆਂ ਅਭਿਧਾ ਅਤੇ ਲਕਸ਼ਣਾ ਵਿਚ ਵੰਡਿਆ।ਉਨ੍ਹਾਂ ਨੇ ਸ਼ਬਦ ਦੇ ਕੋਸ਼ੀ ਜਾਂ ਸਧਾਰਨ ਅਰਥਾਂ ਨੂੰ ਅਭਿਧਾ ਅਤੇ ਪ੍ਰਸੰਗੀ ਅਰਥਾਂ ਨੂੰ ਲਕਸ਼ਣਾਂ ਕਿਹਾ।ਇਉ ਅਭਿਧਾ ਸ਼ਬਦ ਦਾ ਪ੍ਰਸੰਗ-ਰਹਿਤ ਅਰਥ ਹੁੰਦਾ ਹੈ ਭਾਵ ਜਦੋਂ ਕੋਈ ਸ੍ਰੋਤਾ ਕੋਈ ਸ਼ਬਦ ਸੁਣੇ; ਉਹ ਜੋ ਸੁਣੇ, ਉਸੇ ਦਾ ਉਸ ਨੂੰ ਬੋਧ ਹੋਵੇ ਤਾਂ ਇਹ ਸ਼ਬਦ ਦਾ ਅਭਿਧਾਮੂਕ ਅਰਥ

ਹੁੰਦਾ ਹੈ।ਪਰ ਜਦ ਸ੍ਰੋਤੇ ਨੂੰ ਕੋਸ਼ੀ ਅਰਥਾਂ ਜਾਂ ਸਧਾਰਨ ਅਰਥਾਂ ਤੋਂ ਵੱਖਰਾ ਅਰਥ ਗ੍ਰਹਿਣ ਹੋਵੇ ਤਾਂ ਉਸ ਨੂੰ ਲਕਸ਼ਣਾਂ ਜਾਂ ਪਰਿਵਰਤਿਤ ਅਰਥ **ਕਿਹਾ** ਗਿਆ।ਅਜਿਹੇ ਅਰਥ ਪ੍ਰਸੰਗ ਅਨੁਸਾਰ ਹੀ ਬਦਲਦੇ ਹਨ।ਜਿਵੇ 'ਚੁਕੰਨਾ' ਸ਼ਬਦ ਦੇ ਮੁੱਢਲੇ ਜਾਂ ਅਭਿਧਾਮੂਲਕ ਅਰਥ ਹਨ : ਚਾਰ ਕੰਨਾ ਵਾਲਾ। ਪਰ ਜੇ ਅਸੀਂ ਬੋਲੀਏ ਕਿ 'ਇਹ ਬੱਚਾ ਬੜਾ ਚੁਕੰਨਾ ਹੈ' ਤਾਂ ਇਥੇ 'ਚੁਕੰਨਾ' ਦੇ ਅਰਥ ਹਨ ਕਿ ਬੱਚਾ ਬੜਾ ਹੁਸ਼ਿਆਰ ਜਾਂ ਚੁਸਤ ਹੈ।ਇਥੇ 'ਚੁਕੰਨਾ' ਸ਼ਬਦ ਦੀ ਧੁਨੀ ਜਾਂ ਰਮਜ਼ ਬਾਖ਼ਬਰ ਹੈ।ਆਚਾਰੀਆ ਅਨੰਦ ਵਰਧਨ ਨੇ ਕਿਹਾ ਕਿ ਸ਼ਬਦ ਦੇ ਕੋਸ਼ੀ ਅਤੇ ਲੱਖਣਾ ਅਰਥਾਂ ਤੋਂ ਇਲਾਵਾ ਇਕ ਹੋਰ ਪ੍ਰਕਾਰ ਦੇ ਸੁਝਾਓਮੂਲਕ ਜਾਂ ਵਿਅੰਜਕ ਅਰਥ ਵੀ ਹੁੰਦੇ ਹਨ।ਵਾਸਤਵ ਵਿਚ ਭਾਸ਼ਾ ਅੰਤਰੀਵੀ ਤੌਰ 'ਤੇ ਅਲੰਕਾਰਿਕ ਹੁੰਦੀ ਹੈ।ਇਸ ਦੇ ਸ਼ਬਦਾਂ ਦੀਆਂ ਕਈ ਅਰਥ-ਪਰਤਾਂ ਹੁੰਦੀਆਂ ਹਨ ਜੋ ਵਿਭਿੰਨ ਪ੍ਰਸੰਗਾਂ ਵਿਚ ਆਪਣੇ ਵਿਭਿੰਨ ਅਰਥ ਉਜ਼ਾਗਰ ਕਰਦੀਆਂ ਹਨ।ਖ਼ਾਸ ਕਰਕੇ ਕਵਿਤਾ ਵਿਚ ਸ਼ਬਦ ਆਪਣੀਆਂ ਅਰਥ-ਛਵੀਆਂ ਜਾਂ ਅਰਥ-ਬਲਾਂ ਰਾਹੀਂ ਅਨੋਖੇ ਅਰਥਾਂ ਦੇ ਝਲਕਾਰੇ ਪੈਦਾ ਕਰਦੇ ਹਨ।ਇਸ ਤੋਂ ਇਲਾਵਾ ਅਖਾਣਾਂ/ਮੁਹਾਵਰਿਆਂ ਵਿਚ ਵੀ ਸ਼ਬਦਾਂ ਦੇ ਵਿਅੰਜਕ ਅਰਥਾਂ ਦੀ ਪ੍ਰਤੀਤੀ ਹੁੰਦੀ ਰਹਿੰਦੀ ਹੈ।ਜਿਥੇ ਅਭਿਧਾ ਅਤੇ ਲਕਸ਼ਣਾ ਦਾ ਆਧਾਰ ਸ਼ਬਦ ਹੁੰਦੇ ਹਨ ਉਥੇ ਵਿਅੰਜਨਾ ਅਰਥ ਵਿਚੋਂ ਪ੍ਰਗਟ ਹੁੰਦੀ ਹੈ।ਇਉਂ ਵਿਅੰਜਨਾਂ ਦੇ ਦੋ ਮੁੱਖ ਭੇਦ ਹਨ : ਸ਼ਬਦੀ ਵਿਅੰਜਨਾ ਅਤੇ ਅਰਥੀ ਵਿਅੰਜਨਾ।ਸੰਖੇਪ ਵਿਚ ਧੁਨੀ ਸਿਧਾਂਤ ਵਿਚ ਅਰਥ ਨੂੰ ਤਿੰਨ ਤਰ੍ਹਾਂ ਦਾ ਨਿਰੂਪਿਤ ਕੀਤਾ : (1) ਵਾਚਿਅਰਥ (Expressed) : ਲੱਖਣਾਰਥ (Indicated) ਅਤੇ ਵਿਅੰਗਾਰਥ (Suggested)।ਡਾ. ਪ੍ਰੇਮ ਪ੍ਰਕਾਸ਼ ਸਿੰਘ (ਭਾਰਤੀ ਕਾਵਿ ਸ਼ਾਸਤਰ) ਨੇ ਇਸ ਸੰਬੰਧ ਵਿਚ 'ਘਰ 'ਚ ਗੰਗਾ' ਦੀ ਇਕ ਬੜੀ ਵਧੀਆ ਮਿਸਾਲ ਦਿੱਤੀ ਹੈ। ਮਸਲਨ ਜੇ ਅਸੀਂ ਕਹੀਏ ਕਿ 'ਇਨ੍ਹਾਂ ਦੇ ਤਾਂ ਘਰ ਵਿਚ ਹੀ ਗੰਗਾ ਹੈ'। ਇਥੇ ਸਿੱਧਾ ਅਰਥ (ਅਭਿਧਾ) ਕੋਈ ਸੰਚਾਰ ਨਹੀਂ ਕਰਦਾ ਕਿਉਂਕਿ 'ਗੰਗਾ' ਇਕ ਨਦੀ ਦਾ ਨਾਮ ਹੈ ਅਤੇ ਘਰ ਵਿਚ ਨਦੀ ਹੋ ਨਹੀਂ ਸਕਦੀ।ਇਸ ਵਾਕ ਵਿਚ ਆਏ ਸ਼ਬਦ 'ਗੰਗਾ' ਦੇ ਲਕਸ਼ਣਾ ਅਰਥ ਇਹ ਵੀ ਕੀਤੇ ਜਾ ਸਕਦੇ ਹਨ ਕਿ 'ਘਰ ਗੰਗਾ ਦੇ ਕਿਨਾਰੇ' ਹੈ।ਪਰ ਜੇ ਅਸੀਂ 'ਗੰਗਾ ਨਦੀ' ਨੂੰ ਪਵਿਤਰਤਾ, ਸ਼ਾਂਤੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਮੰਨ ਲਈਏ ਤਾਂ ਇਸ ਦੇ ਅਰਥ ਇਹ ਬਣਨਗੇ ਕਿ ਇਨ੍ਹਾਂ ਦਾ ਘਰ ਪਵਿਤਰ, ਸ਼ਾਂਤ ਜਾਂ ਖੁਸ਼ਹਾਲ ਹੈ ਅਰਥਾਤ ਘਰ ਵਿਚ ਖੁਸ਼ਹਾਲੀ ਹੈ।ਗੰਗਾ ਦੇ ਇਨ੍ਹਾਂ ਅਰਥਾਂ ਨੂੰ ਵਿਅੰਜਨਾ ਕਿਹਾ ਗਿਆ ਹੈ।ਅਰਥ ਸੁਝਾਉਣ ਇਹ ਵਿਧੀ ਹੀ 'ਧੁਨੀ' ਹੈ ਜਾਂ 'ਧੁਨੀ ਸਿਧਾਂਤ ਦਾ ਆਧਾਰ ਹੈ।

3.2 ਪੱਛਮੀ ਅਰਥ ਸਿਧਾਂਤ

ਭਾਰਤ (ਪੂਰਬ) ਵਾਂਗ ਪੱਛਮੀ ਭਾਸ਼ਾ-ਚਿੰਤਨ ਵਿਚ ਵੀ ਅਰਥ ਬਾਰੇ ਕਾਫ਼ੀ ਵਿਚਾਰ-ਚਰਚਾ ਕੀਤੀ ਗਈ।ਪੱਛਮ ਵਿਚ ਪਲੈਟੋ ਅਤੇ ਸੁਕਰਾਤ ਆਦਿ ਦੇ ਸਮੇਂ ਤੋਂ ਹੀ ਸ਼ਬਦਾਂ ਦੇ ਅਰਥ ਦੀ ਸਮੱਸਿਆ ਨੂੰ ਲੈ ਕੇ ਚਿੰਤਨ-ਮਨਨ ਹੁੰਦਾ ਆ ਰਿਹਾ ਹੈ।ਆਧੁਨਿਕ ਭਾਸ਼ਾਵਿਗਿਆਨ ਦੇ ਖੇਤਰ ਵਿਚ ਤਾਂ ਅਰਥਵਿਗਿਆਨ ਇਕ ਵੱਖਰੇ ਅਨੁਸ਼ਾਸ਼ਨ ਵਜੋਂ ਵਿਕਸਿਤ ਹੋ ਚੁੱਕਿਆ।ਇਥੇ ਇਹ ਵੀ ਕਾਬਲੇਗੌਰ ਹੈ ਕਿ ਪੱਛਮੀ ਸ਼ਬਦ-ਚਿੰਤਨ, ਪੂਰਬੀ (ਸੰਸਕ੍ਰਿਤ) ਸ਼ਬਦ ਚਿੰਤਨ ਤੋਂ ਬੜਾ ਪ੍ਰਭਾਵਿਤ ਹੈ।ਖਾਸ ਕਰਕੇ ਸੋਸਿਊਰ ਦਾ ਸ਼ਬਦ ਚਿੰਤਨ, ਪਤੰਜਲੀ ਦੇ ਸ਼ਬਦ ਚਿੰਤਨ ਦੇ ਬੜਾ ਨੇੜੇ ਹੈ ਅਤੇ ਇਸੇ ਤਰ੍ਹਾਂ ਪ੍ਰਸਿੱਧ ਫਰਾਂਸੀਸੀ ਚਿੰਤਕ ਯੱਕ ਦੈਰਿਦਾ ਦੇ **'ਡਿਫਰਾਂਸ'** ਤੇ ਹਾਜ਼ਰ 'ਚ ਗ਼ੈਰ ਹਾਜ਼ਰੀ ਅਤੇ ਗ਼ੈਰ ਹਾਜ਼ਿਰ ਵਿਚ ਹਾਜ਼ਰੀ ਦਾ ਸੰਕਲਪ ਭਰਤਰੀਹਰਿ ਦੇ ਵਿਚਾਰਾਂ ਦੇ ਬਹੁਤ ਲਾਗੇ ਹੈ।ਇਉਂ ਪੱਛਮ ਵਿਚ ਵੀ ਅਰਥ ਦੀ ਸਮੱਸਿਆ ਨਾਲ ਸੁਲਝਣ ਲਈ ਅਰਥਵਿਗਿਆਨ ਵਿਚ ਕਈ ਸਿਧਾਂਤਾਂ ਦੀ ਉਸਾਰੀ ਹੋਈ ਹੈ।ਹੁਣ ਅਸੀਂ ਪ੍ਰਮੁੱਖ ਪੱਛਮੀ ਅਰਥ ਸਿਧਾਂਤਾਂ ਨਾਲ ਸਾਂਝ ਪਾਉਣ ਦਾ ਯਤਨ ਕਰਦੇ ਹਾਂ।

3.2.1 ਪਰੰਪਰਾਈ ਅਰਥਵਿਗਿਆਨ

ਪਪਰੰਪਰਾਈ ਅਰਥਵਿਗਿਆਨ ਦਰਅਸਲ ਸ਼ਬਦ ਬਾਰੇ ਚੱਲੇ ਆ ਰਹੇ ਪ੍ਰਾਚੀਨ ਵਿਚਾਰ ਨੂੰ ਕਿਹਾ ਜਾਂਦਾ ਹੈ।ਇਹ ਵਿਚਾਰ ਪਲੈਟੋ ਅਤੇ ਸੁਕਰਾਤ ਆਦਿ ਦੇ ਵੇਲੇ ਤੋਂ ਚੱਲਿਆ।ਇਸ ਨੂੰ ਨਾਮਕਰਨ ਦੇ ਸਿਧਾਂਤ (Naming theory) ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ।ਇਸ ਮੱਤ ਅਨੁਸਾਰ ਇਕ ਪਾਸੇ ਤਾਂ ਦੁਨੀਆਂ ਦੀਆਂ ਵਸਤਾਂ ਹਨ ਅਤੇ ਦੂਜੇ ਪਾਸੇ ਉਨ੍ਹਾਂ ਦੇ ਨਾਮ ਹਨ।ਮਨੁੱਖ ਆਪਣੇ ਅਨੁਭਵ ਵਿਚ ਆਉਣ ਵਾਲੀਆਂ ਵਸਤਾਂ ਦੇ ਨਾਮ ਧਰ ਲੈਂਦਾ ਹੈ।ਇਸ ਸੋਚ ਅਨੁਸਾਰ ਇਹ ਨਾਮ ਸੰਸਾਰ ਹੀ ਭਾਸ਼ਾ ਹੈ ਜਾਂ ਭਾਸ਼ਾ ਨਾਮ-ਸੰਸਾਰ ਹੈ।ਇਹ ਵਿਚਾਰ ਬੜਾ ਲੰਮਾ ਸਮਾਂ ਸਹੀ ਜਾਪਦਾ ਰਿਹਾ, ਕਿਉਂਕਿ ਹਰ ਭਾਸ਼ਾ ਵਿਚ ਕੁਝ ਵਿਅਕਤੀਵਾਚਕ ਨਾਮ ਹੁੰਦੇ ਹਨ।ਬੱਚਾ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਹੀ ਸਿੱਖਦਾ ਹੈ।ਇਸ ਦ੍ਰਿਸ਼ਟੀ ਤੋਂ ਭਾਸ਼ਾ ਰਚਨਾ ਬੜੀ ਸਰਲ ਪ੍ਰਤੀਤ ਹੁੰਦੀ ਹੈ।ਪਰ ਭਾਸ਼ਾ ਰਚਨਾ ਏਨੀ ਸਰਲ ਰਚਨਾ ਨਹੀਂ ਹੈ।ਭਾਸ਼ਾ ਵਿਚ ਕੇਵਲ ਵਿਅਕਤੀਵਾਚਕ ਨਾਮ ਹੀ ਨਹੀਂ ਹੁੰਦੇ ਸਗੋਂ ਹੋਰ ਕਿਸਮਾਂ ਦੇ ਨਾਮ ਵੀ ਹੁੰਦੇ ਹਨ।ਨਾਲੇ ਬਹੁਤ ਸਾਰੇ ਸ਼ਬਦ ਵਸਤਾਂ ਦੇ ਨਾਮ ਨਹੀਂ ਗੁਣਾਂ ਜਾਂ ਕਿਰਿਆਵਾਂ ਦੇ ਨਾਮ ਵੀ ਹੁੰਦੇ ਹਨ। ਕੁਝ ਸ਼ਬਦ ਅਜਿਹੇ ਵੀ ਹੁੰਦੇ ਹਨ ਜੋ ਨਾ ਵਸਤਾਂ ਦੇ ਨਾਮ ਹੁੰਦੇ ਹਨ ਅਤੇ ਨਾ ਹੀ ਗੁਣਾਂ-ਕਿਰਿਆਵਾਂ ਦੇ, ਬਲਕਿ ਉਹ ਇਨ੍ਹਾਂ ਵਿਚਕਾਰ ਸੰਬੰਧ

ਹੀ ਸੂਚਿਤ ਕਰਦੇ ਹਨ ਅਤੇ ਕੁਝ ਸ਼ਬਦ ਅਜਿਹੇ ਵੀ ਹੁੰਦੇ ਹਨ ਜੋ ਵਸਤਾਂ, ਗੁਣਾਂ, ਕਿਰਿਆਵਾਂ ਦੇ ਆਪਸੀ ਸੰਬੰਧ ਸੂਚਿਤ ਨਹੀਂ ਕਰਦੇ, ਸਗੋਂ ਨਾਮਾਂ ਦੇ ਹੀ ਆਪਸੀ ਸੰਬੰਧ ਸੂਚਿਤ ਕਰਦੇ ਹਨ। ਮਿਸਾਲ ਵਜੋਂ ਪਹਾੜ, ਦਿੱਲੀ, ਤਾਜ-ਮਹੱਲ, ਕੁਰਸੀ, ਘਰ ਆਦਿ ਤਾਂ ਅਜਿਹੇ ਨਾਮ ਹਨ ਜੋ ਅਜਿਹੀਆਂ ਵਸਤੂਆਂ ਦੇ ਨਾਮ ਹਨ ਜਿਨ੍ਹਾਂ ਦੀ ਭੌਤਿਕ ਹੋਂਦ ਹੈ ਪਰ ਪਰੀ, ਭੂਤ-ਪ੍ਰੇਤ ਅਤੇ ਜਿੰਨ ਆਦਿ ਅਜਿਹੇ ਨਾਮ ਹਨ ਜੋ ਅਜਿਹੀ ਸੂਚਨਾ ਦਿੰਦੇ ਹਨ ਜਿਸ ਦੀ ਹੋਂਦ ਕੇਵਲ ਕਲਪਨਾ ਵਿਚ ਹੀ ਹੈ। ਇਸ ਤੋਂ ਇਲਾਵਾ ਪਿਆਰ, ਨਫ਼ਰਤ, ਗੁੱਸਾ, ਲਾਭ ਆਦਿ ਕਿਸੇ ਵੀ ਵਸਤੂ ਦੇ ਨਾਮ ਨਹੀਂ ਹਨ। ਨਾਲੇ ਜੇ 'ਕੁਰਸੀ' ਇਕ ਵਸਤੂ ਦਾ ਨਾਮ ਹੈ ਪਰ 'ਕੁਰਸੀ' ਵੱਖਰੀਆਂ-ਵੱਖਰੀਆਂ ਸ਼ਕਲਾਂ ਅਤੇ ਮਾਪਾਂ ਦੀ ਵੀ ਹੋ ਸਕਦੀ ਹੈ। ਜ਼ਾਹਰ ਹੈ ਭਾਸ਼ਾ-ਰਚਨਾ ਨਿਰੋਲ ਨਾਮ-ਰਚਨਾ ਨਹੀਂ। ਪ੍ਰਸਿੱਧ ਭਾਸ਼ਾ ਵਿਗਿਆਨੀ ਪਾਮਰ ਦਾ ਮੱਤ ਹੈ ਕਿ ਕਿਸੇ ਵੀ ਭਾਸ਼ਾ ਦੇ ਸ਼ਬਦ, ਸੰਸਾਰ ਦੀਆਂ ਵਸਤੂਆਂ ਨੂੰ ਇੰਨਾ ਨਹੀਂ ਪ੍ਰਗਟਾਉਂਦੇ ਹਨ, ਜਿੰਨਾਂ ਇਹ ਭਾਸ਼ਾ ਨੂੰ ਬੋਲਣ ਵਾਲਿਆਂ ਦੀਆਂ ਰੁਚੀਆਂ ਨੂੰ ਪ੍ਰਗਟ ਕਰਦੇ ਹਨ। ਮਸਲਨ **ਹੋਪੀ** ਭਾਸ਼ਾ ਵਿਚ ਅਸਮਾਨ ਵਿਚ ਉਡਣ ਵਾਲਿਆਂ ਲਈ ਇਕੋ ਸ਼ਬਦ ਵਰਤਿਆ ਜਾਂਦਾ ਹੈ, ਭਾਵੇਂ ਉਡਣ ਵਾਲਾ ਜਹਾਜ਼ ਹੋਵੇ ਜਾਂ ਤਿੱਤਲੀ। ਇਸ ਦੇ ਉਲਟ **ਐਸਕੀਮੋ ਭਾਸ਼ਾ** ਵਿਚ 'ਬਰਫ' ਲਈ ਚਾਰ ਸ਼ਬਦ ਹਨ। ਇਸ ਲਈ ਪਰੰਪਰਾਈ ਅਰਥਵਿਗਿਆਨ ਦੇ ਅਰਥ ਸਿਧਾਂਤ ਸੰਪੂਰਨ ਤੌਰ ਤੇ ਦਰੁਸਤ ਨਹੀਂ ਮੰਨੇ ਗਏ। ਪਰੰਪਰਾਈ ਅਰਥਵਿਗਿਆਨ ਦੀ ਸੋਚ ਅਨੁਸਾਰ 'ਨਾਮ ਦੇਣ' ਦੀ ਇਸ ਪ੍ਰਕਿਰਿਆ ਨੂੰ ਕੁਦਰਤੀ ਸਮਝਿਆ ਜਾਂਦਾ ਸੀ ਅਰਥਾਤ ਵਸਤੂ ਅਤੇ ਉਸ ਦੇ ਨਾਮ ਦਾ ਕੁਦਰਤੀ ਸੰਬੰਧ ਹੈ ਪਰ ਬਾਅਦ ਵਿਚ ਇਸ ਨੂੰ ਇਕ ਸਮਾਜਿਕ ਪ੍ਰਥਾ ਤਸੱਵਰ ਕੀਤਾ ਗਿਆ। ਹੌਲੀ-ਹੌਲੀ ਸ਼ਬਦ, ਅਰਥ ਅਤੇ ਵਸਤੂ ਵਿਚ ਨਿਖੇੜਾ ਕੀਤਾ ਜਾਣ ਲੱਗ ਪਿਆ। ਸਿੱਟੇ ਵਜੋਂ ਇਕ ਨਵੇਂ ਅਰਥ ਸਿਧਾਂਤ ਦੀ ਸਿਰਜਣਾ ਹੋਈ।


3.2.2 ਆਧੁਨਿਕ ਅਰਥਵਿਗਿਆਨ

ਆਧੁਨਿਕ ਭਾਸ਼ਾਵਿਗਿਆਨ ਦੇ ਖੇਤਰ ਵਿਚ ਅਰਥਵਿਗਿਆਨ ਦੀਆਂ ਸੱਜਰੀਆਂ ਪ੍ਰਾਪਤੀਆਂ ਨੇ ਸ਼ਬਦਾਰਥ ਵਿਵੇਚਨ ਦੀਆਂ ਨਵੀਆਂ ਸੰਭਾਵਨਾਵਾਂ ਜਗਾਈਆਂ ਹਨ। ਆਧੁਨਿਕ ਅਰਥਵਿਗਿਆਨੀਆਂ ਨੇ ਸ਼ਬਦ ਦੀ ਪਰਿਭਾਸ਼ਾ, ਅਰਥ ਦੇ ਭਿੰਨ-ਭਿੰਨ ਸੰਕਲਪ, ਸ਼ਬਦ ਰੂਪ, ਅਰਥਾਂ ਦੇ ਪਰਸਪਰ ਸੰਬੰਧ, ਦੁਅਰਥਤਾ (Ambiguity) ਅਤੇ ਸ਼ਬਦ ਭੰਡਾਰ (Lexicon) ਦੀ ਸੰਰਚਨਾ ਆਦਿ ਪੱਖਾਂ ਉਪਰ ਚਲ ਰਹੇ ਵਾਦ-ਵਿਵਾਦ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਆਧੁਨਿਕ ਅਰਥਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਸ਼ਬਦ


ਅਤੇ ਇਸ ਦੇ ਅਰਥ ਜਾਂ ਸੰਦਰਭੀ ਅਰਥਾਂ ਨੂੰ ਵਿਚਾਰਨ ਵਿਚ ਹੈ।ਉਨ੍ਹਾਂ ਦਾ ਇਸ ਅਧਿਐਨ ਲਈ ਚੁਣਿਆ ਵਿਦਾ-ਬਿੰਦੂ ਸ਼ਬਦ ਨੂੰ ਇਕ ਭਾਸ਼ਾਈ ਇਕਾਈ ਦੇ ਰੂਪ ਵਿਚ ਪਰਿਭਾਸ਼ਿਤ ਕਰਨਾ ਹੈ।ਇਸ ਲਈ ਉਨ੍ਹਾਂ ਨੇ ਧੁਨੀ-ਮੂਲਕ, ਵਿਆਕਰਨਕ ਅਤੇ ਅਰਥਵਿਗਿਆਨਕ ਆਧਾਰਾਂ ਦੀ ਵਰਤੋਂ ਕੀਤੀ ਹੈ।ਅਰਥ ਦੀ ਪਛਾਣ ਦੇ ਪ੍ਰਸੰਗ ਵਿਚ ਇਨ੍ਹਾਂ ਵਿਚ ਦੋ ਸਿਧਾਂਤ ਉਸਰਦੇ ਹਨ :

(ੳ) ਵਿਸ਼ਲੇਸ਼ਣਾਤਮਕ (Analytical) ਅਤੇ (ਅ) ਵਿਹਾਰ-ਮੂਲਕ (Operational)

ਜਿਥੇ ਪਹਿਲੀ ਪ੍ਰਕਾਰ ਦੀ ਪਹੁੰਚ ਸ਼ਬਦ ਦੇ ਅਰਥ ਨੂੰ ਅੰਗਾਂ ਵਿਚ ਵੰਡ ਲੈਂਦੀ ਹੈ, ਉਥੇ ਦੂਜੀ ਪ੍ਰਕਾਰ ਦੀ ਪਹੁੰਚ ਦਾ ਬਲ ਅਰਥ ਨਾਲੋਂ ਵਧੇਰੇ, ਅਰਥ ਕਿਵੇਂ ਕਿਰਿਆ-ਵੰਡ ਹੁੰਦਾ ਹੈ ਨੂੰ ਪੇਸ਼ ਕਰਨ ਉਪਰ ਰਹਿੰਦਾ ਹੈ।ਪਹਿਲੀ ਪ੍ਰਕਾਰ ਦੀ ਵਿਸ਼ਲੇਸ਼ਣਾਤਮਕ ਪਹੁੰਚ ਦੁਆਰਾ ਘੜੀਆਂ ਅਰਥ ਦੀਆਂ ਸੰਭਾਵਨਾਵਾਂ ਨੂੰ ਹਵਾਲਾਮੁਖੀ (referential) ਅਤੇ ਸੰਕੇਤਾਰਥੀ (denotational) ਦਾ ਨਾਮ ਦਿੱਤਾ ਗਿਆ ਹੈ।ਇਸ ਪਹੁੰਚ ਦੇ ਸਭ ਤੋਂ ਪੁਰਾਣੇ ਮਾਡਲ ਨੂੰ ਰਿਚਰਡਜ਼ ਅਤੇ ਔਗਡਨ ਨੇ ਤਿਆਰ ਕੀਤਾ ਸੀ।ਉਨ੍ਹਾਂ ਦੇ ਅਰਥ ਨੂੰ ਪਰਿਭਾਸ਼ਾ ਵਿਚ ਬੰਨ੍ਹਣ ਲਈ ਇਕ ਮੂਲ ਤਿਕੋਣ ਨਿਮਨੋਕਤ ਅਨੁਸਾਰ ਉਸਾਰੀ :



ਇਸ ਤਿਕੋਣ ਵਿਚ ਸੰਕੇਤ ਤੋਂ ਭਾਵ ਹੈ ; ਸ਼ਬਦ ਅਤੇ ਸੰਕੇਤਕ ਵਸਤੂ ਤੋਂ ਭਾਵ ਹੈ ਸੰਕਲਪਿਕ ਜਾਂ ਪਦਾਰਥਕ ਹੋਂਦ।ਸੰਕੇਤਕ ਤੋਂ ਭਾਵ ਹੈ, ਸੰਕੇਤਕ ਵਸਤੂ ਦਾ ਮਾਨਸਿਕ ਵਜੂਦ।ਇਉਂ ਇਹ ਤਿੰਨੋ ਆਪਸ ਵਿਚ ਤਿਕੋਣੇ ਸੰਬੰਧ ਵਿਚ ਬੱਝੇ ਹੋਏ ਹਨ।ਭਾਸ਼ਾ ਅਤੇ ਵਸਤੂ ਜਗਤ ਦਾ ਸਿੱਧਾ ਸੰਬੰਧ ਨਹੀਂ ਸਗੋਂ ਮਾਨਸਿਕ ਵਜੂਦ (ਸੰਕੇਤਕ) ਰਾਹੀਂ ਹੈ।ਇਸ ਤਿਕੋਣ ਦੇ ਮਾਡਲ ਨੂੰ ਸਟੀਫ਼ਨ ਉਲਮਾਨ ਨੇ ਹੋਰ ਸੌਖਾ ਬਣਾ ਕੇ ਇਉਂ ਪੇਸ਼ ਕੀਤਾ ਹੈ।



ਨਾਮ ਤੋਂ ਭਾਵ ਸ਼ਬਦ ਦੇ ਧੁਨੀ ਅਤੇ ਲੇਖਣ ਰੂਪ ਤੋਂ ਹੈ।ਭਾਵ, ਉਹ ਸੂਚਨਾ ਹੈ ਜੋ ਨਾਮ ਦੁਆਰਾ ਦਿੱਤੀ ਜਾਂਦੀ ਹੈ ਅਤੇ ਵਸਤੂ ਗ਼ੈਰ-ਭਾਸ਼ਾਈ ਸੱਚ ਹੈ, ਜਿਸ ਵਲ ਸ਼ਬਦ ਸੰਕੇਤ ਕਰਦਾ ਹੈ।ਵਸਤੂ ਕਿਉਂਕਿ ਗੈਰ-ਭਾਸ਼ਾਈ ਸੱਚ ਹੈ, ਇਸ ਲਈ ਇਸ ਦਾ ਸ਼ੁੱਧ ਭਾਸ਼ਾਈ ਵਿਸ਼ਲੇਸ਼ਣ ਨਹੀਂ ਹੋ ਸਕਦਾ।ਭਾਸ਼ਾਵਿਗਿਆਨੀ ਕੇਵਲ ਨਾਮ ਅਤੇ ਭਾਵ ਉਪਰ ਆਪਣਾ ਧਿਆਨ ਟਿਕਾ ਸਕਦਾ ਹੈ।ਇਨ੍ਹਾਂ ਦੋਹਾਂ ਵਿਚਕਾਰ ਦੋ-ਤਰਫ਼ਾ ਅਤੇ ਪਲਟਵਾਂ ਸੰਬੰਧ ਹੈ।ਨਾਮ ਭਾਵ ਨੂੰ ਜਗਾਉਂਦਾ ਹੈ ਅਤੇ ਭਾਵ ਨਾਮ ਵੱਲ ਸਾਡਾ ਧਿਆਨ ਮੋੜਦਾ ਹੈ।ਸੋਸਿਊਰ ਦੀ ਸੰਕਲਪੀ ਪਦਾਵਲੀ ਵਿਚ ਇਹ ਚਿੰਨ੍ਹ, ਚਿੰਨ੍ਹਕ ਅਤੇ ਚਿੰਨ੍ਹਿਤ ਦਾ ਪਰਸਪਰ ਸੰਬੰਧ ਹੈ।ਪਰ ਸੋਸਿਊਰ ਦੇ ਸੰਕਲਪਾਂ ਦੇ ਕਈ ਹੋਰ ਵੀ ਅਰਥ ਪਾਸਾਰ ਹਨ ਜਿਹੜੇ ਕਿ ਚਿੰਨ੍ਹ-ਵਿਗਿਆਨ ਦੇ ਖੇਤਰ ਵਿਚ ਅਤਿਅੰਤ ਲਾਹੇਵੰਦ ਸਿੱਧ ਹੋਏ ਹਨ।

ਅਰਥ ਪ੍ਰਤੀ ਵਿਸ਼ਲੇਸ਼ਣਾਤਮਕ ਪਹੁੰਚ ਦੀਆਂ ਕੁਝ ਸੀਮਾਵਾਂ ਸਨ ਜਿਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਕੁਝ ਭਾਸ਼ਾਵਿਗਿਆਨੀਆਂ ਨੇ, ਉਸ ਦੀ ਥਾਂ ਵਿਹਾਰਕ ਸਿਧਾਂਤ ਪੇਸ਼ ਕੀਤਾ।ਇਸ ਸਿਧਾਂਤ ਦਾ ਮੁੱਢ ਵਿਟਜਿਨਸਟਾਈਨ ਨੇ 1953 ਵਿਚ ਆਪਣੀ ਪੁਸਤਕ Philosophical Investigations ਵਿਚ ਬੰਨ੍ਹਿਆਂ।ਉਸ ਨੇ ਦਲੀਲ ਦਿੱਤੀ ਕਿ ਸ਼ਬਦ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ।ਉਸਦਾ ਅਰਥ ਤਾਂ ਕੇਵਲ ਉਸ ਦੀ ਭਾਸ਼ਾ ਵਿਚ ਵਰਤੋਂ ਹੀ ਮੰਨਿਆਂ ਜਾਣਾ ਚਾਹੀਦਾ ਹੈ।ਇਸ ਸਿਧਾਂਤ ਦੀਆਂ ਵੀ ਆਪਣੀਆਂ ਕੁਝ ਸੀਮਾਵਾਂ ਸਨ, ਇਹ ਗੱਲ ਵੀ ਕਹੀ ਜਾਂਦੀ ਹੈ ਕਿ ਇਹ ਦੋਵੇਂ ਸਿਧਾਂਤ ਇਕ ਦੂਜੇ ਦੇ ਵਿਰੋਧੀ ਨਹੀਂ ਬਲਕਿ ਇਕ ਦੂਜੇ ਦਾ ਪੱਖ ਪੂਰਦੇ ਹਨ।ਮਸਲਨ ਜਦੋਂ ਇਕ ਕੋਸ਼ਕਾਰ ਕੋਈ ਕੋਸ਼ ਤਿਆਰ ਕਰਦਾ ਹੈ ਤਾਂ ਪਹਿਲਾਂ ਉਹ ਸ਼ਬਦ ਦੀ ਵਰਤੋਂ ਦੇ ਉਨ੍ਹਾਂ ਸਾਰੇ ਸੰਦਰਭਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ, ਜਿਨ੍ਹਾਂ ਵਿਚ ਉਸ ਦੀ ਵਰਤੋਂ ਕੀਤੀ ਜਾਂਦੀ ਹੈ।ਇਹ ਪ੍ਰਕਿਰਿਆ ਉਦੋਂ ਤੱਕ ਜਾਰੀ ਰਹਿੰਦੀ ਹੈ ਜਦ ਤੱਕ ਨਵੀਂ ਸੂਚਨਾ ਮਿਲਣੀ ਬੰਦ ਨਹੀਂ ਹੋ ਜਾਂਦੀ।ਅਖ਼ੀਰ ਵਿਚ ਵਿਸ਼ਲੇਸ਼ਣਾਤਮਕ ਪੜਾਅ ਅਰੰਭ ਹੋ ਜਾਂਦਾ ਹੈ।ਅਰਥ ਦੇ ਵਿਹਾਰਕ ਸੰਕਲਪ ਦਾ ਇਕ ਹੋਰ ਪੱਖ ਸਹਿ-ਸੰਬੰਧਾਂ ਦਾ

ਅਧਿਐਨ ਹੈ।ਪ੍ਰਸਿੱਧ ਬਰਤਾਨਵੀ ਭਾਸ਼ਾਵਿਗਿਆਨੀ ਜੇ.ਆਰ. ਫਰਥ (J.R. Firth) ਨੇ ਇਸ ਪ੍ਰਕਾਰ ਦੇ ਅਧਿਐਨ ਉਤੇ ਵਿਸ਼ੇਸ਼ ਬਲ ਦਿੱਤਾ।ਸਹਿ-ਸੰਬੰਧ ਤੋਂ ਭਾਵ ਹੈ ਕਿਸੇ ਭਾਸ਼ਾ ਵਿਚ ਵਰਤੀਂਦੇ ਕਿਸੇ ਇਕ ਸ਼ਬਦ ਦਾ ਵਾਕਾਂ ਵਿਚ ਮਿਲਦੇ ਹੋਰ ਸ਼ਬਦਾਂ ਨਾਲ ਸੁਭਾਵਕ ਸਹਿਚਾਰ ਸਥਾਪਤ ਕਰਨਾ। ਜਿਵੇਂ 'ਹਨੇਰਾ' ਸ਼ਬਦ ਦਾ ਇਥ ਅਰਥ ਹੈ, ਰਾਤ ਦਾ ਆਉਣਾ ਅਤੇ 'ਰਾਤ' ਹਨੇਰੇ ਦੀ ਸੂਚਕ ਹੈ।ਇਉਂ 'ਹਨੇਰੇ' ਅਤੇ 'ਰਾਤ' ਵਿਚ ਸਹਿਚਾਰੀ ਸੰਬੰਧ ਸਥਾਪਿਤ ਹੁੰਦਾ ਹੈ।

ਆਧੁਨਿਕ ਅਰਥਵਿਗਿਆਨ ਨੂੰ ਵਿਕਸਿਤ ਕਰਨ ਵਿਚ 'ਰੁਪਾਂਤਰੀ ਵਿਅਕਰਨ' ਅਤੇ ਸਿਰਜਨਾਤਮਕ ਅਰਥਵਿਗਿਆਨ' ਦਾ ਵੀ ਅਹਿਮ ਯੋਗਦਾਨ ਹੈ। ਇਸ ਖੇਤਰ ਵਿਚ ਕੀਤੇ ਤਜ਼ਰਬਿਆਂ ਨੇ 'ਸੰਰਚਨਾਤਮਕ ਅਰਥਵਿਗਿਆਨ' ਨੂੰ ਵਿਕਸਿਤ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ।ਇਸ ਖੇਤਰ ਵਿਚ ਬੁਨਿਆਦੀ ਕੰਮ ਕਾਟਜ਼ ਅਤੇ ਫੋਡਰ (Kotzs and Fodor) ਨੇ ਕੀਤਾ।ਉਨ੍ਹਾਂ ਨੇ 'ਰੁਪਾਂਤਰੀ ਸਿਰਜਨਾਤਮਕ ਵਿਆਕਰਨ' ਦੇ ਅਰਥਮੂਲਕ ਪੱਖ ਨੂੰ ਪੇਸ਼ ਕਰਨ ਦਾ ਯਤਨ ਕੀਤਾ।ਕਾਟਜ ਅਤੇ ਫੋਡਰ ਨੇ ਸ਼ਬਦ ਦੇ ਹਰ ਭਾਵ ਨੂੰ ਉਸ ਦੇ ਮੁੱਢਲੇ ਜੁਜ਼ਾਂ ਦੀ ਇਕ ਲੜੀ ਵਿਚ ਤੋੜਿਆ।ਇਸ ਵਿਧੀ ਨੂੰ 'ਅੰਗ ਮੂਲਕ ਵਿਸ਼ਲੇਸ਼ਣ' (Componential Analysis) ਦਾ ਨਾਮ ਦਿੱਤਾ ਗਿਆ।ਇਉਂ ਅਜੋਕੇ ਅਰਥ ਵਿਗਿਆਨ ਵਿਚ ਜਿਥੇ ਇਕੱਲੇ-ਇਕੱਲੇ ਸ਼ਬਦ ਦੀ ਅਰਥ ਮੂਲਕ ਸੰਰਚਨਾ ਦਾ ਵਿਸ਼ਲੇਸ਼ਣ ਕਰਨ ਉਪਰ ਖੋਜ ਕੀਤੀ ਜਾ ਚੁੱਕੀ ਹੈ, ਉਥੇ ਸਮੁੱਚੇ ਸ਼ਬਦ ਭੰਡਾਰ ਦੇ ਵਿਸ਼ਲੇਸ਼ਣ ਦੇ ਕੰਮ ਵਿਚ ਕਾਫ਼ੀ ਵਾਧਾ ਹੋਇਆ ਹੈ।

4. ਪੰਜਾਬੀ ਭਾਸ਼ਾ ਦੀ ਅਰਥ ਵਿਉਂਤ

ਅਰਥ ਵਿਗਿਆਨ ਦੇ ਉਪਰੋਕਤ ਇਤਿਹਾਸਿਕ, ਪਰਿਭਾਸ਼ਕ ਅਤੇ ਸਿਧਾਂਤਿਕ ਵਿਸ਼ਲੇਸ਼ਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਸ਼ਾ ਦੀ ਅਰਥ ਵਿਉਂਤ ਨੂੰ ਉਲੀਕਣਾ ਖਾਸਾ ਜਟਿਲ ਕਾਰਜ ਹੈ ਕਿਉਂਕਿ ਅਰਥ ਦੀ ਹੋਂਦ ਬਹੁਤ ਗੁੰਝਲਦਾਰ ਹੈ।ਅਰਥ ਦੀ ਹੋਂਦ ਏਨੀ ਸੂਖਮ ਹੈ ਕਿ ਕਿਸੇ ਭਾਸ਼ਾ ਵਿਸ਼ੇਸ਼ ਦੇ ਸ਼ਬਦਾਂ ਦੀ ਅਰਥਮੂਲਕ ਸੰਰਚਨਾ ਦਾ ਵਿਸ਼ਲੇਸ਼ਣ, ਧੁਨੀਵਿਗਿਆਨ, ਰੂਪਵਿਗਿਆਨ ਅਤੇ ਵਾਕਵਿਗਿਆਨ ਵਾਂਗ ਸਥੂਲ ਪੱਧਰ ਉਤੇ ਨਹੀਂ ਕੀਤਾ ਜਾ ਸਕਦਾ।ਭਾਸ਼ਾ ਦੀ ਅਰਥ ਵਿਉਂਤ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਹੁੰਦੀ ਹੈ।ਸ਼ਬਦ ਅਨੇਕਾਰਥੀ, ਅਨਿਕ ਪ੍ਰਕਾਰੀ ਅਤੇ ਪ੍ਰਸੰਗਾਰਥੀ ਹੁੰਦੇ ਹਨ।ਸ਼ਬਦਾਂ ਦੇ ਅਰਥਾਂ ਦਾ ਸੰਬੰਧ ਮਨੁੱਖੀ ਮਨ ਨਾਲ ਹੋਣ ਸਦਕਾ ਇਨ੍ਹਾਂ ਨੂੰ ਸੀਮਤ ਨੇਮਾਂ ਵਿਚ ਬੰਨ੍ਹਣਾ ਬੜਾ ਬਿਖਮ ਕਾਰਜ ਹੈ।ਇਸੇ ਕਾਰਨ ਕਿਸੇ

ਭਾਸ਼ਾ ਦੀ ਅਰਥ ਵਿਉਂਤ ਨੂੰ ਉਲੀਕਣ ਲਈ ਅਰਥਵਿਗਿਆਨੀਆਂ ਨੇ ਅਰਥਾਂ ਦੇ ਆਧਾਰ ਉਤੇ ਸ਼ਬਦ-ਸੰਰਚਨਾ ਨੂੰ ਕਈ ਦ੍ਰਿਸ਼ਟੀਆਂ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਸਿਧਾਂਤਕ ਸੇਧ ਵਿਚ ਹੀ ਹੁਣ ਅਸੀਂ ਪੰਜਾਬੀ ਭਾਸ਼ਾ ਦੀ ਅਰਥ ਮੂਲਕ ਸੰਰਚਨਾ ਨੂੰ ਉਲੀਕਣ ਦਾ ਯਤਨ ਕਰਦੇ ਹਾਂ।

4.1 ਕੋਸ਼ੀ ਅਤੇ ਵਿਆਕਰਨਿਕ ਅਰਥ

ਸ਼ਬਦ ਦੇ ਮੁੱਢਲੇ ਜਾਂ ਬੁਨਿਆਦੀ ਅਰਥ ਕੋਸ਼ੀ ਹੁੰਦੇ ਹਨ ਪਰ ਭਾਸ਼ਾਈ ਗੱਲਬਾਤ ਜਾਂ ਸੰਚਾਰ ਮਹਿਜ਼ ਕੋਸ਼ੀ ਅਰਥਾਂ ਉਪਰ ਆਧਾਰਿਤ ਨਹੀਂ ਹੁੰਦਾ। ਭਾਸ਼ਾਈ ਸੰਚਾਰ ਵਿਆਕਰਨਿਕ ਅਰਥਾਂ ਆਧਾਰਿਤ ਹੁੰਦਾ ਹੈ। ਹਰ ਭਾਸ਼ਾ ਦਾ ਇਕ ਸ਼ਬਦ ਕੋਸ਼ ਜਾਂ ਸ਼ਬਦ-ਭੰਡਾਰ ਤਾਂ ਹੁੰਦਾ ਹੀ ਹੈ ਪਰ ਉਹ ਵਿਆਕਰਨ ਦਾ ਪੂਰਕ ਹੁੰਦਾ ਹੈ। ਕੋਸ਼ੀ ਸ਼ਬਦਾਂ ਦੀਆਂ ਅੱਗੋਂ ਕਈ ਅਰਥ-ਪਰਤਾਂ ਹੁੰਦੀਆਂ ਹਨ। ਜਿਵੇਂ ਸਮਾਨਅਰਥਤਾ, ਬਹੁਅਰਥਤਾ, ਵਿਰੋਧਾਰਥਿਕਤਾ ਜਾਂ ਇਸ ਤਰ੍ਹਾਂ ਦੀਆਂ ਹੋਰ ਕਈ ਅਰਥ-ਪਰਤਾਂ ਸਾਕਾਰ ਹੁੰਦੀਆਂ ਹਨ। ਇਸ ਪ੍ਰਸੰਗ ਵਿਚ ਸ਼ਾਬਦਿਕ ਅਤੇ ਪ੍ਰਾਸੰਗਿਕ ਅਰਥ ਨਿਖੇੜ ਕਰਨਾ ਵੀ ਉਚਿਤ ਪ੍ਰਤੀਤ ਹੁੰਦਾ ਹੈ। ਸ਼ਬਦਾਂ ਦੇ ਉਹ ਅਰਥ ਜੋ ਸ਼ਬਦ ਦੀ ਇਕ ਕੋਸ਼ਕੀ ਇਕਾਈ ਵਜੋਂ ਸਾਕਾਰ ਹੁੰਦੇ ਹਨ, ਉਨ੍ਹਾਂ ਨੂੰ ਸ਼ਬਦ ਮੂਲਕ ਅਰਥ ਕਿਹਾ ਜਾਂਦਾ ਹੈ ਅਤੇ ਸ਼ਬਦਾਂ ਦੇ ਅਜਿਹੇ ਅਰਥ ਜੋ ਵਿਸ਼ੇਸ਼ ਭਾਸ਼ਾਈ ਪ੍ਰਸੰਗ ਵਿਚ ਉਜਾਗਰ ਹੁੰਦੇ ਹਨ, ਉਨ੍ਹਾਂ ਨੂੰ ਪ੍ਰਸੰਗਮੂਲਕ ਅਰਥ ਕਿਹਾ ਜਾਂਦਾ ਹੈ। ਇਥੇ ਇਹ ਤੱਥ ਵੀ ਧਿਆਨਯੋਗ ਹੈ ਕਿ ਪ੍ਰਾਸੰਗਤਾ ਵਿਆਕਰਨਿਕ ਹੋਵੇਗੀ ਅਤੇ ਸ਼ਬਦ-ਮੂਲਕਤਾ ਕੋਸ਼ਕੀ ਹੋਵੇਗੀ। ਇਸੇ ਕਾਰਨ ਅਸੀਂ ਕਿਹਾ ਹੈ ਕਿ ਸ਼ਬਦ-ਕੋਸ਼ ਵਿਆਕਰਨ ਦਾ ਪੂਰਕ ਹੁੰਦਾ ਹੈ।

4.2 ਸਮਾਨ-ਅਰਥਤਾ (Synonyms)

ਸਮਾਨ-ਅਰਥਤਾ ਤੋਂ ਭਾਵ ਸ਼ਬਦਾਂ ਦੇ ਅਰਥਾਂ ਦੀ ਸਮਾਨਤਾ ਤੋਂ ਲਿਆ ਜਾਂਦਾ ਹੈ। ਅਰਥਾਤ ਬਹੁਤ ਸਾਰੇ ਵੱਖ-ਵੱਖ ਸ਼ਬਦਾਂ ਦੇ ਅਰਥਾਂ ਵਿਚ ਸਮਾਨਤਾ ਨੂੰ ਸਮਾਨ-ਅਰਥਤਾ ਕਿਹਾ ਜਾਂਦਾ ਹੈ। ਅਜਿਹੀ ਪ੍ਰਕਾਰ ਦੇ ਸਮਾਨਾਰਥੀ ਸ਼ਬਦਾਂ ਨੂੰ ਪਰਿਆਇਵਾਚੀ ਸ਼ਬਦ ਵੀ ਕਿਹਾ ਜਾਂਦਾ ਹੈ। ਸਮਾਨ-ਅਰਥਤਾ ਹਰੇਕ ਭਾਸ਼ਾ ਵਿਚ ਮਿਲਦੀ ਹੈ। ਇਕੋ ਭਾਸ਼ਾ ਵਿਚ ਇਸ ਵਰਤਾਰੇ ਦੇ ਹੋਣ ਦੇ ਦੋ ਕਾਰਨ ਹਨ : ਇਕ ਤਾਂ ਦੂਜੀਆਂ ਭਾਸ਼ਾਵਾਂ ਤੋਂ ਲਏ ਗਏ ਸ਼ਬਦ ਸਮਅਰਥੀ ਸ਼ਬਦ ਸਮੂਹ ਸਿਰਜ ਲੈਂਦੇ ਹਨ। ਦੂਜਾ ਕਾਰਨ ਵਿਵਰਜਿਤ ਸ਼ਬਦਾਂ ਨੂੰ ਵਰਤਣ ਤੋਂ ਟਲਣ ਦਾ ਹੁੰਦਾ ਹੈ। ਕਈ ਵਾਰੀ ਵਿਭਿੰਨ ਉਪਭਾਸ਼ਾਵਾਂ ਨਾਲ ਸੰਬੰਧਿਤ ਹੋਣ ਕਾਰਨ ਵੀ ਸਮਾਨ-ਅਰਥਤਾ ਹੁੰਦੀ ਹੈ। ਪੰਜਾਬੀ

ਭਾਸ਼ਾ ਵਿਚ ਸਮਾਨ-ਅਰਥਤਾ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ :

1. *ਸਰੀਰ-ਜਿਸਮ-ਜੁੱਸਾ*
2. *ਸ਼ਾਤੀ-ਆਰਾਮ-ਅਮਨ-ਚੈਨ*
3. *ਚਿੱਠੀ-ਖ਼ਤ-ਪੱਤਰ*
4. *ਵਰ੍ਹਾ-ਸਾਲ-ਸੰਨ-ਵਰਸ਼*
5. *ਸੁਹਣਾ-ਖੂਬਸੂਰਤ-ਹੁਸੀਨ-ਸੁੰਦਰ*
6. *ਤੀਵੀਂ-ਔਰਤ-ਨਾਰੀ-ਇਸਤਰੀ-ਮਹਿਲਾ-ਤ੍ਰੀਮਤ-ਜਨਾਨੀ*
7. *ਪਿਆਰ-ਪ੍ਰੇਮ-ਸੁਨੇਹ-ਪ੍ਰੀਤ-ਚਾਹਤ*
8. *ਰੱਬ-ਪਰਮਾਤਮਾ-ਈਸ਼ਵਰ-ਵਾਹਿਗੁਰੂ*
9. *ਸਵੇਰ,ਸੁਭਾ,ਸਾਝਰਾ,ਸੁਵਖ਼ਤਾ,*
10. *ਸ਼ਾਮ,ਤਰਕਾਲਾਂ,ਖਉਪੀਆ,ਆਥਣ*

ਸਮਾਨਅਰਥਤਾ ਕੋਈ ਇਨ-ਬਿਨ ਪੱਕਾ ਜਾਂ ਨਿਸ਼ਚਿਤ ਵਰਤਾਰਾ ਨਹੀਂ ਹੈ ਬਲਕਿ ਇਸ ਵਿਚੋਂ ਚੋਣ ਦੀ ਸੰਭਾਵਨਾ ਹੁੰਦੀ ਅਤੇ ਇਹ ਚੋਣ ਪ੍ਰਸੰਗਾਰਥੀ ਹੁੰਦੀ ਹੈ।ਜਿਵੇਂ ਜਲ ਤੇ ਪਾਣੀ ਸਮਾਨਾਰਥੀ ਸ਼ਬਦ ਹਨ ਪਰ 'ਉਹ ਸ਼ਰਮ ਨਾਲ ਪਾਣੀ-ਪਾਣੀ ਹੋ ਗਿਆ' ਵਿਚ 'ਜਲ-ਜਲ' ਦਾ ਪ੍ਰਯੋਗ ਨਹੀਂ ਹੋ ਸਕਦਾ।ਇਸੇ ਤਰ੍ਹਾਂ ਖੁੱਲ੍ਹਾ ਤੇ ਮੋਕਲਾ ਸਮਾਨਾਰਥੀ ਹਰ ਪਰ 'ਮੇਰੇ ਪਾਸ ਖੁੱਲ੍ਹਾ ਸਮਾਂ ਹੈ' ਦੀ ਥਾਂ 'ਮੋਕਲਾ' ਨਹੀਂ ਆ ਸਕਦਾ।ਵਾਸਤਵ ਵਿਚ ਸੰਪੂਰਨ ਸਮਾਨ-ਅਰਥਤਾ ਕਿਸੇ ਵੀ ਭਾਸ਼ਾ ਵਿਚ ਸੰਭਵ ਨਹੀਂ ਹੁੰਦੀ।

4.3 ਵਿਰੋਧ-ਅਰਥਤਾ (Antonyoms)

ਕਿਸੇ ਭਾਸ਼ਾ ਵਿਚਲੇ ਸ਼ਬਦਾਂ ਦੇ ਅਰਥਾਂ ਵਿਚਲੀ ਵਿਰੋਧਤਾ ਨੂੰ ਵਿਰੋਧ-ਅਰਥਤਾ ਕਿਹਾ ਜਾਂਦਾ ਹੈ।ਅਰਥਾਂ ਦੇ ਪੱਖ ਤੋਂ ਵਿਰੋਧੀ ਸੰਬੰਧ ਰੱਖਣ ਵਾਲੇ ਸ਼ਬਦਾਂ ਨੂੰ ਵਿਰੋਧਾਰਥਕ-ਸ਼ਬਦ ਕਿਹਾ ਜਾਂਦਾ ਹੈ।ਇਨ੍ਹਾਂ ਲਈ ਇਕ ਹੋਰ ਸ਼ਬਦ ਵਿਪਰਿਆਇਵਾਚੀ ਜਾਂ ਵਿਪਰੀਤਾਰਥਕ-ਸ਼ਬਦ ਵੀ ਵਰਤਿਆ ਜਾਂਦਾ ਹੈ।ਵਿਰੋਧ-ਅਰਥਤਾ, ਸਮਾਨਾਰਥਤਾ ਦੀ ਵਿਰੋਧੀ ਦਿਸ਼ਾ ਵਿਚ ਕਾਰਜਸ਼ੀਲ ਹੁੰਦੀ ਹੈ।ਸਮਾਨਾਰਥੀ ਸ਼ਬਦਾਂ ਦੇ ਮੁਕਾਬਲੇ, ਵਿਰੋਧਾਰਥੀ ਸ਼ਬਦਾਂ ਦੀ ਸੰਖਿਆ ਹਰ ਭਾਸ਼ਾ ਵਿਚ ਜ਼ਿਆਦਾ ਹੁੰਦੀ ਹੈ ਅਤੇ ਇਨ੍ਹਾਂ ਨੂੰ ਇਕ-ਦੂਜੇ ਦੇ ਮੁਕੰਮਲ ਵਿਰੋਧਾਰਥੀ ਮੰਨਿਆਂ ਜਾਂਦਾ ਹੈ।ਕਿਸੇ ਭਾਸ਼ਾ ਵਿਚ ਵਿਰੋਧਅਰਥਤਾ ਕਈ ਪੱਧਰਾਂ ਉਪਰ ਕਾਰਜਸ਼ੀਲ ਹੁੰਦੀ ਹੈ।ਪੰਜਾਬੀ ਭਾਸ਼ਾ ਵਿਚ ਇਸ ਵਰਤਾਰੇ ਦੀ ਹੇਠ ਲਿਖੇ ਅਨੁਸਾਰ ਵੰਡ ਕੀਤੀ ਜਾ ਸਕਦੀ ਹੈ :

1. *ਵਚਨ ਆਧਾਰਿਤ : ਮੁੰਡਾ-ਮੁੰਡੇ, ਕਵੀ-ਕਵੀਆਂ, ਕੁੱਤਾ-ਕੁੱਤੇ, ਕੁੜੀ-ਕੁੜੀਆਂ ਆਦਿ।*
2. *ਲਿੰਗ ਆਧਾਰਿਤ : ਔਰਤ-ਮਰਦ, ਬੱਕਰਾ-ਬੱਕਰੀ, ਮੁੰਡਾ-ਕੁੜੀ, ਗੱਭਰੂ-ਮੁਟਿਆਰ ਆਦਿ।*
3. *ਵਿਸ਼ੇਸ਼ਣ ਆਧਾਰਿਤ : ਚੰਗਾ-ਮਾੜਾ, ਕਾਲਾ-ਗੋਰਾ, ਮੋਟਾ-ਪਤਲਾ, ਉਚਾ-ਨੀਵਾਂ, ਗਰਮ-ਠੰਢਾ ਆਦਿ।*
4. *ਕਿਰਿਆ ਆਧਾਰਿਤ : ਆਉਣਾ-ਜਾਣਾ, ਉਠਣਾ-ਬੈਠਣਾ, ਲੈਣਾ-ਦੇਣਾ, ਤੁਰਨਾ-ਖੜਨਾ ਆਦਿ।*
5. *ਨਾਂਵ ਆਧਾਰਿਤ : ਰਾਮ-ਰਾਵਣ (ਵਿਅਕਤੀ ਵਾਚਕ) : ਆਦਮੀ-ਜਾਨਵਰ (ਜਾਤੀ ਵਾਚਕ) ਆਦਿ।*
6. *ਕਿਰਿਆ ਵਿਸ਼ੇਸ਼ਣ : ਖੱਬੇ-ਸੱਜੇ, ਉਪਰ-ਥੱਲੇ, ਹੌਲੀ-ਤੇਜ, ਸੁਭਾ-ਸ਼ਾਮ, ਸਾਹਮਣੇ-ਪਿਛੇ ਆਦਿ।*
7. *ਅਗੇਤਰ ਆਧਾਰਿਤ : ਸਪੂਤ-ਕਪੂਤ, ਸੰਯੋਗ-ਵਿਯੋਗ, ਹਾਜ਼ਰ-ਗ਼ੈਰ ਹਾਜ਼ਰ, ਸੰਭਵ-ਅਸੰਭਵ ਆਦਿ।*
8. *ਰਿਸ਼ਤੇ ਆਧਾਰਿਤ : ਪਤੀ-ਪਤਨੀ, ਜੀਜਾ-ਸਾਲੀ, ਮਾਂ-ਪਿਉ, ਚਾਚਾ-ਚਾਚੀ, ਮਾਮਾ-ਮਾਮੀ ਆਦਿ ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਵਿਰੋਧਾਰਥੀ ਜੁੱਟ ਬਣਾਏ ਜਾ ਸਕਦੇ ਹਨ।*

4.4 ਬਹੁ-ਅਰਥਤਾ (Polysemy)

ਇਕੋ ਹੀ ਸ਼ਬਦ ਦੀ ਇਕ ਤੋਂ ਵਧੇਰੇ ਅਰਥਾਂ ਵਿਚ ਵਰਤੇ ਜਾਣ ਦੀ ਯੋਗਤਾ ਨੂੰ ਬਹੁ-ਅਰਥਤਾ ਕਿਹਾ ਜਾਂਦਾ ਹੈ।ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਇਸ ਨੂੰ ਵਿਭਿੰਨ ਭਾਸ਼ਾਈ ਪੱਧਰਾਂ ਉਤੇ ਕਾਰਜਸ਼ੀਲ ਦੇਖਿਆ ਜਾ ਸਕਦਾ ਹੈ।ਪੰਜਾਬੀ ਵਿਚ ਵੀ ਬਹੁ-ਅਰਥਤਾ ਵਾਕ ਅਤੇ ਸ਼ਬਦ ਦੇ ਪੱਧਰਾਂ ਉਪਰ ਸਾਕਾਰ ਹੁੰਦੀ ਹੈ।ਮਿਸਾਲ ਵਜੋਂ 'ਇਹ ਰਾਮ ਦਾ ਚਿੱਤਰ ਹੈ' ਵਾਕ ਦੇ ਤਿੰਨ ਅਰਥ ਹੋ ਸਕਦੇ ਹਨ : ਪਹਿਲਾ ਇਹ ਚਿੱਤਰ ਰਾਮ ਨਾਮ ਦੇ ਬੰਦੇ ਨੇ ਬਣਾਇਆ। ਦੂਜਾ ਇਹ ਭਗਵਾਨ ਰਾਮ ਦਾ ਚਿੱਤਰ ਹੈ। ਤੀਜਾ ਇਸ ਚਿੱਤਰ ਦਾ ਮਾਲਕ ਰਾਮ ਹੈ, ਆਦਿ।ਪੰਜਾਬੀ ਵਿਚ ਬਹੁ-ਅਰਥਤਾ ਵਿਆਕਰਨਿਕ ਪੱਧਰ ਉਤੇ ਵੀ ਸਾਕਾਰ ਹੁੰਦੀ ਹੈ।ਜਿਵੇਂ 'ਤਰ' ਸ਼ਬਦ ਵਿਭਿੰਨ ਪ੍ਰਸੰਗਾਂ ਵਿਚ ਨਾਂਵ, ਕਿਰਿਆ ਅਤੇ ਵਿਸ਼ੇਸ਼ਣ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। 1. ਉਸ ਨੇ ਤਰ (ਨਾਂਵ) ਖਾਧੀ : 2. ਉਹ ਤਰ (ਕਿਰਿਆ) ਰਿਹਾ ਹੈ।3. ਤਰ ਜ਼ਮੀਨ (ਵਿਸ਼ੇਸ਼ਣ) ਵਿਚ ਝੋਨਾ ਬਹੁਤ ਹੁੰਦਾ ਹੈ ਆਦਿ।ਸ਼ਬਦ ਦੇ ਪੱਧਰ

ਉਤੇ ਵੀ ਪੰਜਾਬੀ ਵਿਚ ਬਹੁ-ਅਰਥਤਾ ਦੀਆਂ ਮਿਸਾਲਾਂ ਮਿਲਦੀਆਂ ਹਨ। ਜਿਵੇਂ 'ਅਰਥ' ਸ਼ਬਦ ਨੂੰ ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ। ਪਦਾਰਥ ਜਾਂ ਧਨ-ਦੌਲਤ ਦੇ ਅਰਥਾਂ ਵਿਚ ਅਤੇ ਭਾਵ ਜਾਂ ਮਤਲਬ ਦੇ ਅਰਥਾਂ ਵਿਚ। ਇਵੇਂ ਅਰਥਵਿਗਿਆਨ ਅਤੇ ਅਰਥਸ਼ਾਸਤਰ ਵਿਚ 'ਅਰਥ' ਦੇ ਅਰਥ ਬਦਲ ਗਏ ਹਨ। ਸ਼ਬਦ ਨੂੰ ਵੀ ਇਕ ਕਾਵਿ-ਰੂਪ ਵਜੋਂ ਵੀ ਵਰਤਿਆ ਜਾਂਦਾ ਹੈ ਅਤੇ ਭਾਸ਼ਾਈ ਇਕਾਈ ਵਜੋਂ ਵੀ।

4.5 ਸਮੂਹ-ਅਰਥਤਾ

ਜਦੋਂ ਬਹੁਤੇ ਸ਼ਬਦ ਮਿਲ ਕੇ, ਇਕ ਅਰਥ ਦੇਣ ਤਾਂ ਉਨ੍ਹਾਂ ਨੂੰ ਸਮੂਹ-ਅਰਥਤਾ ਕਿਹਾ ਜਾਂਦਾ ਹੈ। ਆਮ ਤੌਰ 'ਤੇ ਸਮੂਹ-ਅਰਥਤਾ ਮੁਹਾਵਰਿਆਂ ਜਾਂ ਅਖਾਣਾਂ ਵਿਚੋਂ ਉਜਾਗਰ ਹੁੰਦੀ ਹੈ। ਇਸ ਲਈ ਮੁਹਾਵਰਿਆਂ ਜਾਂ ਅਖਾਣਾਂ ਨੂੰ ਸਮੂਹ-ਅਰਥਕ ਸ਼ਬਦ ਕਿਹਾ ਜਾਂਦਾ ਹੈ। ਸਮੂਹ ਅਰਥਤਾ ਇਕ ਖਾਸ ਕਿਸਮ ਦੀ ਸ਼ਬਦ-ਸੰਗਤ ਵਿਚੋਂ ਜਨਮ ਲੈਂਦੀ ਹੈ। ਮਸਲਨ ਅਸੀ ਪੰਜਾਬੀ ਭਾਸ਼ਾ ਵਿਚੋਂ ਕੁਝ ਮੁਹਾਵਰੇ ਲੈਂਦੇ ਹਾਂ : ਨੱਕ ਤੇ ਮੱਖੀ ਨਾ ਬੈਠਣ ਦੇਣਾ, ਪੈਰਾਂ ਤੇ ਪਾਣੀ ਨਾ ਪੈਣ ਦੇਣਾ, ਹੱਥਾਂ ਉਤੇ ਸਰੋਂ ਜਮਾਉਣਾ ਆਦਿ। ਇਨ੍ਹਾਂ ਸ਼ਬਦਾਂ-ਸਮੂਹਾਂ (ਮੁਹਾਵਰਿਆਂ) ਵਿਚ ਇਕ ਖਾਸ ਕਿਸਮ ਦੀ ਸ਼ਬਦ-ਸੰਗਤ ਹੈ : ਨੱਕ-ਮੱਖੀ, ਪੈਰ-ਪਾਣੀ ਅਤੇ ਹੱਥ-ਸਰੋਂ ਆਦਿ। ਜਿਵੇਂ ਅਸੀਂ ਕੁੱਤਿਆਂ ਦੇ ਭੌਂਕਣ ਨੂੰ ਕੁੱਤਿਆਂ ਦਾ ਹਿਣਕਣਾ ਨਹੀਂ ਕਹਿ ਸਕਦੇ ਉਸੇ ਤਰ੍ਹਾਂ 'ਨੱਕ ਤੇ ਮੱਖੀ ਨਾ ਬੈਠਣ ਦੇਣਾ' ਨੂੰ 'ਨੱਕ ਤੇ ਮੱਛਰ ਨਾ ਬੈਠਣ ਦੇਣਾ' ਵਿਚ ਨਹੀਂ ਬਦਲ ਸਕਦੇ। ਇਵੇਂ ਅਸੀਂ 'ਪੈਰਾਂ ਤੇ ਪਾਣੀ ਪੈਣ ਨਾ ਦੇਣਾ' ਦੀ ਥਾਂ 'ਪੈਰਾਂ ਉਤੇ ਦੁੱਧ ਜਾਂ ਚਾਹ' ਨਹੀਂ ਵਰਤ ਸਕਦੇ। ਦਰਅਸਲ ਸਮੂਹ-ਅਰਥਤਾ ਵਿਚ ਸ਼ਬਦ ਸਮੂਹ ਸਹਿਚਾਰੀ ਸੰਬੰਧਾਂ ਵਿਚ ਬੱਝੇ ਹੁੰਦੇ ਹਨ। ਇਹ ਸਹਿਚਾਰ ਉਸੇ ਕਿਸਮ ਦਾ ਹੁੰਦਾ ਹੈ ਜਿਵੇਂ ਭੇਡਾਂ ਅਤੇ ਇੱਜੜ ਦਾ, ਗਊਆਂ ਅਤੇ ਵੱਗ ਦਾ ਅਤੇ ਗੁਰਦੁਆਰੇ ਅਤੇ ਸੰਗਤ ਦਾ। ਸਮੂਹ-ਅਰਥ ਸ਼ਬਦ ਕਾਰਜੀ ਜਾਂ ਵਿਆਕਰਨ ਦੇ ਪੱਖ ਤੋਂ ਵੀ ਆਮ ਸ਼ਬਦ ਤੋਂ ਵੱਖਰੀ ਅਰਥ-ਪਰਤ ਰੱਖਦੇ ਹਨ। ਮਸਲਨ ਮੁਹਾਵਰਿਆਂ ਦਾ ਵਚਨ ਨਹੀਂ ਬਦਲਿਆ ਜਾ ਸਕਦਾ। ਅਸੀਂ 'ਨੱਕਾਂ ਤੇ ਮੱਖੀਆਂ ਨਾ ਬੈਠਣ ਦੇਣਾ' ਵੀ ਨਹੀਂ ਕਹਿ ਸਕਦੇ। ਸਟੀਫਨ ਉਲਮਾਨ ਨੇ ਸਮੂਹ-ਅਰਥਕ ਸ਼ਬਦਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ : ਪਾਰਦਰਸ਼ੀ ਸ਼ਬਦ ਅਤੇ ਧੁੰਦਲੇ ਸ਼ਬਦ। ਪਾਰਦਰਸ਼ੀ ਸ਼ਬਦ ਉਹ ਹੁੰਦੇ ਹਨ ਜਿਨ੍ਹਾਂ ਦਾ ਅਰਥ ਸ਼ਬਦ ਦੇ ਹਿੱਸਿਆਂ ਉਤੇ ਆਧਾਰਿਤ ਹੁੰਦਾ ਹੈ। ਮਸਲਨ ਪੰਜਾਬੀ ਦਾ ਸ਼ਬਦ-ਜੁੱਟ 'ਭਾਸ਼ਾ ਵਿਗਿਆਨ' ਪਾਰਦਰਸ਼ੀ ਸ਼ਬਦ ਹੈ ਕਿਉਂਕਿ ਇਸ ਦਾ ਅਰਥ 'ਭਾਸ਼ਾ ਅਤੇ ਵਿਗਿਆਨ' ਦੇ ਅਰਥਾਂ ਉਤੇ ਆਧਾਰਿਤ ਹੈ ਪਰ ਧੁੰਦਲੇ ਸ਼ਬਦ ਉਹ

ਹੁੰਦੇ ਹਨ ਜਿਨ੍ਹਾਂ ਦੇ ਅਰਥਾਂ ਨੂੰ ਸ਼ਬਦਾਂ ਦੇ ਭਾਗਾਂ ਦੇ ਅਰਥ ਨਿਰਧਾਰਿਤ ਨਹੀਂ ਕਰ ਸਕਦੇ ਅਰਥਾਤ ਇਥੇ ਅਰਥ ਸ਼ਬਦਾਂ ਦੇ ਕੋਸ਼ੀ ਅਰਥਾਂ ਦੇ ਜੋੜ ਆਧਾਰਿਤ ਨਹੀਂ ਹੁੰਦਾ।ਮੁਹਾਵਰੇ ਧੁੰਦਲੇ ਸ਼ਬਦ ਹੀ ਹੁੰਦੇ ਹਨ।

4.6 ਪ੍ਰਤੀਕੂਲ-ਅਰਥਤਾ (Incompatibility)

ਪ੍ਰਤੀਕੂਲ-ਅਰਥਤਾ ਉਨ੍ਹਾਂ ਸ਼ਬਦਾਂ ਵਿਚ ਪਾਈ ਜਾਂਦੀ ਹੈ ਜਿਨ੍ਹਾਂ ਦੇ ਅਰਥਾਂ ਵਿਚ ਉਸੇ ਅਰਥ ਖੇਤਰ ਨਾਲ ਸੰਬੰਧਿਤ ਹੋਰ ਸ਼ਬਦਾਂ ਦੇ ਅਰਥ ਸ਼ਾਮਲ ਜਾਂ ਸਮਿਲਿਤ ਨਹੀਂ ਹੁੰਦੇ ਭਾਵ ਜੋ ਸ਼ਬਦ ਆਪਣੇ ਅਰਥ-ਖੇਤਰ ਦੀ ਪ੍ਰਤੀਕੂਲ ਦਿਸ਼ਾ ਵਿਚ ਕਾਰਜਸ਼ੀਲ ਹੁੰਦੇ ਹਨ, ਉਨ੍ਹਾਂ ਨੂੰ ਪ੍ਰਤੀਕੂਲ ਸ਼ਬਦ ਅਤੇ ਉਨ੍ਹਾਂ ਦੀ ਕਿਰਿਆ ਨੂੰ ਪ੍ਰਤੀਕੂਲਤਾ ਕਿਹਾ ਜਾਂਦਾ ਹੈ।ਮਸਲਨ : ਲੋਹਾ, ਤਾਂਬਾ, ਚਾਂਦੀ, ਸੋਨਾ ਆਦਿ ਧਾਤਾਂ ਦਾ ਅਰਥ ਖੇਤਰ ਇਕ ਦੂਜੇ ਦੇ ਪ੍ਰਤੀਕੂਲ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ।ਇਸੇ ਤਰ੍ਹਾਂ ਚਿੱਟਾ, ਕਾਲਾ, ਲਾਲ, ਨੀਲਾ, ਪੀਲਾ ਆਦਿ ਰੰਗਾਂ ਦਾ ਅਰਥ ਖੇਤਰ ਵੀ ਇਕ ਦੂਜੇ ਦੇ ਪ੍ਰਤੀਕੂਲ ਹੈ।ਇਹ ਸਭ ਰੰਗਾਂ ਦੇ ਨਾਮ ਹਨ, ਇਸ ਪੱਖ ਤੋਂ ਇਹ ਇਕੋ ਅਰਥ ਖੇਤਰ ਨਾਲ ਸੰਬੰਧਿਤ ਹਨ ਪਰ ਫਿਰ ਵੀ ਇਨ੍ਹਾਂ ਦੀ ਆਪੋ-ਆਪਣੀ ਵਿਲੱਖਣ ਹੋਂਦ ਹੁੰਦੀ ਹੈ।ਇਨ੍ਹਾਂ ਦਾ ਆਪਸ ਵਿਚ ਮੁਕਤ ਵਟਾਂਦਰਾ ਨਹੀਂ ਕੀਤਾ ਜਾ ਸਕਦਾ।ਸਾਕਾਚਾਰੀ ਸੰਬੰਧ ਵੀ ਅਰਥ-ਖੇਤਰ ਦੇ ਵੱਖ-ਵੱਖ ਹਿੱਸਿਆਂ ਵਿਚ ਵੰਡੇ ਜਾਣ ਦੀ ਇਕ ਹੋਰ ਮਿਸਾਲ ਹੈ।ਸਾਕ-ਸੰਬੰਧ ਜਾਂ ਰਿਸ਼ਤੇਦਾਰੀ ਦੇ ਸਾਰੇ ਸ਼ਬਦ (ਪਦ) ਇਕ ਦੂਜੇ ਦੇ ਪ੍ਰਤੀਕੂਲ ਹੁੰਦੇ ਹਨ।ਇਸੇ ਤਰ੍ਹਾਂ ਮਹੀਨਿਆਂ ਦੇ ਨਾਮ, ਗਿਣਤੀ ਦੇ ਅੰਕ, ਹਫ਼ਤਿਆਂ ਦੇ ਦਿਨ ਆਦਿ ਸਭ ਪ੍ਰਤੀਕੂਲ ਸ਼ਬਦ ਹਨ।ਸੋਮਵਾਰ ਦਾ ਅਰਥ ਹੈ, ਹਫ਼ਤੇ ਦਾ ਕੋਈ ਹੋਰ ਦਿਨ ਨਹੀਂ, 'ਇਕ' ਦਾ ਅਰਥ 'ਇਕ' ਹੈ, ਗਿਣਤੀ ਦਾ ਕੋਈ ਹੋਰ ਅੰਕ ਜਾਂ ਇਕਾਈ ਨਹੀਂ।ਇਵੇਂ 'ਮੇਜ਼' ਤੇ 'ਕੁਰਸੀ' ਇਕ ਦੂਜੇ ਦੇ ਪ੍ਰਤੀਕੂਲ ਸ਼ਬਦ ਹਨ।ਸੋ ਪ੍ਰਤੀਕੂਲ-ਅਰਥਤਾ ਵਿਚ ਇਕ ਖੇਤਰ ਦਾ ਅਰਥ ਦੂਜੇ ਵਿਚ ਸ਼ਾਮਿਲ ਨਹੀਂ ਹੁੰਦਾ।

4.7 ਸਮਿਲਤ-ਅਰਥਤਾ (Hyponomy)

ਸਮਿਲਤ-ਅਰਥਤਾ, ਪ੍ਰਤੀਕੂਲ-ਅਰਥਤਾ ਦੀ ਬਿਲਕੁਲ ਉਲਟ ਦਿਸ਼ਾ ਵਿਚ ਪ੍ਰਕਿਰਿਆ ਕਰਦੀ ਹੈ।ਜਿਥੇ ਪ੍ਰਤੀਕੂਲਤਾ ਵਿਚ ਇਕੋ ਅਰਥ ਖੇਤਰ ਨਾਲ ਸੰਬੰਧਿਤ ਸ਼ਬਦਾਂ ਦੇ ਅਰਥਾਂ ਵਿਚ ਵਖਰੇਵਾਂ ਹੁੰਦਾ ਹੈ, ਉਥੇ ਸਮਿਲਤ ਅਰਥਤਾ ਵਿਚ ਇਕੋ ਅਰਥ ਖੇਤਰ ਨਾਲ ਸੰਬੰਧਿਤ ਵੱਖ-ਵੱਖ ਸ਼ਬਦਾਂ ਦੇ ਅਰਥਾਂ ਵਿਚ ਸਮਿਲਤਾ ਹੁੰਦੀ ਹੈ।ਮਿਸਾਲ ਵਜੋਂ 'ਸਾਹਿਤ' ਸ਼ਬਦ ਵਿਚ ਕਵਿਤਾ, ਨਾਵਲ, ਕਹਾਣੀ, ਨਾਟਕ,

ਇਕਾਂਗੀ, ਆਦਿ ਸ਼ਬਦਾਂ ਦੇ ਅਰਥ ਸ਼ਾਮਿਲ ਹਨ।'ਰੁੱਖ' ਸ਼ਬਦ ਵਿਚ ਟਾਹਲੀ, ਨਿੰਮ, ਕਿੱਕਰ, ਬੋਹੜ, ਪਿੱਪਲ ਆਦਿ ਦੇ ਸ਼ਬਦਾਂ ਦੇ ਅਰਥ ਸਮਿਲਤ ਹਨ।ਪੰਜਾਬੀ ਸਭਿਆਚਾਰ ਵਿਚ ਨਾਈ, ਝਿਊਰ, ਤਰਖਾਣ, ਲੁਹਾਰ, ਮਿਰਾਸੀ ਆਦਿ ਲਈ 'ਲਾਗੀ' ਸ਼ਬਦ ਪ੍ਰਚਲਿਤ ਹੈ।'ਲਾਗੀ' ਸ਼ਬਦ ਵਿਚ ਇਨ੍ਹਾਂ ਸਭ ਜਾਤੀਗਤ ਨਾਵਾਂ ਦੇ ਅਰਥ ਸ਼ਾਮਲ ਹਨ।ਇਵੇਂ ਪੰਜਾਬੀ ਭਾਸ਼ਾ ਵਿਚ ਗਾਵਾਂ, ਮੱਝਾਂ, ਬਲਦਾਂ, ਬੋਤਿਆਂ, ਕੱਟਿਆਂ ਆਦਿ ਸਭਨਾਂ ਲਈ 'ਡੰਗਰ' ਸ਼ਬਦ ਹੈ।ਜਾਤੀਗਤ ਸ਼ਬਦਾਂ ਨੂੰ ਅਪ੍ਰਧਾਨ ਅਤੇ ਵਿਆਪਕ ਸ਼ਬਦ ਨੂੰ 'ਪ੍ਰਧਾਨ' ਆਖਿਆ ਜਾ ਸਕਦਾ ਹੈ।ਜਾਤੀਗਤ ਸ਼ਬਦ ਸਮਿਲਤ ਸ਼ਬਦ ਹਨ ਅਤੇ ਜਿਸ ਸ਼ਬਦ ਵਿਚ ਇਨ੍ਹਾਂ ਦੇ ਅਰਥ ਸ਼ਾਮਲ ਹੁੰਦੇ ਹਨ, ਉਸ ਨੂੰ ਵਿਆਪਕ ਸ਼ਬਦ ਕਹਿ ਸਕਦੇ ਹਾਂ।ਸਭ ਭਾਸ਼ਾਵਾਂ ਵਿਚ ਸਮਿਲਤ-ਅਰਥਤਾ ਦਾ ਵਰਤਾਰਾ ਇਕੋ ਜਿਹਾ ਨਹੀਂ ਹੁੰਦਾ।

4.8 ਅਰਥ ਮੂਲਕ ਪ੍ਰੇਰਨਾ (Semantic Motivation)

ਸ਼ਬਦ ਦੀ ਅਰਥ ਮੂਲਕ ਪ੍ਰੇਰਨਾ ਦੇ ਅਨੇਕਾਂ ਪ੍ਰੇਰਕ ਹੋ ਸਕਦੇ ਹਨ।ਹੁਣ ਤਕ ਅਸੀਂ ਸ਼ਬਦਾਂ ਦੀ ਅਰਥ ਮੂਲਕ ਪ੍ਰੇਰਨਾ ਦੀਆਂ ਬਾਹਰਮੁਖੀ-ਲਕੀਰਾਂ ਹੀ ਖਿੱਚ ਸਕੇ ਹਾਂ।ਪਰ ਸ਼ਬਦਾਂ ਦੇ ਅਰਥਾਂ ਦੀਆਂ ਕੁਝ ਜਟਿਲ ਸਥਿਤੀਆਂ ਵੀ ਹਨ।ਸ਼ਬਦਾਂ ਦੀਆਂ ਜਟਿਲ ਸਥਿਤੀਆਂ ਦੇ ਬਹੁਤਾ ਵਿਸਥਾਰ ਵਿਚ ਪੈਣ ਦੀ ਬਜਾਏ, ਇਥੇ ਅਸੀਂ ਕੇਵਲ ਸਮਨਾਮੀ ਸ਼ਬਦ, ਸਮਧੁਨੀ ਸ਼ਬਦ ਅਤੇ ਸਮਅੱਖਰੀ ਸ਼ਬਦ ਦੀ ਜਾਣਕਾਰੀ ਹੀ ਪੇਸ਼ ਕਰਾਂਗੇ।

4.8.1 ਸਮਨਾਮੀ ਸ਼ਬਦ (Homonyms)

ਸਮਨਾਮ ਸ਼ਬਦਾਂ ਦੀ ਬਹੁ-ਅਰਥਕ ਸ਼ਬਦਾਂ ਨਾਲ ਨੇੜਲੀ ਸਾਂਝ ਹੁੰਦੀ ਹੈ ਇਸ ਲਈ ਇਨ੍ਹਾਂ ਵਿਚ ਨਿਖੇੜਾ ਥਾਪਨਾ ਇਕ ਗੁੰਝਲਦਾਰ ਸਮੱਸਿਆ ਹੈ।ਪਰ ਫਿਰ ਵੀ ਦੋਹਾਂ ਦਾ ਅੰਤਰ ਸਪੱਸ਼ਟ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਬਹੁ-ਅਰਥਤਾ ਇਕ ਸ਼ਬਦ ਦੇ ਇਕ ਤੋਂ ਵਧੇਰੇ ਅਰਥਾਂ ਵਿਚ ਵਰਤੇ ਜਾਣ ਦੀ ਯੋਗਤਾ ਹੁੰਦੀ ਹੈ।ਜਦ ਕਿ ਸਮਨਾਮ ਸ਼ਬਦ ਉਹ ਹੁੰਦੇ ਹਨ ਜਿਹੜੇ ਭਿੰਨ-ਭਿੰਨ ਅਰਥ ਪ੍ਰਗਟਾਉਂਦੇ ਹੋਏ ਵੀ ਰੂਪਕ ਪੱਖੋਂ ਬਿਲਕੁਲ ਸਮਾਨ ਹੁੰਦੇ ਹਨ।ਮਿਸਾਲ ਵਜੋਂ ਪੰਜਾਬੀ ਸ਼ਬਦ 'ਚੱਕ' ਹੈ।ਇਹ ਚੱਕ ਘੁਮਿਆਰ ਦਾ, ਭੌਂ ਦਾ ਅਤੇ ਖੂਹ ਦਾ ਹੋ ਸਕਦਾ ਹੈ।ਸੰਗ (ਸਾਥ) ਅਤੇ ਸੰਗ (ਸ਼ਰਮ) ਚਰਮ (ਸਿਖਰ) ਅਤੇ ਚਰਮ (ਚਮੜੀ) ਇਸ ਦੀਆਂ ਹੋਰ ਮਿਸਾਲਾਂ ਹਨ।ਇਸੇ ਤਰ੍ਹਾਂ ਪੰਜਾਬੀ ਸ਼ਬਦ 'ਵੱਟ' ਦੀ ਵਰਤੋਂ ਹੇਠ ਲਿਖੇ ਵਾਕਾਂ ਵਿਚ ਵੇਖਣਯੋਗ ਹੈ :

1. ਸਣ ਦੀ ਰੱਸੀ ਵੱਟ ਦਿਉ।

2. ਮੱਥੇ ਵੱਟ ਨਾ ਪਾਉ।

3. ਇਹ ਵੱਟ ਸਿਧੀ ਹੈ।

4. ਅੱਜ ਬਹੁਤ ਵੱਟ ਹੈ।

5. ਬਿਸਤਰ ਦੇ ਵੱਟ ਕੱਢ ਦਿਉ।

ਕਈ ਵਾਰੀ ਬਹੁ-ਅਰਥਕ ਸ਼ਬਦਾਂ ਅਤੇ ਸਮਨਾਮ ਸ਼ਬਦਾਂ ਦੇ ਨਿਖੇੜ ਦੀ ਮੁਸ਼ਕਲ ਦਾ ਹੱਲ ਸ਼ਬਦ-ਕੋਸ਼ ਦੀ ਮੱਦਦ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਜਿਵੇਂ ਬਹੁ-ਅਰਥਕ ਸ਼ਬਦ ਦਾ ਸ਼ਬਦ-ਕੋਸ਼ ਵਿਚ ਇਕ ਹੀ ਇੰਦਰਾਜ਼ ਹੁੰਦਾ ਹੈ ਜਦ ਕਿ ਸਮਨਾਮ ਸ਼ਬਦਾਂ ਦੇ ਜਿੰਨੇ ਉਹ ਸ਼ਬਦ ਹੁੰਦੇ ਹਨ, ਉਨੇ ਹੀ ਇੰਦਰਾਜ਼ ਹੁੰਦੇ ਹਨ।ਪਰ ਇਹ ਗੱਲ ਵੀ ਕੋਈ ਤਸੱਲੀਬਖ਼ਸ਼ ਨਹੀਂ ਕਿਉਂਕਿ ਇਹ ਨਿਰਣਾ ਕਰਨਾ ਮੁਸ਼ਕਲ ਹੁੰਦਾ ਹੈ ਕਿ ਕਿਹੜਾ ਸ਼ਬਦ ਬਹੁਅਰਥੀ ਹੈ ਅਤੇ ਕਿਹੜਾ ਸਮਨਾਮੀ।ਕਿਸੇ ਹੱਦ ਤਕ ਇਸ ਸਮੱਸਿਆ ਦਾ ਹੱਲ ਨਿਰੁਕਤੀ (etimology) ਦੁਆਰਾ ਵੀ ਕੀਤਾ ਜਾ ਸਕਦਾ ਹੈ।ਜੇਕਰ ਕਿਸੇ ਸ਼ਬਦ ਦੀ ਨਿਰੁਕਤੀ ਇਕ ਮੂਲ ਤੋਂ ਹੋਈ ਹੈ ਤਾਂ ਇਹ ਇਕੋ ਸ਼ਬਦ ਹੋਵੇਗਾ ਅਤੇ ਬਹੁਅਰਥੀ ਹੋਵੇਗਾ ਪਰ ਜੇਕਰ ਵਿਉਤਪਤੀ ਵਿਭਿੰਨ ਮੂਲਾਂ ਤੋਂ ਹੋਈ ਹੈ ਤਾਂ ਇਹ ਇਕ ਨਹੀਂ ਬਹੁਤੇ ਸ਼ਬਦ ਹਨ, ਜਿਨ੍ਹਾਂ ਨੂੰ ਸਮਨਾਮੀ ਕਿਹਾ ਜਾਵੇਗਾ। ਸਮਨਾਮੀ ਸ਼ਬਦਾਂ ਨੂੰ ਅੱਗੋਂ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ।

(ੳ) ਸਮਧੁਨੀ ਸ਼ਬਦ (Homophony)

ਉਹ ਸ਼ਬਦ ਜਿਨ੍ਹਾਂ ਦਾ ਉਚਾਰਨ ਤਾਂ ਇਕੋ ਜਿਹਾ ਹੋਵੇ ਪਰ ਸ਼ਬਦ ਜੋੜ ਭਿੰਨ-ਭਿੰਨ ਹੋਣ, ਉਨ੍ਹਾਂ ਨੂੰ ਸਮਧੁਨੀ ਸ਼ਬਦ ਆਖਿਆ ਜਾ ਸਕਦਾ ਹੈ।ਪੰਜਾਬੀ ਭਾਸ਼ਾ ਬੁਨਿਆਦੀ ਤੌਰ ਤੇ ਸੁਰਾਤਮਕ (Tonal) ਭਾਸ਼ਾ ਹੈ।ਸੁਰ ਦੇ ਪ੍ਰਸੰਗ ਵਿਚ ਕਈ ਸ਼ਬਦ ਅਜਿਹੇ ਮਿਲ ਜਾਂਦੇ ਹਨ ਜਿਨ੍ਹਾਂ ਦਾ ਉਚਾਰਨ ਤਾਂ ਇਕੋ ਜਿਹਾ ਹੁੰਦਾ ਹੈ ਪਰ ਸ਼ਬਦ ਜੋੜ ਭਿੰਨ-ਭਿੰਨ ਹੁੰਦੇ ਹਨ ਪਰ ਫਿਰ ਵੀ ਸੁਰਾਤਮਕ ਭਿੰਨਤਾ ਕਾਇਮ ਰਹਿੰਦੀ ਹੈ। ਜਿਵੇਂ; ਵਾਅ ਤੇ ਵਾਹ ਸ਼ਬਦਾਂ ਦਾ ਉਚਾਰਨ ਤਾਂ ਇਕੋ ਜਿਹਾ ਹੈ ਪਰ ਸ਼ਬਦ ਜੋੜ ਭਿੰਨ-ਭਿੰਨ ਹਨ।ਇਸ ਲਈ ਪੰਜਾਬੀ ਭਾਸ਼ਾ ਵਿਚ ਸਮਧੁਨੀ ਸ਼ਬਦ ਲੱਭਣੇ ਆਸਾਨ ਨਹੀਂ।ਅੰਗਰੇਜ਼ੀ ਭਾਸ਼ਾ ਵਿਚ ਇਸ ਦੀਆਂ ਬਹੁਤ ਮਿਸਾਲਾਂ ਮਿਲ ਜਾਂਦੀਆਂ ਹਨ :

Red	:	Read
Site	:	Sight

Rite	:	Write-Right
Week	:	Weak
Deer	:	Dear

(ਅ) ਸਮਅੱਖਰ ਜਾਂ ਸਮਲੇਖ ਸ਼ਬਦ (Homographs)

ਅਜਿਹੇ ਸ਼ਬਦ ਜਿਨ੍ਹਾਂ ਦੇ ਸ਼ਬਦ ਜੋੜ ਤਾਂ ਇਕੋ ਜਿਹੇ ਹੁੰਦੇ ਹਨ ਪਰ ਉਚਾਰਨ ਵਿਚ ਥੋੜ੍ਹਾ ਅੰਤਰ ਹੁੰਦਾ ਹੈ।ਜਿਵੇਂ ਘੜਾ (ਪਾਣੀ ਦਾ), ਘੜਾ (ਘੜਨਾ) ਅਤੇ ਭਰਾ (ਪੰਡ), ਭਰਾ (ਸਾਕਾਚਾਰੀ)।ਇਸ ਵਰਗ ਦੇ ਸ਼ਬਦਾਂ ਦੀਆਂ ਮਿਸਾਲਾਂ ਵੀ ਪੰਜਾਬੀ ਨਾਲੋਂ ਅੰਗਰੇਜ਼ੀ ਵਿਚ ਵੱਧ ਮਾਤਰਾ ਵਿਚ ਮਿਲਦੀਆਂ ਹਨ :

Lead (ਕਿਰਿਆ)	:	Lead (ਨਾਂਵ)
Live (ਕਿਰਿਆ)	:	Live (ਵਿਸ਼ੇਸ਼ਣ)
Read (ਵਰਤਮਾਨ ਕਿਰਿਆ)	:	Read (ਭੂਤਕਾਲੀ ਕਿਰਿਆ)

4.9 ਅੰਗ ਵਿਸ਼ਲੇਸ਼ਣ ਵਿਧੀ (Componential Analysis)

ਅਖੀਰ ਵਿਚ ਅਸੀਂ ਕਾਟਜ਼ ਅਤੇ ਫੋਡਰ ਦੁਆਰਾ ਸੁਝਾਈ ਵਿਧੀ ਰਾਹੀਂ ਪੰਜਾਬੀ ਭਾਸ਼ਾ ਦੀ ਅਰਥ ਵਿਉਂਤ ਦਾ ਵਿਸ਼ਲੇਸ਼ਣ ਕਰਦੇ ਹਾਂ।ਇਹ ਵਿਧੀ ਅਰਥ ਸੰਰਚਨਾ ਦੀ ਇਕ ਬੜੀ ਅਹਿਮ ਵਿਧੀ ਮੰਨੀ ਜਾਂਦੀ ਹੈ।ਜਿਸ ਪ੍ਰਕਾਰ ਬੋਲ (Utterance) ਦਾ ਅੰਗ ਨਿਖੇੜ ਵਾਕਾਂ ਵਿਚ, ਵਾਕਾਂ ਦਾ ਉਪਵਾਕਾਂ ਵਿਚ, ਉਪਵਾਕਾਂ ਦਾ ਵਾਕੰਸ਼ਾਂ ਵਿਚ, ਵਾਕੰਸ਼ ਦਾ ਸ਼ਬਦਾਂ ਵਿਚ, ਸ਼ਬਦਾਂ ਦਾ ਭਾਵੰਸ਼ਾਂ ਵਿਚ ਅਤੇ ਭਾਵੰਸ਼ਾਂ ਦਾ ਧੁਨੀਗ੍ਰਾਮਾਂ ਵਿਚ ਕੀਤਾ ਜਾ ਸਕਦਾ ਹੈ, ਉਸੇ ਤਰ੍ਹਾਂ ਸ਼ਬਦਾਂ ਦੇ ਅਰਥਾਂ ਦਾ ਵਿਸ਼ਲੇਸ਼ਣ ਕੁਝ ਸਮਾਨ ਪ੍ਰਵਰਗਾਂ ਅਧੀਨ ਕੀਤਾ ਜਾ ਸਕਦਾ ਹੈ।ਇਸ ਵਿਧੀ ਦੀ ਮੂਲ ਧਾਰਨਾ ਇਹ ਹੈ ਕਿ ਕਿਸੇ ਭਾਸ਼ਾ ਦੀ ਸ਼ਬਦਾਵਲੀ ਵਿਚ ਕੁਝ ਕੁ ਲੱਛਣ ਜਾਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਸੰਬੰਧਿਤ ਸ਼ਬਦ ਹੁੰਦੇ ਹਨ ਅਤੇ ਹਰੇਕ ਸ਼ਬਦ ਦਾ ਇਨ੍ਹਾਂ ਵਿਸ਼ੇਸ਼ਤਾਵਾਂ/ਲੱਛਣਾਂ ਨਾਲ ਸਵੀਕਾਰਨ ਜਾਂ ਨਿਕਾਰਨ ਦਾ ਸੰਬੰਧ ਹੁੰਦਾ ਹੈ।ਭਾਸ਼ਾ ਦੀ ਸ਼ਬਦਾਵਲੀ ਦੇ ਇਨ੍ਹਾਂ ਲੱਛਣਾਂ ਨੂੰ ਅਰਥ ਅਤੇ ਛੋਟੇ-ਛੋਟੇ ਤੱਤ ਜਾਂ ਅਰਥ-ਇਕਾਈਆਂ (Semences) ਕਿਹਾ ਜਾਂਦਾ ਹੈ।ਮਿਸਾਲ ਵਜੋਂ ਪੰਜਾਬੀ ਦੇ ਸ਼ਬਦਾਂ 'ਔਰਤ' ਅਤੇ 'ਮਰਦ' ਅਤੇ ਬੱਚਾ, ਮੁੰਡਾ ਦੀਆਂ ਅਰਥ ਇਕਾਈਆਂ ਹੇਠ ਲਿਖੇ ਅਨੁਸਾਰ ਨਿਖੇੜੀਆਂ ਜਾ ਸਕਦੀਆਂ ਹਨ :

ਮਰਦ + ਸਜਿੰਦ + ਇਨਸਾਨ + ਬਾਲਗ + ਪੁਲਿੰਗ


ਔਰਤ + ਸਜਿੰਦ + ਇਨਸਾਨ + ਬਾਲਗ + ਇਲਿੰਗ

ਮੁੰਡਾ + ਸਜਿੰਦ + ਇਨਸਾਨ + ਬਾਲਗ + ਪੁਲਿੰਗ
ਬੱਚਾ + ਸਜਿੰਦ + ਇਨਸਾਨ - ਬਾਲਗ + ਪੁਲਿੰਗ
ਬੱਚੀ + ਸਜਿੰਦ + ਇਨਸਾਨ - ਬਾਲਗ + ਇਲਿੰਗ

ਇਥੇ ਅਰਥ ਇਕਾਈਆਂ ਦੀ ਸਾਂਝ ਲਈ ਜਮਾਂ (+) ਅਤੇ ਵਿਰੋਧਤਾ ਲਈ ਮਨਫ਼ੀ (-) ਦਾ ਨਿਸ਼ਾਨ ਵਰਤਿਆ ਗਿਆ ਹੈ।ਇਉਂ ਇਨ੍ਹਾਂ ਪੰਜਾਂ ਸ਼ਬਦ ਜੁੱਟਾਂ ਵਿਚਲੀ ਅੰਗ-ਸਾਂਝ ਨੂੰ ਪਛਾਣਿਆ ਜਾ ਸਕਦਾ ਹੈ।ਸ਼ਬਦਾਂ ਦੀ ਇਹ ਅੰਗ-ਸਾਂਝ ਇਕ-ਅੱਧ ਪੱਧਰ ਤੇ ਭਿੰਨ ਵੀ ਹੋ ਸਕਦੀ ਹੈ ਅਤੇ ਕਈ ਪੱਧਰਾਂ ਤੇ ਸਮਾਨ।ਇਸ ਪ੍ਰਕਾਰ ਸਮਾਨ-ਸੰਬੰਧਾਂ ਦੇ ਸੈਟ ਬਣ ਜਾਂਦੇ ਹਨ।ਇਸ ਵਿਧੀ ਦੁਆਰਾ ਇਹ ਜਾਣਕਾਰੀ ਵੀ ਹਾਸਿਲ ਹੁੰਦੀ ਹੈ ਕਿ ਕੋਈ ਵਕਤਾ ਸ਼ਬਦਾਵਲੀ ਦੀ ਚੋਣ ਕਿਵੇਂ ਕਰਦਾ ਹੈ ਅਤੇ ਫਿਰ ਉਸ ਦੀ ਯੋਗ ਵਰਤੋਂ ਕਿਵੇਂ ਕਰਦਾ ਹੈ :


ਕਰਤਾਰ ਸਿੰਘ ਦੁੱਗਲ : ਭਾਸ਼ਾਈ ਸੰਚਾਰ ਜੁਗਤਾਂ

ਭਾਸ਼ਾਈ ਸੰਚਾਰ ਵਿਚ ਵਕਤੇ-ਸਰੋਤੇ ਦੀ ਸ਼ਮੂਲੀਅਤ ਨਿਰਵਿਵਾਦ ਹੈ। ਭਾਸ਼ਾਈ ਸੰਚਾਰ ਬਿਜਲੀ ਦੇ ਸਰਕਟ ਦੀ ਤਰ੍ਹਾਂ ਦੋ-ਪਾਸੜ ਕਿਰਿਆ ਹੈ। ਵਕਤੇ-ਸਰੋਤੇ ਦੋਹਾਂ ਦੇ ਦਿਮਾਗ ਵਿਚ ਇਕੋ ਤਰ੍ਹਾਂ ਦਾ ਨਾੜੀ-ਜੰਤਰ ਕੰਮ ਕਰ ਰਿਹਾ ਹੁੰਦਾ ਹੈ ਅਤੇ ਇਕੋ ਤਰ੍ਹਾਂ ਦੇ ਭਾਸ਼ਾਈ ਨੇਮ (ਵਿਆਕਰਨ) ਕਾਰਜਸ਼ੀਲ ਹੁੰਦੇ ਹਨ। ਭਾਸ਼ਾਈ ਸੰਚਾਰ ਦੀ ਇਸ ਦੋ-ਪਾਸੜ ਪ੍ਰਕਿਰਿਆ ਵਿਚ ਵਕਤਾ ਮੂੰਹ ਰਾਹੀਂ ਬੋਲਦਾ ਹੈ ਅਤੇ ਸਰੋਤਾਂ ਕੰਨਾਂ ਰਾਹੀਂ ਸੁਣ ਕੇ, ਸਮਝਦਾ ਹੈ। ਭਾਸ਼ਾ ਵਾਂਗ ਸਾਹਿਤ ਰਚਨਾ ਦਾ ਅਰਥ-ਸੰਚਾਰ ਵੀ ਦੋ ਧਿਰਾਂ ਦਰਮਿਆਨ ਵਾਪਰਦਾ ਹੈ। ਸਾਹਿਤ ਸੰਚਾਰ ਵੀ ਵਕਤਾ-ਸਰੋਤਾ ਜਾਂ ਲੇਖਕ-ਪਾਠਕ ਦਰਮਿਆਨ ਹੀ ਸੰਭਵ ਹੈ। ਸਾਹਿਤ ਰਚਨਾ ਵਿਚ ਵੀ ਸੰਚਾਰਕ ਅਤੇ ਸੰਚਾਰਿਤ ਦਾ ਰਿਸ਼ਤਾ ਅਦਵੈਤੀ ਹੈ। ਇਸ ਤੱਥ ਨੂੰ ਸੋਸਿਊਰ ਦੇ ਚਿੰਨ੍ਹ-ਚਿੰਨ੍ਹਕ-ਚਿੰਨ੍ਹਿਤ ਦੇ ਅਦਵੈਤੀ ਰਿਸ਼ਤੇ ਦੇ ਸਮਵਿਥ ਰੱਖਿਆ ਜਾ ਸਕਦਾ ਹੈ।



ਇਉਂ ਸੰਚਾਰ, ਭਾਸ਼ਾ ਅਤੇ ਸਾਹਿਤ ਦਾ ਸਾਂਝਾ ਪ੍ਰਕਾਰਜ ਹੈ। ਭਾਸ਼ਾ ਦੇ ਮਾਧਿਅਮ ਰਾਹੀਂ ਰਚਿਤ ਹੋਣ ਕਾਰਨ ਸਾਹਿਤ ਰਚਨਾ ਵੀ ਲਾਜ਼ਮੀ ਤੌਰ ਤੇ ਸੰਚਾਰ ਧਰਮੀ ਹੈ, ਪਰ ਜਿਵੇਂ ਸੰਚਾਰ ਭਾਸ਼ਾ ਦਾ ਪਰਿਭਾਸ਼ਕ ਗੁਣ-ਲੱਛਣ ਹੈ, ਉਵੇਂ ਸਾਹਿਤ ਦਾ ਪਰਿਭਾਸ਼ਕ ਗੁਣ ਨਹੀਂ ਹੈ। ਸਾਹਿਤ ਦਾ ਪਰਿਭਾਸ਼ਕ ਗੁਣ ਸਾਹਿਤਿਕਤਾ ਹੈ। ਸਾਹਿਤਿਕਤਾ, ਸਾਹਿਤ ਦਾ ਵਿਦਾ-ਬਿੰਦੂ ਹੈ, ਪਰ ਇਥੇ ਧਿਆਨਯੋਗ ਨੁਕਤਾ ਇਹ

ਹੈ ਕਿ ਸਾਹਿਤਿਕਤਾ ਅੱਗੋਂ ਫਿਰ ਭਾਸ਼ਿਕਤਾ ਆਧਾਰਿਤ ਸੰਕਲਪ ਹੈ। ਸਿਰਜਿਤ ਭਾਸ਼ਾ ਹੀ ਸਾਹਿਤਿਕਤਾ ਹੈ ਜੋ ਸਧਾਰਨ ਅਰਥਾਂ ਤੋਂ ਪਾਰ ਨਵੀਂ ਸਪੇਸ ਸਿਰਜਦੀ ਹੈ। ਇਸ ਤਰ੍ਹਾਂ ਭਾਸ਼ਾ-ਯੋਗਤਾ, ਸਾਹਿਤ-ਯੋਗਤਾ ਦਾ ਲਾਜ਼ਮੀ ਅੰਗ ਹੈ। ਭਾਸ਼ਾ ਬਣਤਰ ਦੇ ਸਮੂਹ ਪੱਧਰ ਧੁਨੀ, ਰੂਪ, ਸ਼ਬਦ, ਵਾਕ ਅਤੇ ਇਸ ਤੋਂ ਵੀ ਅੱਗੇ ਪੈਰਾ-ਪ੍ਰਵਚਨ (discourse) ਆਦਿ ਸਾਹਿਤ ਸਿਰਜਣਾ ਉਪਰ ਸ਼ਕਤੀਸ਼ਾਲੀ ਪ੍ਰਭਾਵ ਪਾਉਂਦੇ ਹਨ। ਭਾਸ਼ਾ-ਪ੍ਰਬੰਧ ਦੀ ਭੰਨਘੜ ਜਿਥੇ ਸਾਹਿਤਕ ਪ੍ਰਭਾਵ ਨੂੰ ਸੁਹਜੀਲਾ ਬਣਾਉਂਦੀ ਹੈ, ਉਥੇ ਭਾਸ਼ਾਈ ਭੰਨ-ਤੋੜ ਉਸ ਦੇ ਸਮੁੱਚੇ ਪ੍ਰਭਾਵ ਨੂੰ ਖੰਡਿਤ ਵੀ ਕਰ ਦਿੰਦੀ ਹੈ ਜੋ ਕਿ ਸਾਹਿਤ ਰਚਨਾ ਦੀ ਪੜ੍ਹਨ-ਯੋਗਤਾ ਅਤੇ ਸਮਝਣ-ਯੋਗਤਾ ਉਪਰ ਅਸਰ ਪਾਉਂਦੀ ਹੈ। ਇਸ ਨੂੰ ਨਿਮਨੋਕਤ ਰੇਖਾਂਕ ਰਾਹੀਂ ਦਰਸਾਇਆ ਜਾ ਸਕਦਾ ਹੈ।



ਪੰਜਾਬੀ ਆਲੋਚਨਾ ਦੇ ਖੇਤਰ ਵਿਚ ਸਾਹਿਤ ਸਿਰਜਣਾ ਦੇ ਇਸ ਪੱਖ ਦੀ ਨਿਰਖ-ਪਰਖ ਨਾ-ਮਾਤਰ ਹੀ ਕੀਤੀ ਗਈ ਹੈ। ਇਸ ਪਾਠ ਵਿਚ ਕਰਤਾਰ ਸਿੰਘ ਦੁੱਗਲ ਦੇ ਗਲਪੀ ਸੰਸਾਰ ਦੀਆਂ ਭਾਸ਼ਾਈ ਸੰਚਾਰ ਜੁਗਤਾਂ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਪਰਖਣ ਦਾ ਯਤਨ ਕੀਤਾ ਗਿਆ ਹੈ।

ਭਾਸ਼ਾਵਿਗਿਆਨਿਕ ਨਜ਼ਰੀਏ ਤੋਂ ਪੜ੍ਹਨ-ਯੋਗਤਾ (Readability) ਤੋਂ ਭਾਵ ਇਹ ਹੈ ਕਿ ਕੋਈ ਲਿਖਿਤ ਸਹਿਜ ਨਾਲ (Smoothly) ਪੜ੍ਹੀ ਜਾ ਸਕਦੀ ਹੈ ਜਾਂ ਪਾਠਕ ਨੂੰ ਪੜ੍ਹਨ ਵੇਲੇ ਕਈ ਥਾਵਾਂ ਤੇ ਰੁਕ-ਰੁਕ ਕੇ, ਵਿਸ਼ੇਸ਼ ਤਰੱਦਦ ਕਰਨਾ ਪੈਂਦਾ ਹੈ। ਪੜ੍ਹਨਹਾਰ ਮਨੁੱਖ ਦੇ ਦਿਮਾਗ ਵਿਚ ਸੁਣਨ-ਯੰਤਰ ਕਾਰਜਸ਼ੀਲ ਹੁੰਦੈ ਜਿਹੜਾ ਭਾਸ਼ਾ-ਗ੍ਰਹਿਣ ਕਰਨ ਦੇ ਨਾਲ-ਨਾਲ ਨਵੀਂ ਸੂਚਨਾ ਦੀ ਵਿਆਖਿਆ ਵੀ ਕਰਦਾ ਜਾਂਦਾ

ਹੈ। ਇਹ ਵਿਆਖਿਆ ਉਨ੍ਹਾਂ ਹੀ ਭਾਸ਼ਾ-ਨੇਮਾਂ ਅਨੁਸਾਰੀ ਹੁੰਦੀ ਹੈ, ਜਿਨ੍ਹਾਂ ਦੀ ਵਰਤੋਂ ਲੇਖਕ ਨੇ ਕੀਤੀ ਹੁੰਦੀ ਹੈ।ਭਾਵੇਂ ਲੇਖਕ ਪਾਠਕ ਦੋਵੇਂ ਹੀ ਇਨ੍ਹਾਂ ਨੇਮਾਂ ਤੋਂ ਸੁਚੇਤ ਨਹੀਂ ਹੁੰਦੇ, ਪਰ ਪੜ੍ਹਨ-ਪ੍ਰਕਿਰਿਆ ਦੌਰਾਨ ਸਮੱਗਰੀ ਦੀ ਵਿਆਖਿਆ (Decoding) ਲਈ ਪਾਠਕ ਸਹਿਜੇ ਹੀ ਉਨ੍ਹਾਂ ਭਾਸ਼ਾ-ਨੇਮਾਂ ਦੀ ਪਾਲਣਾ ਕਰਦਾ ਹੈ ਜੋ ਲੇਖਕ ਦੀ ਸਿਰਜਣ ਪ੍ਰਕਿਰਿਆ ਵੇਲੇ ਵਰਤੇ ਨੇਮਾਂ ਸਮਾਨ ਚਲਦੇ ਹਨ। ਇਸ ਲਈ ਜਿਸ ਲਿਖਿਤ ਵਿਚ ਵਿਆਕਰਨਿਕ ਜਟਿਲਤਾ ਹੋਵੇਗੀ, ਉਹ ਲਿਖਿਤ ਪਾਠਕ ਨੂੰ ਪੜ੍ਹਨੀ ਉਤਨੀ ਹੀ ਔਖੀ ਹੋਵੇਗੀ। ਵਿਆਕਰਨਿਕ ਪੱਖੋਂ ਜਟਿਲ ਲਿਖਿਤ ਉਹ ਹੈ, ਜਿਸ ਵਿਚ ਜਟਿਲ ਵਾਕਾਂ ਦੀ ਭਰਮਾਰ ਹੋਵੇ। ਉਂਜ ਭਾਵੇਂ ਸਰਲ ਵਾਕਾਂ ਵਿਚ ਵੀ ਵਿਸ਼ੇਸ਼ਣਾਂ, ਕਿਰਦੰਤਾਂ ਅਤੇ ਕਿਰਿਆ ਵਿਸ਼ੇਸ਼ਣਾਂ ਆਦਿ ਦੀ ਵਰਤੋਂ ਰਾਹੀਂ ਆਪਣੀ ਹੀ ਕਿਸਮ ਦੀਆਂ ਜਟਿਲਤਾਵਾਂ ਆ ਜਾਂਦੀਆਂ ਹਨ। ਇਸ ਦੇ ਉਲਟ ਸਰਲ-ਸਧਾਰਨ ਵਾਕਾਂ (Simple Sentence) ਵਿਚ ਪੜ੍ਹਨ-ਯੋਗਤਾ ਵੱਧ ਹੁੰਦੀ ਹੈ। ਪੜ੍ਹਨ-ਯੋਗਤਾ ਹੀ ਨਹੀਂ ਸਮਝਣ-ਯੋਗਤਾ ਵੀ ਵੱਧ ਹੁੰਦੀ ਹੈ। ਆਮ ਗੱਲ ਵਾਂਗ ਸਧਾਰਨ ਵਾਕਾਂ ਵਿਚਲੇ ਸੁਨੇਹੇ ਨੂੰ ਪਾਠਕ-ਸਰੋਤਾ ਸੌਖਿਆਂ ਅਤੇ ਛੇਤੀ ਸਮਝ ਲੈਂਦਾ ਹੈ, ਪਰ ਧਿਆਨ ਰਹੇ ਸਾਹਿਤ, ਮਹਿਜ਼ ਸੁਨੇਹਾ ਨਹੀਂ ਸੰਚਾਰਦਾ ਬਲਕਿ ਆਪਣੇ-ਆਪ ਨੂੰ ਵੀ ਸੰਚਾਰਦਾ ਹੈ। ਆਮ ਗੱਲਬਾਤ ਵਿਚੋਂ ਤਾਂ ਅਸੀਂ ਸੁਨੇਹਾਂ ਸਾਂਭ ਲੈਂਦੇ ਹਾਂ ਭਾਸ਼ਾ ਨੂੰ ਭੁੱਲ ਜਾਂਦੇ ਹਾਂ ਪਰ ਸਾਹਿਤ ਰੂਪਾਂ ਨੂੰ ਵਾਰ-ਵਾਰ ਪੜ੍ਹਦੇ-ਸੁਣਦੇ ਹਾਂ। ਸਾਹਿਤ ਨਿਰੋਲ ਸੰਚਾਰਕ ਬੋਲ ਨਹੀਂ ਹੁੰਦਾ ਕਿ ਇਕ ਵਾਰ ਪੜ੍ਹ/ਸੁਣ ਲੈਣ ਬਾਅਦ ਬਿਰਥਾ ਹੋ ਜਾਵੇ। ਸਾਹਿਤ ਦਾ ਹਰ ਪਾਠ ਨਵੇਂ ਅਰਥ ਸੰਚਾਰਨ ਦੇ ਸਮਰੱਥ ਹੁੰਦਾ ਹੈ। ਇਹੋ ਸਾਹਿਤ ਦੀ ਸਾਹਿਤਿਕਤਾ ਹੈ, ਜਿਸ ਦੀ ਸੰਭਾਵਨਾ ਨਿਤ-ਭਾਸ਼ਾ ਵਿਚ ਹੀ ਪਈ ਹੁੰਦੀ ਹੈ। ਇਹ ਸਾਹਿਤ ਸੰਭਾਵਨਾ ਨਿੱਤ ਭਾਸ਼ਾ ਦੀ ਵੱਖਰੀ ਵਰਤੋਂ ਰਾਹੀਂ ਉਜਾਗਰ ਹੁੰਦੀ ਹੈ, ਜਿਸ ਨੂੰ ਅਸੀਂ ਭਾਸ਼ਾਈ ਸੰਚਾਰ ਜੁਗਤ ਕਿਹਾ ਹੈ। ਭਾਸ਼ਾਈ ਸੰਚਾਰ ਜੁਗਤ ਵਾਸਤਵ ਵਿਚ ਭਾਸ਼ਾਈ ਪਰਾਹਨ ਹੈ। ਹਰੇਕ ਸਾਹਿਤਕ ਰਚਨਾ ਕਿਸੇ ਵਿਧੀ ਵਿਸ਼ੇਸ਼ ਨਾਲ ਸਿਰਜੀ ਗਈ ਪਰਾਹਿਤ ਸੰਰਚਨਾ ਹੁੰਦੀ ਹੈ, ਜਿਸ ਦੀਆਂ ਜੜ੍ਹਾਂ ਅਮੂਰਤ ਪ੍ਰਤੀਮਾਨ ਵਿਚ ਹੁੰਦੀਆਂ ਹਨ। ਪ੍ਰਤੀਮਾਨ ਦਾ ਇਹ ਪਰਾਹਨ ਹੀ ਲੇਖਕ ਦੀ ਭਾਸ਼ਾ-ਸ਼ੈਲੀ ਦਾ ਆਧਾਰ ਹੁੰਦਾ ਹੈ।

ਇਸ ਸਾਹਿਤਕ ਸੋਧ ਵਿਚ ਕਰਤਾਰ ਸਿੰਘ ਦੁੱਗਲ ਰਚਿਤ ਗਲਪ-ਸਾਹਿਤ ਦੀ ਭਾਸ਼ਾ-ਸ਼ੈਲੀ ਨੂੰ ਸਰਲ ਕਿਹਾ ਜਾ ਸਕਦਾ ਹੈ। ਸਰਲ-ਸ਼ੈਲੀ ਸੌਖਿਆਂ ਹੀ ਸਮਝ ਆ ਜਾਂਦੀ ਹੈ। ਦੁੱਗਲ ਵਧੇਰੇ ਕਰਕੇ ਸਧਾਰਨ ਵਾਕਾਂ ਦੀ ਵਰਤੋਂ ਕਰਦਾ ਹੈ। ਦੁੱਗਲ ਰਚਿਤ ਗਲਪ ਸਾਹਿਤ ਵਿਚ ਜਿਹੜੇ ਵਾਕ ਲੰਮੇ ਜਾਂ ਬਹੁਕਿਰਿਆਵੀਂ ਹੁੰਦੇ ਹਨ,

ਉਨ੍ਹਾਂ ਵਿਚ ਵੀ ਉਪਵਾਕਾਂ ਦਾ ਪਰਸਪਰ ਸੰਬੰਧ **ਤੇ** ਜਾਂ **ਅਤੇ** ਵਾਲਾ ਹੀ ਹੁੰਦਾ ਹੈ, ਅਰਥਾਤ ਦੁੱਗਲ ਬਹੁਤੇ ਅਧੀਨ ਉਪਵਾਕਾਂ ਦੀ ਨਹੀਂ ਸਗੋਂ ਸਵਾਧੀਨ ਉਪਵਾਕਾਂ ਦੀ ਵਰਤੋਂ ਕਰਦਾ ਹੈ ਜਾਂ ਫਿਰ ਉਹ ਸਾਦ੍ਰਿਸ਼ ਵਿਧਾਨ ਦੀ ਵਿਵਸਥਾ ਲਈ **ਜਿਵੇਂ** ਜਾਂ **ਜਿਸ ਤਰ੍ਹਾਂ** ਦੀ ਜੁਗਤ ਵਾਲੇ ਵਾਕ/ਉਪਵਾਕ ਸਿਰਜਦਾ ਹੈ। ਇਹ ਸਾਦ੍ਰਿਸ਼ਤਾ ਕਿਤੇ ਤਾਂ ਸੁਹਜ ਸਿਰਜਣ ਦਾ ਕੰਮ ਕਰਦੀ ਹੈ ਅਤੇ ਕਿਤੇ ਇਸ ਤੋਂ ਵਡੇਰੀ ਵਾਸਤਵਿਕਤਾ ਨੂੰ ਸਥਾਪਿਤ ਕਰਨ ਦਾ ਪ੍ਰਕਾਰਜ ਨਿਭਾਉਂਦੀ ਹੈ। ਨਮੂਨੇ ਵਜੋਂ ਹੇਠ ਲਿਖੇ ਵਾਕ ਪੜ੍ਹਨਯੋਗ ਹਨ :

1. ਕੋਠੀ ਕੀ ਸੀ ਜਿਵੇਂ ਮਹਿਲ ਹੋਵੇ, ਤਕ ਤਕ ਕੇ ਭੁੱਖ ਲਹਿੰਦੀ ਸੀ। (ਕਹਾਣੀ ਹਮਜਿਨਸ)
2. ਉਹਦੇ ਜਨੇਪੇ ਵਾਲੀ ਨੁਕਰ ਸੁੰਨਸਾਨ ਪਈ ਹੈ ਜਿਵੇਂ ਵੀਰਾਨ ਹੁਜਰਾ ਹੋਵੇ। (ਕਹਾਣੀ ਕਲੇਸ਼ ਕਿਵੇਂ ਕੱਟੇ)
3. ਸੁੰਦਰ ਅੰਗਰੇਜ਼ੀ ਇੰਜ ਬੋਲਦਾ ਸੀ ਜਿਵੇਂ ਫਰੰਗੀ ਹੋਵੇ। (ਕਹਾਣੀ ਕਲੇਸ਼ ਕਿਵੇਂ ਕੱਟੇ)
4. ਇਹ ਔਰਤ ਤਾਂ ਜਿਵੇਂ ਜਾਦੂਗਰਨੀ ਹੋਵੇ।ਉਹਦੇ ਹੋਠਾਂ ਦੇ ਉਤੇ ਸੱਜੇ ਪਾਸੇ ਗੱਲ੍ਹ ਤੇ ਤਿਲ ਕਿਤਨਾ ਪਿਆਰਾ ਲੱਗ ਰਿਹਾ ਸੀ, ਜਿਵੇਂ ਕੋਈ ਮੀਲ ਪੱਥਰ ਹੋਵੇ।ਕੋਠੀ ਵਿਚ ਵੜੋ ਤਾਂ ਗੈਲਰੀ ਵਿਚ ਸੱਜੇ ਹੱਥ ਪਹਿਲੀ ਤਸਵੀਰ ਉਹਦੀ ਸੀ, ਜਿਵੇਂ ਕੋਈ ਘਰ ਦੀ ਰਾਖੀ ਕਰ ਰਿਹਾ ਹੋਵੇ। (ਨਾਵਲ : ਫੁੱਲਾਂ ਦਾ ਸਾਥ)

ਅਜਿਹੀ ਵਾਕ ਜੁਗਤ ਨਾਲ ਜਟਿਲ ਤੋਂ ਜਟਿਲ ਮਾਨਸਿਕ ਪ੍ਰਕਿਰਿਆ ਪਾਠਕ ਦੀ ਪਕੜ ਵਿਚ ਸਹਿਵਨ ਹੀ ਆ ਜਾਂਦੀ ਹੈ। ਕਈ ਵਾਰੀ ਦੁੱਗਲ ਪੂਰੇ ਉਪਵਾਕ ਨੂੰ ਵਰਤਣ ਦੀ ਥਾਂ **ਨਾਂਵ ਵਾਕੰਸ਼** ਜਾਂ **ਕਿਰਿਆ ਵਿਸ਼ੇਸ਼ਣ ਵਾਕੰਸ਼** ਨਾਲ ਹੀ ਕੰਮ ਚਲਾ ਲੈਂਦਾ ਹੈ। ਮਿਸਾਲ ਵਜੋਂ :

1. *ਹੁਣ ਤੇ ਆਪਣੇ ਆਪ ਨੂੰ ਉਹ ਲੋਕ ਜੀਊਲਰ ਸਦਵਾਂਦੇ ਸਨ। ਮੋਤੀਆਂ ਦੇ ਵਪਾਰੀ, ਹੀਰੇ ਤੇ ਜਵਾਹਰ, ਪੁਖਰਾਜ ਤੇ ਪੰਨੇ, ਮਾਣਕ ਤੇ ਮੋਤੀ, ਸੋਨੇ ਤੇ ਚਾਂਦੀ ਦੇ ਨਿੱਤ ਨਵੇਂ ਗਹਿਣਿਆਂ ਦੇ ਫੈਸ਼ਨ। (ਕਹਾਣੀ : ਹਮਜਿਨਸ)*

2. *ਪਰ ਟਿੱਡੀ ਆ ਰਹੀ ਸੀ ਇਕ ਤੂਫਾਨ ਦੀ ਤਰ੍ਹਾਂ, ਇਕ ਹਨ੍ਹੇਰੀ ਦੀ ਤਰ੍ਹਾਂ, ਇਕ ਅਟੱਲ ਮੌਤ ਦੀ ਤਰ੍ਹਾਂ।*

(ਕਹਾਣੀ : ਜੀਵਨ ਕੀ ਹੈ।)

ਕਿਸੇ ਪਾਠ ਦੀ ਪੜ੍ਹਨ ਯੋਗਤਾ ਇਸ ਗੱਲ 'ਤੇ ਵੀ ਨਿਰਭਰ ਕਰਦੀ ਹੈ ਕਿ ਉਹ ਪਾਠਕ ਦੇ ਚੇਤੇ ਜਾਂ ਪੁਨਰ-ਸਿਮਰਨ ਸ਼ਕਤੀ ਤੇ ਕਿਨ੍ਹਾਂ ਕੁ ਭਾਰ ਪਾਉਂਦੀ ਹੈ। ਇਹ ਵਾਕ ਦੀ ਅਸਧਾਰਨ ਲੰਬਾਈ ਕਾਰਨ ਵੀ ਹੋ ਸਕਦੀ ਹੈ ਜਾਂ ਵਾਕ ਬਣਤਰ ਦੀ ਜਟਿਲਤਾ ਕਾਰਨ ਵੀ। ਇਥੇ ਸਾਡੀ ਧਾਰਨਾ ਇਹ ਹੈ ਕਿ ਲੰਬੇ ਵਾਕ ਗ੍ਰਹਿਣ ਕਰਨੇ ਔਖੇ ਹੁੰਦੇ ਹਨ। ਵਾਕ ਬਣਤਰ ਦੀ ਜਟਿਲਤਾ ਕਾਰਨ ਕਿਸੇ ਪਾਠ ਦੀ ਪੜ੍ਹਨ ਯੋਗਤਾ ਘਟ ਜਾਂਦੀ ਹੈ। ਇਸ ਪੱਖੋਂ ਦੁੱਗਲ ਛੋਟੇ-ਛੋਟੇ ਤੇ ਬਿਲਕੁਲ ਸਰਲ ਵਾਕ ਲਿਖਦਾ ਹੈ। ਸਿੱਟੇ ਵਜੋਂ ਗ੍ਰਹਿਣ ਕਰਨ ਸਮੇਂ ਕੋਈ ਔਖ ਨਹੀਂ ਆਉਂਦੀ।ਇਸ ਤੋਂ ਇਲਾਵਾ ਦੁੱਗਲ ਕਿਸੇ ਨੁਕਤੇ, ਕਿਸੇ ਸਥਿਤੀ, ਪਾਤਰ ਦੀ ਮਾਨਸਿਕ ਹਾਲਤ ਜਾਂ ਪਾਤਰ ਦੇ ਮਨ ਦੀ ਪ੍ਰਕਿਰਿਆ ਨੂੰ ਦਰਸਾਉਣ ਲਈ ਜਾਂ ਕਿਸੇ ਨੁਕਤੇ ਦੇ ਵਧੇਰੇ ਬਲ ਦੇਣ ਲਈ ਵਾਰ-ਵਾਰ ਇਕੋ ਹੀ ਵਾਕ ਦਾ ਦੁਹਰਾਉ ਕਰਦਾ ਹੈ। ਮਿਸਾਲ ਵਜੋਂ ਉਸਦੇ ਇਕ ਨਾਵਲ **ਫੁੱਲਾਂ ਦਾ ਸਾਥ** ਦਾ ਅਰੰਭ ਹੀ ਪੈਟਰਨ ਦੁਹਰਾਉ ਬਿਰਤੀ ਨਾਲ ਹੁੰਦਾ ਹੈ :

'ਮੈਨੂੰ ਬੇਵਾ ਕਿਉਂ ਬਣਾਇਆ ਜਾ ਰਿਹੈ' ? ਰੋਸ਼ਨੀ ਦੇ ਇਹ ਸ਼ਬਦ ਮੁੜ ਮੁੜ ਉਹਦੇ ਕੰਨਾਂ ਵਿਚ ਗੂੰਜ ਰਹੇ ਸਨ। ਭਰਤ ਆਪਣੀ ਕੋਠੀ ਦੇ ਬਾਹਰ ਬਗੀਚੇ ਵਿਚ ਟਹਿਲ ਰਿਹਾ ਸੀ।'ਮੇਰਾ ਕਸੂਰ ਕੀ ਏ ?' 'ਮੈਨੂੰ ਬੇਵਾ ਕਿਉਂ ਬਣਾਇਆ ਜਾ ਰਿਹੈ' ? ਰੋਸ਼ਨੀ ਦੇ ਇਹ ਬੋਲ ਇਕ ਗੋਲੀ ਵਾਂਗਰਾਂ ਉਹਦੇ ਸੀਨੇ ਵਿਚ ਆ ਕੇ ਵੱਜਦੇ ਤੇ ਉਹਦੇ ਕਦਮ ਲੜਖੜਾਨ ਲੱਗ ਪੈਂਦੇ।'ਆਖਰ ਮੇਰਾ ਕਸੂਰ ਕੀ ਏ' ? 'ਮੈਨੂੰ ਬੇਵਾ ਕਿਉਂ ਬਣਾਇਆ ਜਾ ਰਿਹਾ ਹੈ'? ਇਹ ਸ਼ਬਦ ਉਸ ਔਰਤ ਦੇ ਸਨ ਜਿਸਦੀ ਆਵਾਜ਼ ਦੇ ਸੰਗੀਤ ਨੂੰ ਸੁਣਨ ਲਈ ਕਦੀ ਉਹਦੇ ਕੰਨ ਸਹਿਕਿਆ ਕਰਦੇ ਸਨ। 'ਮੈਂ ਪੁੱਛਦੀ ਹਾਂ, ਆਖਰ ਮੇਰਾ ਕਸੂਰ ਕੀ ਏ ? 'ਮੈਨੂੰ ਬੇਵਾ ਕਿਉਂ ਬਣਾਇਆ ਜਾ ਰਿਹਾ ਹੈ' ?

ਨਾਵਲਾਂ ਤੋਂ ਇਲਾਵਾ ਦੁੱਗਲ ਦੀਆਂ ਕਹਾਣੀਆਂ ਵਿਚ ਵੀ ਇਹ ਸੰਚਾਰ ਜੁਗਤ ਬੜੇ ਉਭਰਵੇਂ ਰੂਪ ਵਿਚ ਵਿਦਮਾਨ ਹੈ। ਮਿਸਾਲ ਵਜੋਂ ਕਹਾਣੀ **ਮੈਂ ਭੁੱਖਾ ਹਾਂ** ਵਿਚ

ਜੀ ਮੈਂ ਭੁੱਖਾ ਹਾਂ, ਹੇ ਬਾਬੂ ਜੀ ਮੈਂ ਭੁੱਖਾ ਹਾਂ ਡਾਢਾ, ਮੈਂ ਡਾਢਾ ਭੁੱਖਾ ਹਾਂ ਵਾਕ ਦਾ ਦੁਹਰਾਉ ਤੇਰ੍ਹਾਂ ਵਾਰ ਹੋਇਆ ਹੈ। ਇਸੇ ਤਰ੍ਹਾਂ ਕਹਾਣੀ **ਏ ਸਟੱਡੀ ਇਨ ਬੋਰਡਮ** ਵਿਚ *ਇੱਟ ਦੀ ਦੁੱਕੀ, ਪਾਨ ਦੀ ਪੰਜੀ, ਹੁਕਮ ਦੀ ਬੇਗਮ, ਤ੍ਰਿਪ-ਤ੍ਰਿਪ-ਤ੍ਰਿਪ-ਤ੍ਰਿਪ,* ਰਸੋਈ ਵਿਚ ਨਲ ਚੋ ਰਿਹਾ ਹੈ : ਵਾਕਾਂ ਦਾ ਦੁਹਰਾਉ ਨੌਂ-ਨੌਂ ਵਾਰ ਅਤੇ ਇਸੇ ਕਹਾਣੀ ਵਿਚ ਵਾਕ *ਲੰਮੀ ਸੇਮ ਦੀ ਫਲੀ, ਲਵੀ ਸੇਮ ਦੀ ਫਲੀ, ਹੇਠ੍ਹ ਗਲੀ ਵਿਚ ਫੇਰੀ ਵਾਲਾ ਹਾਕ ਲਾ ਰਿਹਾ ਹੈ* ? ਦਾ ਦੁਹਰਾਉ ਚੌਦਾਂ ਵਾਰ ਹੋਇਆ ਹੈ।

ਦਰਅਸਲ ਇਹ ਭਾਸ਼ਈ ਸੰਚਾਰ ਜੁਗਤ ਦੁੱਗਲ ਦੀ ਭਾਸ਼ਾ-ਸ਼ੈਲੀ ਦਾ ਮਹੱਤਵਪੂਰਨ ਪੱਖ ਹੈ। ਇਸ ਨੂੰ ਉਸ ਨੇ ਬਹੁਤ ਸਾਰੀਆਂ ਰਚਨਾਵਾਂ ਵਿਚ ਵਰਤਿਆ ਹੈ। ਇਸ ਭਾਸ਼ਾ ਜੁਗਤ ਦੀ ਭਾਵ-ਜੁਗਤ ਦੇ ਪੱਧਰ ਤੇ ਵੀ ਬੜੀ ਸਾਰਥਿਕਤਾ ਹੈ। ਅਜਿਹੀ ਭਾਸ਼ਕ ਜੁਗਤ ਰਾਹੀਂ ਲੇਖਕ ਕਿਤੇ ਤਾਂ ਇਕੋ ਸਮੇਂ ਵਾਪਰੀਆਂ ਵੱਖ-ਵੱਖ ਘਟਨਾਵਾਂ ਨੂੰ ਇਕ ਲੜੀ ਵਿਚ ਪਰੋ ਕੇ ਹਕੀਕਤ ਨੂੰ ਉਲਟ-ਪੁਲਟ ਕਰ ਕੇ ਵੇਖਣਾ ਚਾਹੁੰਦਾ ਹੈ ਤੇ ਕਿਤੇ ਉਹ ਵਕਤ ਦੇ ਛੱਲਾਂ ਮਾਰ ਰਹੇ ਦਰਿਆ ਵਿਚੋਂ ਉਠੀ ਇਕ ਲਹਿਰ ਨੂੰ ਕੁਝ ਦੇਰ ਰੋਕ ਕੇ ਉਸਦੀ ਹਕੀਕਤ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ।

ਸਮੁੱਚੇ ਵਾਕ ਦੁਹਰਾਉ ਤੋਂ ਇਲਾਵਾ ਦੁੱਗਲ ਨਾਂਵ-ਵਾਕੰਸ਼, ਕਿਰਿਆ ਵਾਕੰਸ਼, ਕਿਰਿਆ ਵਿਸ਼ੇਸ਼ਣ ਵਾਕੰਸ਼ ਜਾਂ ਵਿਸ਼ੇਸ਼ਣ ਵਾਕੰਸ਼ ਦਾ ਦੁਹਰਾਉ ਵੀ ਕਰਦਾ ਹੈ। ਮਿਸਾਲ ਵਜੋਂ :

1. **ਬੇਸ਼ੱਕ ਬਾਬਾ ਨੱਥਾ ਸਿੰਘ** ਉਨ੍ਹਾਂ ਦੀ ਗਲੀ ਵਿਚ ਰਹਿੰਦਾ ਸੀ। **ਬੇਸ਼ੱਕ ਬਾਬਾ ਨੱਥਾ ਸਿੰਘ** ਉਹਨਾਂ ਦਾ ਗੁਆਂਢੀ ਸੀ। **ਬੇਸ਼ੱਕ ਨੱਥਾ ਸਿੰਘ** ਦੇ ਪਿਤਾ ਦਾ ਨਾਂ ਵੀ ਗੁਰਦਿੱਤ ਸਿੰਘ ਸੀ। **ਬੇਸ਼ੱਕ ਬਾਬਾ ਨੱਥਾ ਸਿੰਘ** ਨੂੰ ਉਹ ਤਾਇਆ ਕਹਿ ਕੇ ਬੁਲਾਂਦਾ ਸੀ।
   (ਕਹਾਣੀ : ਨੱਥਾ ਸਿੰਘ ਮਰ ਗਿਆ)
2. **ਨਰਗਸ** ਗੋਲ ਕਮਰੇ ਵਿਚ, **ਨਰਗਸ** ਖਾਣੇ ਦੇ ਕਮਰੇ ਵਿਚ, **ਨਰਗਸ** ਬਰਾਂਡੇ ਵਿਚ। (ਨਾਵਲ : ਫੁੱਲਾਂ ਦਾ ਸਾਥ)
3. ਝਾੜੂ ਦੇ **ਰਹੀ ਹੁੰਦੀ,** ਨਹਾ **ਰਹੀ ਹੁੰਦੀ**, ਚੌਕੇ ਵਿਚ ਕੰਮ ਕਰ **ਰਹੀ ਹੁੰਦੀ**, ਕੱਪੜੇ ਧੋ **ਰਹੀ ਹੁੰਦੀ,** ਭਾਂਡੇ ਮਾਂਜ **ਰਹੀ ਹੁੰਦੀ**..............
   (ਕਹਾਣੀ : ਰੱਬ ਤੇ ਰੇਡੀਓ)

4. **ਵਕਤ ਤੋਂ ਪਹਿਲੇ** ਈਸਰੋ ਨੇ ਕੰਮ ਛੱਡ ਦਿੱਤਾ, **ਵਕਤ ਤੋਂ ਪਹਿਲੇ** ਈਸਰੋ ਪਲੰਘ ਤੇ ਪੈ ਗਈ, **ਵਕਤ ਤੋਂ ਪਹਿਲੇ** ਉਸ ਨੂੰ ਦਰਦ ਛਿੜਿਆ, **ਵਕਤ ਤੋਂ ਪਹਿਲੇ** ਹੀ ਉਸ ਬੱਚਾ ਜਣ ਲਿਆ। (ਕਹਾਣੀ : ਜੀਵਨ ਕੀ ਹੈ)

ਦੁਹਰਾਉਮੂਲਕ ਬਿਰਤੀ ਅਧੀਨ ਹੀ ਦੁੱਗਲ ਬਹੁਤੀ ਵਾਰ ਪੜਨਾਂਵ ਦੀ ਵਰਤੋਂ ਕਰਨ ਦੀ ਥਾਂ ਪਾਤਰ ਦੇ ਨਿੱਜੀ ਨਾਂਵ ਨੂੰ ਹੀ ਵਾਰ-ਵਾਰ ਦੁਹਰਾਉਂਦਾ ਹੈ। ਮਿਸਾਲ ਲਈ ਉਸਦੀ ਇਕ ਪੰਜ ਕੁ ਪੰਨਿਆਂ ਦੀ ਕਹਾਣੀ **ਜੂਠਾ ਮੂੰਹ** ਹੈ। ਇਸ ਵਿਚ ਪਾਤਰ **ਕਲਯਾਨੀ** ਦਾ ਨਾਂ 58 ਵਾਰ ਆਉਂਦਾ ਹੈ, ਪਰ ਇਸ ਦਾ ਮਤਲਬ ਇਹ ਵੀ ਕਦਾਚਿਤ ਨਹੀਂ ਕਿ ਉਹ ਪੜਨਾਵਾਂ ਦੀ ਵਰਤੋਂ ਘੱਟ ਕਰਦਾ ਹੈ। ਪੜਨਾਵਾਂ ਦੀ ਵਰਤੋਂ ਦੇ ਵੀ ਇਸੇ ਤਰ੍ਹਾਂ ਦੇ ਪੈਟਰਨ ਉਸ ਦੀ ਰਚਨਾਵਾਂ ਵਿਚ ਵਿਦਮਾਨ ਹਨ। ਮਿਸਾਲ ਵਜੋਂ :

> ***ਉਹਦੇ*** *ਹੋਠਾਂ ਤੇ,* ***ਉਹਦੀਆਂ*** *ਗਲ੍ਹਾਂ ਤੇ, ਉਹਦੀ ਗਰਦਨ ਤੇ,* ***ਉਹਦੀਆਂ*** *ਪਲਕਾਂ,* ***ਉਹਦਾ*** *ਮੁਖੜਾ* ***ਉਹਦੇ*** *ਹੱਥ,* ***ਉਹਦੀਆਂ*** *ਕਲਾਈਆਂ,* ***ਉਹਦੀਆਂ*** *ਬਾਹਵਾਂ,* ***ਉਹਦੇ*** *ਵਾਲਾਂ ਦੀ ਇਕ ਗੁੱਤ, ਦੂਜੀ ਗੁੱਤ।* (ਨਾਵਲ : ਫੁੱਲਾਂ ਦਾ ਸਾਥ)

ਉਕਤ ਕਿਸਮ ਦੇ ਦੁਹਰਾਉਮੂਲਕ ਪੈਟਰਨਾਂ ਨਾਲ ਪਾਠਕ ਦੇ ਮਨ ਦੀ ਕੜੀ ਜੁੜਦੀ ਹੈ ਤੇ ਪਾਠ ਦੀ ਪੜ੍ਹਨ-ਯੋਗਤਾ ਵਧਦੀ ਹੈ। ਇਸਦੇ ਉਲਟ ਜਟਿਲ ਵਾਕ ਪੈਟਰਨਾਂ ਨਾਲ ਪਾਠ ਦੀ ਪੜ੍ਹਨ-ਯੋਗਤਾ ਘਟਦੀ ਹੈ। ਜਟਿਲ ਤੇ ਲੰਮੇ ਵਾਕਾਂ ਦੀ ਇਕ ਸਮੱਸਿਆ ਇਹ ਵੀ ਹੈ ਕਿ ਪਾਠਕ ਨੂੰ ਵਾਕ ਦਾ ਪਹਿਲਾ ਕੁਝ ਹਿੱਸਾ ਆਪਣੇ ਸਤਹੀ ਚੇਤੇ ਵਿਚ ਚਿੰਨ੍ਹ ਰੂਪ ਵਿਚ ਕਾਇਮ ਰੱਖਣਾ ਪੈਂਦਾ ਹੈ ਕਿਉਂ ਜੋ ਅਕਸਰ ਵਾਕ ਦੇ ਅੰਤ ਤੱਕ ਪੁੱਜਣ ਤੋਂ ਪਹਿਲਾਂ ਵਾਕ ਦੀ ਡੀ-ਕੋਡਿੰਗ ਨਹੀਂ ਹੋਈ ਹੁੰਦੀ। ਇਸ ਤਰ੍ਹਾਂ ਆਮ ਪਾਠਕ ਦੇ ਚੇਤੇ ਤੇ ਬੋਝ ਪੈਂਦਾ ਹੈ, ਪਰ ਦੁੱਗਲ ਦੀਆਂ ਗਲਪ ਰਚਨਾਵਾਂ ਵਿਚ ਪਾਠਕ ਨੂੰ ਅਜਿਹੀ ਸਮੱਸਿਆ ਪੇਸ਼ ਨਹੀਂ ਆਉਂਦੀ।

ਸਰਲ ਵਾਕ ਜੁਗਤ ਵਿਚੋਂ ਵੀ ਦੁੱਗਲ ਅਰਥ ਸੰਜਮ ਨੂੰ ਉਸਾਰਨ ਦਾ ਯਤਨ ਕਰਦਾ ਹੈ। ਇਸ ਲਈ ਉਹ ਵਾਕ ਦੇ ਕੁੱਝ ਤੱਤ ਪ੍ਰਸੰਗ ਆਸਰੇ ਹੀ ਛੱਡ ਦਿੰਦਾ ਹੈ। ਮਿਸਾਲ ਵਜੋਂ :

1. ਮਾਲਕ ਵੀ ਆਂਦੇ ਹੋਣਗੇ। ਮਾਲਕ ਵੀ। (ਕਹਾਣੀ : ਲੁੱਗਾ ਕੋਠਾ)

2. ਜਨਮ ਦਿਨ ਹੀ ਨਹੀਂ ਸਨ ਮਾਣ।ਮੁੰਡਣ ਤੇ ਨਾਮਕਰਨ। ਮੰਗਣੀਆਂ ਤੇ ਟਿੱਕੇ, ਵਿਆਹ ਤੇ ਮੁਕਲਾਵੇ, ਖੁਸਰੇ ਜਿਤਨੇ ਹੋਣਗੇ ਉਤਨੇ ਥੋੜ੍ਹੇ। (ਕਹਾਣੀ : ਹਮਜਿਨਸ)
3. ਇਹ ਤੇ ਗਲਤ ਨੱਥਾ ਸਿੰਘ ਨੂੰ ਤੁਸੀਂ ਲੈ ਆਏ ਹੋ। ਬਾਬੂ ਨੱਥਾ ਸਿੰਘ ਨਹੀਂ, ਬਾਬਾ ਨੱਥਾ ਸਿੰਘ। (ਕਹਾਣੀ: ਨੱਥਾ ਸਿੰਘ ਮਰ ਗਿਆ)
4 .ਸਵੇਰ ਦਾ ਭੁੱਲਿਆ...............।
5. ਆਹੋ ਜੀਤੀਏ ਪਰ................। (ਨਾਵਲ : ਫੁੱਲਾਂ ਦਾ ਸਾਥ)

ਵਾਕ ਵਿਚ ਕਿਰਿਆ ਤੇ ਵਧੇਰੇ ਬਲ ਦੇਣਾ ਵੀ ਦੁੱਗਲ ਦੀ ਭਾਸ਼ਾਈ ਸੰਚਾਰ ਜੁਗਤ ਦਾ ਇਕ ਹੋਰ ਅਹਿਮ ਪੱਖ ਹੈ। ਨਾਂਵ ਪ੍ਰਧਾਨ ਸ਼ੈਲੀ ਵਿਚ ਇਕ ਖੜੋਤ ਜਿਹੀ ਆ ਜਾਂਦੀ ਹੈ, ਪਰ ਕਿਰਿਆ ਪ੍ਰਧਾਨ ਸ਼ੈਲੀ ਵਿਚ ਚਿੱਤਰ ਵਧੇਰੇ ਸਪੱਸ਼ਟ ਤੇ ਘਟਨਾ ਦਾ ਚਿੱਤਰ ਅੱਖਾਂ ਸਾਹਮਣੇ ਆ ਜਾਂਦਾ ਹੈ। ਨਾਂਵ ਪ੍ਰਧਾਨ ਸ਼ੈਲੀ ਲਿਖਣੀ ਸੌਖੀ ਹੁੰਦੀ ਹੈ, ਪਰ ਕਿਰਿਆ ਪ੍ਰਧਾਨ ਸ਼ੈਲੀ ਵਿਚ ਵਧੇਰੇ ਵੰਨ-ਸੁਵੰਨਤਾ ਆ ਸਕਦੀ ਹੈ। ਨਾਂਵ ਪ੍ਰਧਾਨ ਸ਼ੈਲੀ ਵਾਰਤਾਲਾਪ ਦੀ ਬੋਲੀ ਤੋਂ ਵੱਖਰੀ ਹੁੰਦੀ ਹੈ ਪਰ ਕਿਰਿਆ ਪ੍ਰਧਾਨ ਸ਼ੈਲੀ ਵਾਰਤਾਲਾਪ ਦੀ ਬੋਲੀ ਵਾਂਗ ਹੀ ਲੱਗਦੀ ਹੈ। ਦੁੱਗਲ ਕਈ ਵਾਰ ਕਿਰਿਆ ਨੂੰ ਲਮਕਾ ਕੇ, ਵਾਪਰ ਰਹੇ ਕਾਰਜ ਨੂੰ ਪਾਠਕ ਦੀਆਂ ਅੱਖਾਂ ਸਾਹਮਣੇ ਜੀਵਤ ਕਰ ਵਿਖਾਉਂਦਾ ਹੈ। ਮਿਸਾਲ ਵਜੋਂ :

1. ਉਹਦੀਆਂ ਅੱਖੀਆਂ ਅੱਗੇ ਚੱਕਰ ਆ ਰਹੇ ਸਨ। ਚੱਕਰ, ਚੱਕਰ, ਹਨੇਰਾ, ਹਨੇਰਾ। (ਨਾਵਲ : ਫੁੱਲਾਂ ਦਾ ਸਾਥ)
2. ਉਹਦਾ ਪੋਰ-ਪੋਰ ਸੁਆਦ ਹੋ ਰਿਹਾ ਸੀ। (ਫੁੱਲਾਂ ਦਾ ਸਾਥ)
3. ਬਾਹਵਾਂ ਚੁੱਕ-ਚੁੱਕ ਮੁੱਠੀਆਂ ਵੱਟ-ਵੱਟ ਪੁਕਾਰਦੇ। (ਫੁੱਲਾਂ ਦਾ ਸਾਥ)
4. ਮੁੜ-ਮੁੜ ਉਠਦੀ, ਮੁੜ-ਮੁੜ ਬੈਠਦੀ, ਮੁੜ-ਮੁੜ ਦਰਵਾਜਾ ਠਕੋਰਦੀ, ਮੁੜ-ਮੁੜ ਰੱਸੀ ਤੁੜਾਨ ਦੀ ਕੋਸ਼ਿਸ਼ ਕਰਦੀ। (ਕਹਾਣੀ : ਸ਼ਹਿਰਜ਼ਾਦ)
5. ਦੌੜਦੀ-ਦੌੜਦੀ ਕਿਤੇ ਨਾ ਕਿਤੇ ਨਿਕਲ ਜਾਂਦੀ, ਦੌੜਦੀ-ਦੌੜਦੀ ਮੁੜ ਆਉਂਦੀ ਸਾਹੋ-ਸਾਹ, ਹਫ ਰਹੀ। (ਕਹਾਣੀ : ਸ਼ਹਿਰਜ਼ਾਦ)

ਅਸਲ ਵਿਚ ਦੁੱਗਲ ਸੰਚਾਰ ਪ੍ਰਬੰਧ ਦੀਆਂ ਲੋੜਾਂ ਅਨੁਸਾਰ ਆਪਣਾ ਭਾਸ਼ਾਈ ਪ੍ਰਬੰਧ ਉਸਾਰਦਾ ਹੈ। ਚਾਹੇ ਇਹ ਵਾਕ ਦੇ ਪੱਧਰ 'ਤੇ ਹੋਵੇ ਜਾਂ ਇਸ ਤੋਂ ਉਪਰਲੇ

ਪੱਧਰ ਤੇ। ਉਸ ਨੂੰ ਇਸ ਗੱਲ ਦੀ ਪੂਰੀ ਸੂਝ ਹੈ ਕਿ ਜਿਹੜੀ ਸੂਚਨਾ ਪਹਿਲਾਂ ਭਾਸ਼ਾਈ ਪ੍ਰਸੰਗ ਵਿਚ ਆ ਚੁੱਕੀ ਹੈ ਉਸ ਨੂੰ ਅਗਲੇਰੇ ਵਾਕ ਵਿਚ ਛੱਡਿਆ ਜਾ ਸਕਦਾ ਹੈ। ਸੰਚਾਰ ਪ੍ਰਬੰਧ ਅਨੁਸਾਰ ਹਰ ਵਾਕ ਵਿਚ ਪੂਰੇ-ਪੂਰੇ ਵਾਕ ਤੱਤਾਂ ਦੀ ਲੋੜ ਹੁੰਦੀ ਹੈ। ਵਾਕ ਤੱਤਾਂ ਨੂੰ ਅੱਗੇ ਪਿਛੇ ਕਰਕੇ ਵੀ ਲਿਖਿਆ ਜਾ ਸਕਦਾ ਹੈ। ਜਿਸ ਨੁਕਤੇ 'ਤੇ ਬਲ ਦੇਣਾ ਹੋਵੇ, ਉਸ ਨਾਲ ਸੰਬੰਧਤ ਤੱਤ ਨੂੰ ਪਹਿਲਾਂ ਲਿਖਿਆ ਜਾਂਦਾ ਹੈ ਜਾਂ ਉਸ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ ਜਾਂ ਉਥੇ ਸਮਾਨੰਤਰ ਵਾਕ ਰਚਨਾ ਕੀਤੀ ਜਾ ਸਕਦੀ ਹੈ ਅਤੇ ਇਸੇ ਤਰ੍ਹਾਂ ਅਰਥ ਦੇ ਪੱਧਰ ਤੇ ਵਿਰੋਧ ਤੇ ਪੈਟਰਨ ਵੀ ਉਸਾਰੇ ਜਾ ਸਕਦੇ ਹਨ। ਕਰਤਾਰ ਸਿੰਘ ਦੁੱਗਲ ਨੇ ਲੋੜ ਅਨੁਸਾਰ ਅਜਿਹੀਆਂ ਸਾਰੀਆਂ ਭਾਸ਼ਕ ਜੁਗਤਾਂ ਨੂੰ ਵਰਤਿਆ ਹੈ। ਮਿਸ਼ਾਲ ਵਜੋਂ :

1. ਹੈ ਸੀ ਵੀ ਸੱਚ ਇਸ ਤਰ੍ਹਾਂ ਦੇ ਹਾਲਾਤ ਵਿਚ ਕੋਈ ਉਂਜ ਥੋੜਾ ਹੱਸਿਆ ਕਰਦਾ ਹੈ। (ਨਾਵਲ : ਫੁੱਲਾਂ ਦਾ ਸਾਥ)
2. ਸ਼ਹਿਰ ਤੋਂ ਕੋਈ ਤਿੰਨ ਕੋਹ ਦੂਰ ਸੀ ਉਨ੍ਹਾਂ ਦਾ ਪਿੰਡ। (ਕਹਾਣੀ : ਨੱਥਾ ਸਿੰਘ ਮਰ ਗਿਆ)
3. ਇਹ ਕੋਈ ਉਮਰ ਸੀ ਉਹਦੀ ਮਰਨ ਦੀ। (ਕਹਾਣੀ : ਅੰਤਹਕਰਣ ਦਾ ਫਲ)

ਉਕਤ ਵਾਕਾਂ ਵਿਚ ਵਾਕ-ਤੱਤਾਂ ਦਾ ਕ੍ਰਮ ਅੱਗੇ-ਪਿਛੇ ਕੀਤਾ ਗਿਆ ਹੈ। ਇਸੇ ਤਰ੍ਹਾਂ ਸਮਾਨੰਤਰਤਾ ਤੇ ਵਿਰੋਧ ਦੇ ਪੈਟਰਨ ਵੀ ਵੇਖਣਯੋਗ ਹਨ :

1. ਨਾ ਹਿਲਦਾ ਸੀ ਨਾ ਜੁਲਦਾ ਸੀ। (ਕਹਾਣੀ : ਨੱਥਾ ਸਿੰਘ ਮਰ ਗਿਆ)
2. ਕੁੜੀਆਂ ਵਾਗਰਾਂ ਸ਼ਰਮਾਂਦਾ। ਕੁੜੀਆਂ ਵਾਗਰਾਂ ਝਾਕਦਾ ਸੀ। (ਕਹਾਣੀ : ਹਮਜਿਨਸ)
3. ਮੁੰਡਿਆਂ ਦੇ ਕੱਪੜੇ ਪਾਂਦਾ ਸੀ ਪਰ ਕੁੜੀਆਂ ਵਾਲੀ ਚਾਲ। (ਹਮਜਿਨਮ)
4. ਬੇਸ਼ੱਕ ਰੰਗ ਉਹਦਾ ਸਾਂਵਲਾ ਸੀ ਪਰ ਕਿਤਨਾ ਨਮਕ ਸੀ ਉਸ ਵਿਚ। (ਹਮਜਿਨਮ)
5. ਬੇਸ਼ੱਕ ਉਹ ਮੋਨਾ ਸੀ ਪਰ ਸੀ ਤਾਂ ਸਿੱਖ। (ਨਾਵਲ : ਫੁੱਲਾਂ ਦਾ ਸਾਥ)

ਕਿਸੇ ਘਟਨਾ ਦੇ ਪ੍ਰਤੀਕਰਮਾਂ ਤੇ ਪਾਤਰ ਦੀ ਮਾਨਸਿਕ ਪ੍ਰਕਿਰਿਆ ਦੀ ਤੀਬਰਤਾ ਨੂੰ ਦਰਸਾਉਣ ਲਈ ਦੁੱਗਲ ਪਾਤਰ ਦੀ ਮਾਨਸਿਕ ਹਾਲਤ ਦਾ ਵਰਨਣ

ਸੰਚਾਰਕ ਮਹੱਤਵ ਅਨੁਸਾਰ ਕਰਦਾ ਹੈ। ਮਿਸਾਲ ਵਜੋਂ :

> *'ਜੇ ਉਹ ਮਰ ਜਾਂਦਾ ਹੈ, ਤਾਂ ਮੈਂ ਵੀ ਖ਼ਬਰੇ ਜਿਉਂਦਾ ਹਾਂ ਕਿ ਨਹੀਂ' ਉਹਦੇ ਅੰਦਰ ਜਿਵੇਂ ਕੋਈ ਕਹਿ ਰਿਹਾ ਸੀ ਤੇ ਉਹ ਆਪਣੇ ਬਿਸਤਰੇ ਦੀ ਦੁੱਧ-ਚਿੱਟੀ ਚਾਦਰ ਤੇ ਹੱਥ ਫੇਰ ਕੇ ਵੇਖਣ ਲੱਗਾ- ਕਿਤੇ ਉਹ ਆਪ ਵੀ ਮਰ ਤੇ ਨਹੀਂ ਗਿਆ ਸੀ।*(ਕਹਾਣੀ :ਅਨਰਥ)

ਕਹਾਣੀ ਵਿਚ ਸਥਿਤੀ ਸਿਰਫ ਇਹ ਹੈ ਕਿ ਸਾਹਮਣੀ ਕੋਠੀ ਵਿਚੋਂ ਰੋਣ ਧੋਣ ਤੇ ਪਿੱਟਣ ਦੀਆਂ ਅਵਾਜਾਂ ਆ ਰਹੀਆਂ ਹਨ। ਛੋਟੀ ਉਮਰ ਦਾ ਗੁਆਂਢੀ ਮਰ ਗਿਆ ਹੈ। ਪਰ ਪਾਤਰ ਨੂੰ ਇਨ੍ਹਾਂ ਦਾ ਦੁੱਖ ਹੁੰਦਾ ਹੈ ਕਿ ਉਹ ਵਾਰ-ਵਾਰ ਸੋਚਦਾ ਹੈ :

> *''ਮੁੜ-ਮੁੜ ਉਹਦਾ ਦਿਲ ਕਹਿੰਦਾ – ਆਖਰ ਇਤਨਾ ਕੰਮ ਕਿਸ ਲਈ ? ਆਖਰ ਇਤਨੀ ਦੌੜ ਭੱਜ ਕਿਸ ਲਈ ?....... ਕਾਹਨੂੰ ਇਤਨੇ ਤਰੱਦਦ ? ਕਾਹਨੂੰ ਇਤਨੇ ਪਵਾੜੇ ? ਕਾਹਨੂੰ ਇਤਨਾ ਮੋਹ ? ਕਾਹਨੂੰ ਇਤਨੀ ਮੁਹੱਬਤ ? ਕਾਹਨੂੰ ਇਤਨੀਆਂ ਆਸਾਂ ? ਕਾਹਨੂੰ ਇਤਨੀਆਂ ਲੋੜਾਂ ? ਕਾਹਨੂੰ ਇਤਨੇ ਪੈਂਡੇ ? ਕਾਹਨੂੰ ਇਤਨੀਆਂ ਮੰਜ਼ਲਾਂ'' ?* (ਕਹਾਣੀ : ਅਨਰਥ)

ਇਸ ਤਰ੍ਹਾਂ ਕੇਵਲ ਗੁਆਂਢੀ ਦੇ ਮਰਨ 'ਤੇ ਪਾਤਰ ਦੇ ਪ੍ਰਤੀਕਰਮ ਦਰਸਾਏ ਗਏ ਹਨ ਕਿ ਉਸ ਨੂੰ ਆਪਣੇ ਜਿਉਂਦੇ ਹੋਣ ਤੇ ਵੀ ਸ਼ੱਕ ਹੋ ਜਾਂਦਾ ਹੈ। ਉਕਤ ਮਿਸਾਲ ਵਿਚ 'ਕਾਹਨੂੰ........ਵਾਲੇ ਵਾਕ ਨੂੰ ਦੁਹਰਾ ਕੇ ਇਹ ਗੱਲ ਪੱਕੀ ਕੀਤੀ ਗਈ ਹੈ ਕਿ ਮੌਤ ਦੇ ਸਾਹਮਣੇ ਇਹ ਦੁਨੀਆਂ ਬਿਲਕੁਲ ਹੀ ਨਿਰਾਰਥਕ ਜਾਪਦੀ ਹੈ। ਸਾਡੇ ਸਭਿਆਚਾਰ ਵਿਚ ਕਿਸੇ ਦੀ ਮੌਤ ਦੇ ਮੌਕੇ 'ਤੇ ਹਾਜ਼ਰ ਵਿਅਕਤੀਆਂ ਦੇ ਮਨ ਵਿਚ ਅਜਿਹੇ ਵਿਚਾਰ ਸੁਭਾਵਕ ਹੀ ਆਉਂਦੇ ਹਨ ਤੇ ਉਹ ਬਿਲਕੁਲ ਇਸੇ ਤਰ੍ਹਾਂ ਦੇ ਵਾਰਤਾਲਾਪ ਕਰਦੇ ਹਨ। ਇਸ ਤੋਂ ਇਲਾਵਾ ਦੁੱਗਲ ਮਾਨਸਿਕ ਪ੍ਰਕਿਰਿਆ ਨੂੰ ਦਰਸਾਉਣ ਲਈ ਸਵੈ-ਵਾਰਤਾਲਾਪ ਜੁਗਤ ਦੀ ਵਰਤੋਂ ਵੀ ਕਰਦਾ ਹੈ। ਮਿਸ਼ਾਲ ਵਜੋਂ :

1. ਇੰਦੂ ਸੋਚ ਰਹੀ ਸੀ, ਉਹ ਸੋਚਦਾ, ਇਹ ਸੋਚ ਕੇ...(ਮਿੱਲ ਦੀ ਚੌਥੀ ਸੀਟੀ)
2. ਸੋਨੀਆ ਬੜੀ ਖੁਸ਼ ਸੀ। ਸੋਨੀਆ ਬੜੀ ਉਦਾਸ ਸੀ। (ਧੁੱਪ ਛਾਂ)

ਇਸ ਪ੍ਰਸੰਗ ਵਿਚ ਦੁੱਗਲ ਦੀ ਪੋਠੋਹਾਰੀ ਭਾਸ਼ਾਈ ਸੰਚਾਰ ਜੁਗਤ ਬਾਰੇ ਵੀ ਗੱਲ ਕਰਨੀ ਬਣਦੀ ਹੈ ਕਿਉਂਕਿ ਉਸਦੀ ਪੋਠੋਹਾਰੀ ਵਾਕ ਬਣਤਰ ਹੋਰ ਪੰਜਾਬੀ, ਮਾਝੀ ਜਾਂ ਪੂਰਬੀ ਪੰਜਾਬ ਦੀ ਬੋਲੀ ਨਾਲੋਂ ਵੱਖਰੀ ਹੁੰਦੀ ਹੈ। ਮਿਸਾਲ ਵਜੋਂ :

1. ਹਿਹ ਫੁੱਲ ਮਾੜੇ ਪੁੱਤਰ ਥਏ, ਹਿਨ੍ਹਾਂ ਵਿਚ ਮਾੜੀ ਰੱਤ ਵਹੈ।
   ਆਪਣੇ ਜੰਦਕਾਂ ਕੀ ਵੀ ਕਦੇ ਕੋਈ ਤਰੋੜਿਆ ਕਰਣੈ ?
   (ਕਹਾਣੀ : ਮਾਣੂ ਮਲਿਆਰ)
2. 'ਹਥ ਬੁਆਇੰਹ ਭਾਵੀ' (ਕਹਾਣੀ : ਵਢ ਵਿਚ ਸਵੇਰੇ)
3. 'ਬਰਕਤ ਹਵੈਈ ਚੌਧਰੀ ਨਿਆਜ਼ਾ' ('' '')
4. 'ਅੱਲਾ ਨਾ ਬੜਾ ਫ਼ਜ਼ਲ ਵਹੈ' ('' '')
5. 'ਥਕੇਵਾਂ ਕਿਹੜੀ ਬਲਾਈ ਦਾ ਨਾਂ ਥਿਆ' ('' '')

ਦੁੱਗਲ ਦੇ ਕੁਝ ਪੋਠੋਹਾਰੀ ਦੇ ਖਾਸ ਸ਼ਬਦ ਹੁੰਦੇ ਹਨ ਜੋ ਦੂਸਰੀਆਂ ਉਪ-ਭਾਖਾਵਾਂ ਬੋਲਣ ਵਾਲੇ ਪਾਠਕਾਂ ਦੀ ਪਕੜ ਤੋਂ ਬਾਹਰ ਹੁੰਦੇ ਹਨ। ਮਿਸਾਲ ਵਜੋਂ :

> *''ਸਲ੍ਹਾਵਤਾਂ ਸੁੱਟਦੀ, ਤੱਖਰ ਦਾ ਤੱਖਰ, ਸਾਂਭਸਲੀਟ, ਦੀਦੇ ਚਲੂੰਘ ਲਏ, ਢਾਹ-ਕਲੱਪਾ ਆਦਿ।''*

ਇਵੇਂ ਬਹੁਤ ਸਾਰੇ ਮੁਹਾਵਰਿਆਂ ਦੀ ਬਣਤਰ ਵੀ ਪੋਠੋਹਾਰੀ ਰੰਗਣ ਵਾਲੀ ਹੁੰਦੀ ਹੈ। ਦੁੱਗਲ ਦੁਹਰੁਕਤੀ ਦੀ ਵਰਤੋਂ ਵੀ ਉਪ-ਭਾਖਾਈ ਰੰਗਣ ਵਾਲੀ ਕਰਦਾ ਹੈ। ਜਿਵੇਂ : ਸਾਂਭ-ਸਲ੍ਹੀਟ, ਉਚੜਾ-ਪੁਚੜਾ, ਖਾਲੀ-ਮੂਲੀ, ਟੰਮਾ-ਟੀਹਾ ਅਤੇ ਲਾਲ-ਬਿੰਬ ਆਦਿ।

ਆਧੁਨਿਕ ਭਾਸ਼ਾ ਵਿਗਿਆਨ ਵਿਚ ਇਹ ਮੱਤ ਵੀ ਸਥਾਪਿਤ ਕੀਤਾ ਜਾ ਚੁੱਕਾ ਹੈ ਕਿ ਸ਼ੈਲੀ-ਵਿਗਿਆਨਕ ਅਧਿਐਨ ਲਈ ਵਾਕ ਜਾਂ ਇਸ ਤੋਂ ਹੇਠਲੀਆਂ ਇਕਾਈਆਂ ਹੀ ਯੋਗ ਨਹੀਂ ਹਨ। ਸਾਹਿਤ ਵਿਗਿਆਨੀ ਨੂੰ ਰਚਨਾ ਦੇ ਅਰਥ-ਤੱਤ ਤੱਕ ਪਹੁੰਚਣ ਲਈ ਸਿਰਫ ਭਾਸ਼ਾ-ਇਕਾਈਆਂ ਨਾਕਾਫੀ ਹਨ, ਇਸ ਲਈ ਜਰੂਰੀ ਮੰਨਿਆਂ ਗਿਆ ਹੈ ਕਿ ਪੈਰ੍ਹੇ ਜਾਂ ਪ੍ਰਵਚਨ (Discourse) ਨੂੰ ਵਿਸ਼ਲੇਸ਼ਣ ਦੀ ਇਕਾਈ ਮੰਨ ਕੇ ਅਧਿਐਨ ਕੀਤਾ ਜਾਵੇ। ਇਸ ਦ੍ਰਿਸ਼ਟੀ ਤੋਂ ਦੇਖਿਆਂ ਸਪੱਸ਼ਟ ਹੁੰਦਾ ਹੈ ਕਿ ਦੁੱਗਲ ਨੂੰ ਸੰਚਾਰ ਪ੍ਰਬੰਧ ਦੀ ਪੂਰੀ ਸੂਝ ਹੈ। ਉਸ ਦੀਆਂ ਰਚਨਾਵਾਂ ਦੀ ਪੈਰ੍ਹਾ-

ਬਣਤਰ ਸੰਚਾਰ ਦੀਆਂ ਲੋੜਾਂ ਅਨੁਸਾਰ ਹੁੰਦੀ ਹੈ। ਜਿਹੜੀ ਸੂਚਨਾ ਲਿਖਤੀ ਪ੍ਰਸੰਗ ਜਾਂ ਭਾਸ਼ਾਈ ਪ੍ਰਸੰਗ ਵਿਚ ਪਹਿਲਾਂ ਆ ਚੁੱਕੀ ਹੁੰਦੀ ਹੈ, ਉਸ ਨੂੰ ਅਗਲੇ ਵਾਕ ਵਿਚ ਛੱਡਿਆ ਜਾ ਸਕਦਾ ਹੈ। ਸੰਚਾਰ-ਪ੍ਰਬੰਧ ਅਨੁਸਾਰ ਹਰੇਕ ਵਾਕ ਵਿਚ ਪੂਰੇ-ਪੂਰੇ ਵਾਕ ਤੱਤਾਂ ਨੂੰ ਦੇਣ ਦੀ ਲੋੜ ਨਹੀਂ ਹੁੰਦੀ ਜਾਂ ਵਾਕ-ਤੱਤਾਂ ਨੂੰ ਅੱਗੇ ਪਿਛੇ ਕਰ ਕੇ ਲਿਖਿਆ ਜਾ ਸਕਦਾ ਹੈ। ਕਿਸੇ ਵਿਸ਼ੇਸ਼ ਤੱਤ ਤੇ ਬਲ ਦੇਣ ਲਈ, ਉਸ ਦੀ ਤਰਤੀਬ ਨੂੰ ਬਦਲ ਕੇ, ਪਹਿਲੇ ਸਥਾਨ 'ਤੇ ਲਿਆਂਦਾ ਜਾ ਸਕਦਾ ਹੈ। ਇਸ ਤੋਂ ਇਲਾਵਾ ਦੂਜੈਲੇ ਮਹੱਤਵ ਵਾਲੇ ਤੱਤਾਂ ਨੂੰ ਛੱਡਿਆ ਜਾ ਸਕਦਾ ਹੈ। ਇਸ ਪੱਖੋਂ ਕਰਤਾਰ ਸਿੰਘ ਦੁੱਗਲ ਪ੍ਰਸੰਗ ਅਨੁਸਾਰ ਅਨੇਕਾਂ ਵਾਕ ਬਿਲਕੁਲ ਅਧੂਰੇ ਲਿਖਣ ਵਿਚ ਜਾਂ ਉਨ੍ਹਾਂ ਦਾ ਕ੍ਰਮ-ਤਬਦੀਲ ਕਰਨ ਵਿਚ ਮਾਹਰ ਹੈ। ਇਸ ਤੋਂ ਇਲਾਵਾ ਦੁੱਗਲ ਨੇ ਪੰਜਾਬੀ ਭਾਸ਼ਾ ਵਿਚ ਬਲ ਦੇਣ ਦੀਆਂ ਵੱਖ-ਵੱਖ ਵਿਧੀਆਂ ਦੀ ਵੀ ਪੂਰੀ-ਪੂਰੀ ਵਰਤੋਂ ਕੀਤੀ ਹੈ। ਉਹ ਪੈਰ੍ਹਾ-ਬਣਤਰ ਦੇ ਸੰਚਾਰਕ ਮਹੱਤਵ ਤੋਂ ਪੂਰੀ ਤਰ੍ਹਾਂ ਸੁਚੇਤ ਲੇਖਕ ਹੈ। ਕਿਸੇ ਘਟਨਾ ਦੇ ਪ੍ਰਤੀਕਰਮਾਂ 'ਤੇ ਪਾਤਰ ਦੀ ਮਨੋ-ਅਵੱਸਥਾ ਦੀ ਤੀਬਰਤਾ ਨੂੰ ਦਰਸਾਉਣ ਲਈ ਉਹ ਪਾਤਰ ਦੀ ਮਾਨਸਿਕ ਹਾਲਤ ਦਾ ਅਜਿਹਾ ਵਰਣਨ ਕਰਦਾ ਹੈ ਕਿ ਪਾਠਕ-ਮਨ ਪ੍ਰਭਾਵਿਤ ਹੋਣੋਂ ਨਹੀਂ ਰਹਿ ਸਕਦਾ।

ਇਉਂ ਕਰਤਾਰ ਸਿੰਘ ਦੁੱਗਲ ਆਪਣੇ ਗਲਪੀ ਸੰਚਾਰ ਦੀਆਂ ਸਰਲ, ਸਧਾਰਨ ਸੀਮਤ ਤੇ ਨਿਸ਼ਚਿਤ ਭਾਸ਼ਾਈ ਸੰਚਾਰ ਜੁਗਤਾਂ ਰਾਹੀਂ ਪ੍ਰਭਾਵਿਤ ਅਤੇ ਸਾਰਥਿਕ ਗਲਪ ਰਚਨਾਵਾਂ ਸਿਰਜਣ ਦੀ ਅਸਧਾਰਨ ਸਮਰੱਥਾ ਰੱਖਦਾ ਹੈ। ਸਧਾਰਨ ਭਾਸ਼ਾ ਨੂੰ ਅਸਧਾਰਨ ਬਣਾ ਦੇਣਾ ਹੀ ਸਾਹਿਤਕਾਰੀ ਹੈ। ਸਾਹਿਤਕਾਰੀ ਵਿਚ ਭਾਸ਼ਾਈ ਬਣਤਰਾਂ ਕਲਾਤਮਿਕਤਾ ਨੂੰ ਗ੍ਰਹਿਣ ਕਰ ਜਾਂਦੀਆਂ ਹਨ, ਜਿਸ ਨੂੰ ਅਸੀਂ ਉਪਰ ਪ੍ਰਤੀਮਾਨ ਦਾ ਪਰਾਹਨ ਕਿਹਾ ਹੈ। ਪ੍ਰਤੀਮਾਨ ਦਾ ਇਹ ਪਰਾਹਨ ਭਾਸ਼ਾਈ ਬਣਤਰਾਂ ਤੋਂ ਅੱਗੇ ਅਰਥ ਬਣਤਰ ਤੱਕ ਦੀ ਯਾਤਰਾ ਤੈਅ ਕਰਦਾ ਹੈ। ਇਸ ਤੱਥ ਨੂੰ ਅਸੀਂ ਦੁੱਗਲ ਦੇ ਇਕ ਨਾਵਲ **ਅੰਮੀ ਨੂੰ ਕੀ ਹੋ ਗਿਐ** ਰਾਹੀਂ ਸਪੱਸ਼ਟ ਕਰਦੇ ਹਾਂ। ਇਸ ਨਾਵਲੀ ਰਚਨਾ ਵਿਚ ਪੀੜ੍ਹੀਆਂ ਦਾ ਫਾਸਲਾ ਹੈ। ਪੀੜ੍ਹੀਆਂ ਦੇ ਫ਼ਾਸਲੇ ਵਿਚ ਸ਼ਕਾਇਤੀ ਧਿਰ, ਆਮ ਤੌਰ ਤੇ ਬਜ਼ੁਰਗ ਪੀੜ੍ਹੀ ਹੁੰਦੀ ਹੈ। ਮਾਪੇ ਪਰੇਸ਼ਾਨ ਹੁੰਦੇ ਹਨ ਕਿ *ਸਾਡੇ ਬੱਚਿਆਂ ਨੂੰ ਕੀ ਹੋ ਗਿਐ ?* ਸਥਾਪਿਤ ਕਦਰਾਂ ਕੀਮਤਾਂ ਦੀ ਪ੍ਰਤੀਨਿਧਤਾ ਮਾਪੇ ਕਰਦੇ ਹਨ ਤੇ ਬੱਚੇ ਅਕਸਰ ਉਨ੍ਹਾਂ ਨੂੰ ਤੋੜਦੇ ਹਨ। ਇਸੇ ਲਈ ਮਾਪੇ ਸ਼ਿਕਾਇਤ ਕਰਦੇ ਹਨ ਪਰ ਦੁੱਗਲ ਦੇ ਇਸ ਨਾਵਲ ਵਿਚ ਬੱਚਿਆਂ ਨੂੰ ਜਾਪਦਾ ਹੈ ਕਿ ਉਨ੍ਹਾਂ ਦੀ ਮਾਂ ਅਵੱਗਿਆ ਕਰ ਰਹੀ ਹੈ। ਉਹ ਪਰੇਸ਼ਾਨ ਹਨ ਕਿ **ਅੰਮੀ**

ਨੂੰ ਕੀ ਹੋ ਗਿਐ। ਪੀੜ੍ਹੀਆਂ ਦਾ ਫਾਸਲਾ ਇਕ ਸਮਾਜਿਕ ਤੱਥ ਹੈ ਪਰ ਦੁੱਗਲ ਨੇ ਸਥਾਪਿਤ ਧਿਰਾਂ ਦੀ ਪਹਿਲ-ਦੂਜ ਨੂੰ ਬਦਲ ਕੇ, ਅਰਥਾਂ ਦੀ ਨਵੀਂ ਸਪੇਸ ਸਿਰਜੀ ਹੈ। ਇਹੋ ਸਾਹਿਤ ਦੀ ਭਾਸ਼ਾਈ ਸੰਚਾਰ ਪ੍ਰਕਿਰਿਆ ਦਾ ਅੰਤਮ ਲਕਸ਼ ਹੁੰਦਾ ਹੈ, ਜਿਸ ਨੂੰ ਦੈਰਿਦਾ ਵਿਰਚਨਾ ਜਾਂ (Deconstruction) ਕਹਿੰਦਾ ਹੈ।

ਕੁਲਵੰਤ ਸਿੰਘ ਵਿਰਕ ਦੀ ਭਾਸ਼ਾ-ਸ਼ੈਲੀ

(1)

ਭਾਸ਼ਾ-ਸ਼ੈਲੀ ਸਿਰਜਿਤ ਭਾਸ਼ਾ ਦਾ ਕ੍ਰਿਸ਼ਮਈ ਵਰਤਾਰਾ ਹੈ।ਇਹ ਅਜਿਹੀ ਆਭਾ ਹੈ ਜੋ ਅਰਥਾਂ ਨੂੰ ਸਮੇਂ-ਸਪੇਸ ਦੀ ਸੀਮਾਂ ਤੋਂ ਪਾਰ ਪ੍ਰਾਸੰਗਿਕ ਕਰੀ ਰਖਦੀ ਹੈ ਭਾਵ ਇਹ ਕੋਸ਼ੀ ਅਰਥਾਂ ਤੋਂ ਪਾਰ ਨਿਵੇਕਲੀ ਸਪੇਸ ਪੈਦਾ ਕਰਦੀ ਹੈ ਜਿਸ ਨੂੰ ਮਿਸ਼ੇਲ ਫੂਕੋ ਪ੍ਰਵਚਨੀ ਸਪੇਸ ਕਹਿੰਦਾ ਹੈ।ਭਾਸ਼ਾ-ਸ਼ੈਲੀ ਉਤਮ ਸਾਹਿਤ-ਰਚਨਾ ਵਿਚ ਲੁਪਤ ਚਮਤਕਾਰੀ ਤੱਤ ਹੁੰਦੇ ਹਨ ਜੋ ਉਸ ਦੇ ਨਿਵੇਕਲੇਪਣ ਦਾ ਆਧਾਰ ਬਣਦੇ ਹਨ।ਜਿਹੜੇ ਸਾਹਿਤ-ਚਿੰਤਕ ਸਾਹਿਤ ਦੀ ਨਿਰਖ-ਪਰਖ ਕਰਨ ਲੱਗੇ, ਵਿਸ਼ੇ-ਵਸਤੂ ਨੂੰ ਭਾਸ਼ਾ ਦੀਆਂ ਪ੍ਰਤੀਧੁਨੀਆਂ ਤੋਂ ਵੱਖ ਕਰ ਕੇ, ਵੇਖਦੇ ਹਨ, ਉਹ ਰਚਨਾ ਦੇ ਅਚੇਤ ਤੱਕ ਨਹੀਂ ਪੁਜਦੇ। ਉਹ ਭਾਸ਼ਾ-ਸ਼ੈਲੀ ਦੀ ਪੈਦਾ ਕੀਤੀ, ਉਸ ਸਪੇਸ ਤੋਂ ਬੇਖ਼ਬਰ ਹੁੰਦੇ ਹਨ ਜੋ ਸਿਰਫ ਨਿਵੇਕਲੀ ਸਿਰਜਿਤ ਭਾਸ਼ਾ ਹੀ ਪੈਦਾ ਕਰ ਸਕਦੀ ਹੈ।ਰਚਨਾ ਦੀ ਵਿਲੱਖਣ ਭਾਸ਼ਾ-ਸ਼ੈਲੀ ਲੇਖਕ ਦੇ ਨਿਵੇਕਲੇ ਪ੍ਰਵਚਨ ਦਾ ਆਧਾਰ ਹੁੰਦੀ ਹੈ।ਗਲਪਕਾਰ, ਮਨੁੱਖ ਜਾਂ ਸਮਾਜ ਅੰਦਰ ਵਾਪਰ ਰਹੀ ਉਥਲ-ਪੁਥਲ ਦੀ ਥਾਹ ਪਾਉਂਦੇ ਹਨ।ਸਥਿਤੀ ਤੇ ਘਟਨਾਵਾਂ ਦੇ ਅਚੇਤ ਤੱਕ ਪੁਜਦੇ ਹਨ।ਅਜਿਹਾ ਉਹ ਉਸ ਬੁਣਤਰ ਰਾਹੀਂ ਕਰਦੇ ਹਨ ਜੋ ਭਾਸ਼ਾ-ਸ਼ੈਲੀ ਰਾਹੀਂ ਪ੍ਰਗਟ ਹੁੰਦੀ ਹੈ।

(2)

ਸਾਹਿਤ ਦੀ ਹਰ ਵਿਧਾ 'ਚ ਭਾਸ਼ਾਈ ਤੇ ਗੈਰ-ਭਾਸ਼ਾਈ ਤੱਤ ਰਲੇ-ਮਿਲੇ ਹੁੰਦੇ ਹਨ।ਕਿਸੇ ਵਿਚ ਇਕ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਕਿਸੇ ਵਿਚ ਦੂਸਰੇ ਦੀ।ਮਸਲਨ : ਕਵਿਤਾ ਤੇ ਗਲਪ ਸਾਹਿਤ ਦੇ ਦੋ ਪ੍ਰਮੁੱਖ ਰੂਪ ਹਨ ਪਰ ਦੋਨਾਂ ਦਾ ਪ੍ਰਕਾਰਜ ਕਿਉਂਕਿ ਵੱਖਰਾ-ਵੱਖਰਾ ਹੁੰਦੈ, ਇਸ ਲਈ ਦੋਹਾਂ ਦੇ ਭਾਸ਼ਾ-ਪ੍ਰਯੋਗ 'ਚ ਵੀ ਅੰਤਰ ਹੁੰਦੈ।ਕਵਿਤਾ ਵਿਚ ਭਾਸ਼ਾਈ ਤੱਤਾਂ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਜਦ ਕਿ ਗਲਪ ਦੀ ਸਿਰਜਣਾ ਕਥਾ-ਰੂੜ੍ਹੀਆਂ ਦੀ ਸਹਾਇਤਾ ਨਾਲ ਹੁੰਦੀ ਹੈ, ਜਿਨ੍ਹਾਂ ਦੀ ਹੋਂਦ ਭਾਸ਼ਾ-ਤੱਤਾਂ ਤੋਂ ਆਜ਼ਾਦ ਹੁੰਦੀ ਹੈ।ਇਸ ਲਈ ਗਲਪ ਦੀ ਭਾਸ਼ਾ ; ਸਥਿਤੀਆਂ ਅਤੇ ਉਨ੍ਹਾਂ ਵਿਚਲੇ ਸੰਬੰਧ ਹੁੰਦੇ ਹਨ।ਇਹਨਾਂ ਦੇ ਮਾਧਿਅਮ ਰਾਹੀਂ ਹੀ ਉਨ੍ਹਾਂ ਅਰਥਾਂ ਤੱਕ ਅੱਪੜਿਆ ਜਾ ਸਕਦਾ ਹੈ, ਜਿੰਨ੍ਹਾਂ ਦਾ ਗਲਪਕਾਰ ਸੰਚਾਰ ਕਰਨਾ ਚਾਹੁੰਦਾ ਹੈ।ਗਲਪ ਦੇ ਵੀ

ਅੱਗੋਂ ਦੋ ਪ੍ਰਮੁੱਖ ਰੂਪ ਹਨ : ਨਾਵਲ ਅਤੇ ਕਹਾਣੀ।ਨਾਵਲਕਾਰ ਦੇ ਮੁਕਾਬਲੇ ਕਹਾਣੀਕਾਰ ਦੀ ਕਲਾ ਦਾ ਘੇਰਾ ਕਾਫ਼ੀ ਸੌੜਾ ਹੁੰਦਾ ਹੈ।ਕਹਾਣੀ ਦੇ ਅਰਥਾਂ ਦੀ ਪੇਸ਼ਕਾਰੀ ਦਾ ਮਾਧਿਅਮ ਸਥਿਤੀਆਂ ਹਨ।ਕਹਾਣੀਕਾਰ ਸਥਿਤੀ ਨੂੰ ਨਾਵਲਕਾਰ ਵਾਂਗ ਲੰਮੇ ਸਮੇਂ ਵਿਚ ਲਮਕਾ ਕੇ, ਉਸ ਦੀਆਂ ਇਤਿਹਾਸਿਕ ਪਰਤਾਂ ਨੂੰ, ਉਨ੍ਹਾਂ ਦੇ ਸਮੁੱਚ ਵਿਚ ਮੂਰਤੀਮਾਨ ਨਹੀਂ ਕਰਦਾ ਬਲਕਿ ਸਥਿਤੀ ਦੀ ਇਕ-ਅੱਧ ਪਰਤ ਦੀ ਗਹਿਰਾਈ ਵਿਚ ਉਤਰ ਕੇ, ਉਸ ਦੀ ਅਹਿਮੀਅਤ ਦਾ ਬੋਧ ਕਰਾਉਂਦਾ ਹੈ।ਇਸ ਲਈ ਕਹਾਣੀਕਾਰ ਦਾ ਬਹੁਤਾ ਬਲ ਸਥਿਤੀ ਦੀ ਸਹੀ ਪੇਸ਼ਕਾਰੀ ਉਤੇ ਹੁੰਦਾ ਹੈ।ਇਉਂ ਕਹਾਣੀਕਾਰ ਭਾਸ਼ਾ-ਸੁਹਜ ਲਈ ਵੀ ਭਾਸ਼ਾ ਦੀ ਵਰਤੋਂ ਘੱਟ ਕਰਦਾ ਹੈ।ਵਾਸਤਵ ਵਿਚ ਸ਼ਬਦ ਦਾ ਆਪਣੇ ਆਪ ਵਿਚ ਕੋਈ ਮਾਹੌਲ ਨਹੀਂ ਹੁੰਦਾ।ਸ਼ਬਦ ਪ੍ਰਸੰਗਾਰਥੀ ਹੁੰਦੈ, ਪ੍ਰਸੰਗ ਸ਼ਬਦ ਨੂੰ ਨਵੇਂ ਅਰਥ ਦਿੰਦਾ ਹੈ, ਨਾਲੇ ਸ਼ਬਦਾਂ ਦੀ ਵਰਤੋਂ ਵੇਲੇ ਨਿਰਾਪੁਰਾ ਅਰਥ ਹੀ ਸੰਚਾਰਿਤ ਨਹੀਂ ਹੁੰਦਾ।ਅਰਥ ਦੇ ਰੰਗ-ਸੁਗੰਧ ਵੀ ਸੰਚਾਰਿਤ ਹੁੰਦੇ ਹਨ।ਇਹ ਆਪਣੇ ਆਪ ਵਿਚ ਬੜਾ ਅਹਿਮ ਨੁਕਤਾ ਹੈ।ਜਦੋਂ ਕੋਈ ਸਾਡੇ ਨਾਲ ਗੱਲਬਾਤ ਕਰਦਾ ਹੈ ਤਾਂ ਉਹ ਸਾਡੇ ਤੀਕ ਅਰਥ ਹੀ ਨਹੀਂ ਪਹੁੰਚਾਉਂਦਾ ਬਲਕਿ ਆਪਣੀ ਸ਼ਖ਼ਸੀਅਤ ਦੀ ਛੋਹ ਵੀ ਛਡਦਾ ਹੈ।ਇਸੇ ਲਈ ਕਿਹਾ ਜਾਂਦੈ ਕਿ ਸ਼ੈਲੀ ਹੀ ਸ਼ਖ਼ਸੀਅਤ ਹੈ।ਇਸ ਸੰਦਰਭ ਵਿਚ ਹੀ ਅਸੀਂ ਕੁਲਵੰਤ ਸਿੰਘ ਵਿਰਕ ਦੀ ਭਾਸ਼ਾ-ਸ਼ੈਲੀ ਦੀ ਪਰਖ ਕਰਾਂਗੇ।

(3)

ਕੁਲਵੰਤ ਸਿੰਘ ਵਿਰਕ ਦੀ ਕਹਾਣੀ ਸਧਾਰਨ ਮਨੁੱਖ ਦੀ ਸਧਾਰਨਤਾ ਦੀ ਬਾਤ ਪਾਉਂਦੀ ਹੈ।ਵਿਰਕ ਪਾਸ ਬੰਦੇ ਦੀ ਸਧਾਰਨਤਾ ਨੂੰ ਪਕੜ ਸਕਣ ਵਾਲੀ ਬਰੀਕ ਸੂਝ ਹੈ।ਚੈਖਵ ਵਾਂਗ ਵਿਰਕ ਨਿੱਕੀਆਂ-ਨਿੱਕੀਆਂ ਆਮ ਗੱਲਾਂ ਅਤੇ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ, ਆਪਣੀ ਕਹਾਣੀ ਸਿਰਜਦਾ ਹੈ।ਉਸ ਦੀ ਕਹਾਣੀ ਪੜ੍ਹਦਿਆਂ ਪਾਠਕ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਉਹ ਕੋਈ ਕਹਾਣੀ ਪੜ੍ਹ ਰਿਹਾ ਹੈ।ਇਉਂ ਲਗਦੈ ਜਿਵੇਂ ਕੋਈ ਬੰਦਾ ਘਰੋਂ ਬਾਹਰ ਗਿਆ ਸੀ ਤੇ ਵਾਪਸ ਪਰਤ ਕੇ, ਆਪਣੀ ਹੱਡਬੀਤੀ ਸੁਣਾ ਰਿਹਾ ਹੈ।ਇਹ ਸਹਿਜ-ਸੁਭਾਪਣ ਹੀ ਵਿਰਕ ਦੀਆਂ ਕਹਾਣੀਆਂ ਦੀ ਭਾਸ਼ਾ ਵਿਚ ਬਰਕਰਾਰ ਹੈ।ਵਿਰਕ ਦੀ ਭਾਸ਼ਾ-ਸ਼ੈਲੀ ਵਿਚ ਇਸ ਤਰ੍ਹਾਂ ਦਾ ਸਹਿਜ, ਇਸ ਤਰ੍ਹਾਂ ਦੀ ਸੁਭਾਵਕਤਾ ਕਿਵੇਂ ਆਈ ਹੈ ? ਇਸ ਦਾ ਜੁਆਬ

ਇਹ ਹੈ ਕਿ ਉਹ, ਉਸ ਜੀਵਨ ਬਾਰੇ ਲਿਖਦਾ ਹੈ ਜਿਸ ਜੀਵਨ ਨੂੰ ਉਸ ਨੇ ਭੋਗਿਆ ਹੈ।ਭਾਵੇਂ ਕਹਾਣੀ ਲਿਖਣ ਵੇਲੇ, ਉਹ ਆਪ ਜੀਵਨ ਤੋਂ ਪਾਰ ਜਾ ਚੁੱਕਾ ਹੁੰਦਾ ਸੀ ਪਰ ਫਿਰ ਵੀ ਉਹ, ਉਸ ਜੀਵਨ ਨੂੰ ਚਿਤਰਦਾ ਰਿਹਾ ਹੈ।ਇਸ ਬਾਰੇ ਵਿਰਕ (1979 : 2) ਖ਼ੁਦ ਲਿਖਦਾ ਹੈ :

> *'ਜਦੋਂ ਕੋਈ ਗੱਲ ਲਿਖਣ ਲਈ ਮੈਨੂੰ ਠੀਕ ਸ਼ਬਦ ਨਾ ਲੱਭਦੇ ਤਾਂ ਮੈਂ ਇਹ ਚਿਤਾਰਦਾ ਕਿ ਮੇਰੇ ਪਿਤਾ ਇਸ ਗੱਲ ਨੂੰ ਕਿੰਨ੍ਹਾਂ ਸ਼ਬਦਾਂ ਵਿਚ ਕਹਿੰਦੇ ਤੇ ਮੇਰਾ ਕੁਸ਼ਟ ਮੁੱਕ ਜਾਂਦਾ ।ਨਿਰੱਖਰ ਹੋਣ ਕਰਕੇ, ਉਨ੍ਹਾਂ ਦੀ ਬੋਲੀ ਉਤੇ ਕੋਈ ਬਾਹਰਲਾ ਅਸਰ ਨਹੀਂ ਸੀ।ਔਖੇ ਤੋਂ ਔਖਾ ਖਿਆਲ ਵੀ ਉਨ੍ਹਾਂ ਪੇਂਡੂ ਪੰਜਾਬੀ ਵਿਚ ਹੀ ਨਿਭਾਣਾ ਹੁੰਦਾ।ਮੈਂ ਵੀ ਉਸ ਤਰ੍ਹਾਂ ਦੀ ਬੋਲੀ ਵਿਚ ਲਿਖਣਾ ਚਾਹੁੰਦਾ ਸਾਂ।'*

ਸਪੱਸ਼ਟ ਹੈ ਕਿ ਵਿਰਕ ਦੀਆਂ ਕਹਾਣੀਆਂ ਦੀ ਭਾਸ਼ਾ ਉਤੇ ਉਸ ਦੇ ਪਿਤਾ ਦੀ ਬੋਲੀ ਦਾ ਡੂੰਘਾ ਅਸਰ ਪਿਆ।ਇਥੋਂ ਹੀ ਵਿਰਕ ਦੀ ਕਥਾ-ਸ਼ੈਲੀ ਦਾ ਪਹਿਲਾ ਪਾਸਾਰ ਸ਼ੁਰੂ ਹੁੰਦਾ ਹੈ ਜਿਸ ਨੂੰ ਅਸੀਂ ਲੋਕ-ਸ਼ੈਲੀ ਜਾਂ ਲੋਕ ਕੰਠ ਦੀ ਭਾਸ਼ਾ-ਸ਼ੈਲੀ ਦਾ ਨਾਂ ਦੇ ਸਕਦੇ ਹਾਂ।ਵਿਰਕ ਦੀਆਂ ਕਹਾਣੀਆਂ ਦੀ ਰੂਹੇ-ਰਵਾਂ ਪੇਂਡੂ ਲੋਕ ਜੀਵਨ ਧਾਰਾ ਹੈ।ਉਸ ਦੀਆਂ ਕਹਾਣੀਆਂ ਵਿਚ ਥਾਂ-ਪੁਰ-ਥਾਂ ਪੇਂਡੂ ਲੋਕ ਜੀਵਨ ਦੇ ਸਜੀਵ ਚਿਤਰ ਮਿਲਦੇ ਹਨ।ਇਨ੍ਹਾਂ ਚਿਤਰਾਂ ਵਿਚ ਪੰਜਾਬ ਦਾ ਭੂਗੋਲਿਕ ਚੌਗਿਰਦਾ, ਬਨਸਪਤੀ, ਖੇਤ, ਫਸਲਾਂ, ਚਰਾਂਦਾਂ, ਉਜਾੜ, ਟਿੱਬੇ, ਰੁੱਤਾਂ, ਮੀਂਹ, ਨਹਿਰਾਂ, ਖਾਲੇ, ਪਿੰਡਾਂ ਦੀਆਂ ਗਲੀਆਂ, ਬੀਹਾਂ, ਸੱਥਾਂ, ਕੁੱਕੜਾਂ ਦੀਆਂ ਬਾਗਾਂ ਅਤੇ ਹਾਲੀਆਂ-ਪਾਲੀਆਂ ਦੇ ਜੀਵਨ ਦਾ ਭਰਪੂਰ ਦੇ ਸਰਬਾਂਗੀ ਵਰਣਨ ਮਿਲਦਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਸ ਵਿਚ ਸ਼ੈਲੀ ਤੱਤ ਕਿੱਥੇ ਹੈ ? ਸ਼ੈਲੀ ਦਾ ਅਛੂਤਾ ਨਕਸ਼ ਪਰਾਹਨ ਹੈ।ਸ਼ੈਲੀ ਲਿਖਤ ਦਾ ਉਹ ਮੁਹਾਂਦਰਾ ਹੈ ਜੋ ਆਪਣਾ ਅਰਥ ਖੁਦ ਆਪ ਬਣਨ ਦੀ ਸਮਰੱਥਾ ਰੱਖਦਾ ਹੈ।ਵਿਰਕ ਪੇਂਡੂ ਜੀਵਨ ਦਾ ਸਹਿਜ ਵਰਣਨ ਹੀ ਨਹੀਂ ਕਰਦਾ, ਪਰਾਹਿਤ ਵਰਣਨ ਕਰਦਾ ਹੈ।ਉਹ ਪਰਾਹਿਤ ਬਿਰਤਾਂਤ ਸਿਰਜਦੈ।ਲੋਕ-ਕਹਾਣੀਆਂ ਆਮ ਤੌਰ ਤੇ 'ਇਕ ਸੀ ਰਾਜਾ' ਤੋਂ ਸ਼ੁਰੂ ਹੁੰਦੀਆਂ ਹਨ ਪਰ ਵਿਰਕ ਦੇ ਪਾਠਕ ਕਹਾਣੀਆਂ ਸੁਣਾਉਂਦੇ ਹੋਏ ਕਹਿੰਦੇ ਹਨ।

> *'ਮੈਨੂੰ ਜਾਣਨੈਂ, ਮੈਂ 'ਪੌਣਾ ਆਦਮੀ' ਹਾਂ ਪਰ ਫਿਰ ਵੀ 'ਧਰਤੀ ਹੇਠਲਾ ਬੌਲਦ ਹਾਂ।'*

ਉਸ ਦੇ ਪਾਤਰ ਸਧਾਰਨ ਹਨ ਪਰ ਅਸਧਾਰਨ ਸ਼ਕਤੀ ਦੇ ਮਾਲਿਕ

ਹਨ।'ਓਪਰੀ' ਧਰਤੀ ਦਾ ਹਜ਼ਾਰਾ ਸਿੰਘ ਕਸਬੀ ਚੋਰ ਹੈ।ਕੰਧ ਨੂੰ ਜਿਹੋ ਜਿਹੀ ਸੰਨ੍ਹ ਉਹ ਲਾਉਂਦਾ ਹੈ, ਹੋਰ ਕੋਈ ਨਹੀਂ ਲਾ ਸਕਦਾ।ਉਹਦੀ ਸੰਨ੍ਹ ਲਾਗ-ਚਾਗ ਦੇ ਸੱਤਾਂ ਪਿੰਡਾਂ ਵਿਚ ਮਸ਼ਹੂਰ ਸੀ।ਡੰਗਰ ਕੱਢ ਲਿਜਾਣੇ ਉਹਦੀ 'ਵਿਸ਼ੇਸ਼ਤਾ' ਹੈ।ਡੰਗਰਾਂ ਦੀ ਚੋਰੀ ਵਿਚ ਉਹਨੂੰ ਬਹੁਤ ਸੁਆਦ ਆਉਂਦਾ ਸੀ ਕਿਉਂਕਿ ਇਹ ਕੰਮ ਉਹਨੂੰ ਵੰਗਾਰ ਭਰਿਆ ਜਾਪਦਾ ਸੀ।ਹਜ਼ਾਰਾ ਸਿੰਘ ਡੰਗਰਾਂ ਦੀ ਚੋਰੀ ਕਰ ਕੇ ਰਾਤੋ-ਰਾਤ ਕੋਹਾਂ ਪੈਂਡਾ ਮਾਰਨ ਦੀ ਅਸਧਾਰਨ ਸ਼ਕਤੀ ਰੱਖਦਾ ਸੀ।ਸੰਨ੍ਹ ਲਾਉਣ ਵਿਚ ਉਹਦੀ ਏਨੀ ਸਫ਼ਾਈ ਸੀ ਕਿ ਥਾਣੇਦਾਰ ਵੀ ਵਾਹ-ਵਾਹ ਕਰਨੋਂ ਨਹੀਂ ਸੀ ਰਹਿ ਸਕਦਾ।ਖ਼ੁਦ ਹਜ਼ਾਰਾ ਸਿੰਘ ਨੂੰ ਵੀ ਆਪਣੇ ਚੋਰੀ ਕਰਨ ਦੇ ਢੰਗ ਤੇ ਬੜਾ ਮਾਣ ਸੀ।ਸਭ ਲੋਕ ਉਸ ਦੀ ਚੋਰੀ ਬਾਰੇ ਜਾਣਦੇ ਹਨ ਪਰ ਹਜ਼ਾਰਾ ਸਿੰਘ ਕਦੇ ਜੇਲ੍ਹ ਨਹੀਂ ਜਾਂਦਾ।ਇਸ ਕਹਾਣੀ ਵਿਚ ਬਦਰੰਗ ਜੀਵਨ ਦਾ ਵਰਣਨ ਬੜਾ ਖੁਸ਼ਰੰਗ ਹੈ।ਇਸ ਜੀਵਨ ਜਾਚ ਵਿਚ ਏਨਾ ਬਦਮਜ਼ਾ ਹੈ ਕਿ ਕੋਈ ਵੀ ਇਸ ਨੂੰ ਅਪਣਾਉਣਾ ਨਹੀਂ ਚਾਹੇਗਾ ਪਰ ਇਸ ਬਦਮਜ਼ਾ ਜੀਵਨ ਦੇ ਵਰਣਨ ਵਿਚ ਐਸਾ ਆਨੰਦ ਹੈ ਕਿ ਇਸ ਨੂੰ ਵਾਰ-ਵਾਰ ਪੜ੍ਹਨ-ਸੁਣਨ ਨੂੰ ਮਨ ਕਰਦਾ ਹੈ, ਇਹੋ ਇਸ ਰਚਨਾ-ਸ਼ੈਲੀ ਦਾ ਕਮਾਲ ਹੈ।ਇਸੇ ਤਰ੍ਹਾਂ 'ਚਾਚਾ' ਕਹਾਣੀ ਦਾ ਨਾਇਕ ਬਾਲ ਸਿੰਘ ਆਪਣੇ ਨਾਲ ਮੱਝਾਂ ਚਾਰਨ ਵਾਲੀ ਛੋਟੀ ਉਮਰ ਦੇ ਛੇੜੂ 'ਕੰਨੂੰ' ਨੂੰ ਛੜਾ ਹੋਣ ਦੇ ਬਾਵਜੂਦ ਆਪਣੀ ਫ਼ਰਜ਼ੀ ਪਤਨੀ ਬਾਰੇ ਮਨੋ-ਕਲਪਿਤ ਘਟਨਾਵਾਂ ਕਹਾਣੀਆਂ ਬਣਾ-ਬਣਾ ਕੇ ਸੁਣਾਉਂਦਾ ਰਹਿੰਦਾ ਹੈ।ਬੱਸ, ਏਨੇ ਕੁ ਨਾਲ ਹੀ ਵਿਰਕ ਲੋਕ-ਕਹਾਣੀ ਨੂੰ ਪਰਾਹਿਤ ਕਰ ਲੈਂਦਾ ਹੈ।ਇਹ ਦੋਵੇਂ ਕਹਾਣੀਆਂ ਲੋਕ ਕਹਾਣੀ ਦੇ ਸੁਭਾ ਦੇ ਬਿਲਕੁਲ ਅਨੁਕੂਲ ਹਨ।ਵਿਰਕ ਦੀਆਂ ਕਹਾਣੀਆਂ ਵਿਚ ਰੁੱਤਾਂ ਅਤੇ ਫ਼ਸਲਾਂ ਦੇ ਹਵਾਲੇ ਵੀ ਪਰਾਹਿਤ ਰੂਪ ਵਿਚ ਮਿਲਦੇ ਹਨ।'ਮੁੱਢੋ-ਸੁੱਢੋਂ' ਕਹਾਣੀ ਵਿਚ ਚੇਤਰ ਮਹੀਨੇ ਵਿਚ ਪੱਕਣ ਤੇ ਆਈ ਕਣਕ ਬਾਰੇ ਵਿਰਕ ਲਿਖਦਾ ਹੈ ਕਿ ਇਸ ਉਮਰ ਵਿਚ 'ਫਸਲ ਦਾ ਆਪਣਾ ਇਕ ਨਖ਼ਰਾ, ਇਕ ਆਕੀਪੁਣਾ ਹੁੰਦਾ ਹੈ।'ਛਾਹ ਵੇਲਾ' ਕਹਾਣੀ ਦਾ ਪਾਤਰ ਤੇਜੂ ਜਦ ਨਿਰਾਸ਼ ਹੁੰਦਾ ਹੈ ਤਾਂ ਉਸ ਦੇ ਬਲਦ ਵੀ ਠਠੰਬਰ ਜਾਂਦੇ ਹਨ।ਜੇ ਤੇਜੂ ਖੁਸ਼ੀ ਨਾਲ ਝੂਮ ਉਠਦਾ ਹੈ ਤਾਂ ਉਸਦੇ ਵੱਗੇ ਵੀ ਉਡਦੇ ਫਿਰਦੇ ਹਨ।ਇਸੇ ਤਰ੍ਹਾਂ 'ਤੂੜੀ ਦੀ ਪੰਡ' ਕਹਾਣੀ ਦਾ ਪਾਤਰ ਬਹਾਦਰ ਸਿੰਘ ਅਤੇ 'ਧਰਤੀ ਹੇਠਲਾ ਬੌਲਦ' ਵਿਚ ਕਰਮ ਸਿੰਘ ਦਾ ਪਿਤਾ ਆਦਿ ਸਭ ਲੋਕ ਕਹਾਣੀ ਦੇ ਪਾਤਰ ਜਾਪਦੇ ਹਨ।ਇਹ ਬਿਰਤਾਂਤ ਮਿੱਥ, ਲੋਕ ਕਹਾਣੀ ਅਤੇ ਲਤੀਫ਼ੇ ਦੇ ਮਿਲਵੇਂ-ਜੁਲਵੇਂ ਰੂਪ ਹਨ।ਮਿਥ ਇਸ ਲਈ ਕਿ ਇਹ ਪਾਤਰ ਆਸੇ ਪਾਸੇ ਦੇ ਮਾਹੌਲ ਦੇ ਮੁਕਾਬਲੇ ਅਸਧਾਰਨ ਸ਼ਕਤੀ ਦੇ ਮਾਲਕ ਹਨ।ਲੋਕ

ਕਹਾਣੀਆਂ ਇਸ ਲਈ ਕਿ ਇਨ੍ਹਾਂ ਵਿਚ ਹਾਸੇ-ਠੱਠੇ ਦਾ ਮਾਹੌਲ ਹੈ।ਇਹ ਤਿੰਨੇ ਤੱਤ ਪਰਾਹਿਤ ਰੂਪ ਵਿਚ ਮਿਲਦੇ ਹਨ।ਇਥੋਂ ਹੀ ਵਿਰਕ ਦੀਆਂ ਕਹਾਣੀਆਂ ਉਤੇ ਬੋਲ-ਚਾਲੀ ਰੰਗ ਚੜ੍ਹਿਆ ਜਾਪਦੈ।ਵਿਰਕ ਦੀ ਕਹਾਣੀ ਗੱਲ-ਬਾਤੀ ਭਾਸ਼ਾ-ਸ਼ੈਲੀ ਦੀ ਧਾਰਨੀ ਹੈ।ਉਸ ਦੀਆਂ ਕਹਾਣੀਆਂ ਦੀ ਵਾਕ ਬਣਤਰ ਹੀ ਨਹੀਂ ਬਲਕਿ ਉਸਨੇ ਸ਼ਬਦ ਦੇ ਪੱਧਰ ਉਤੇ ਵੀ ਪੰਜਾਬੀ ਉਚਾਰਨ ਵੱਲ ਧਿਆਨ ਰੱਖਿਆ ਹੈ, ਜਿਹੜਾ ਉਚਾਰਨ ਲਹਿਜਾ ਪੰਜਾਬੀ ਜ਼ੁਬਾਨ ਸਹਿਜ-ਸੁਭਾ ਕਰ ਸਕਦੀ ਹੈ, ਉਸ ਨੂੰ ਉਸਨੇ ਸਵੀਕਾਰ ਕਰ ਲਿਆ ਹੈ।ਸਬੂਤ ਵਜੋਂ ਹੇਠ ਲਿਖੇ ਸ਼ਬਦਾਂ ਦੀ ਬਣਤਰ ਵੇਖੀ ਜਾ ਸਕਦੀ ਹੈ :

> *'ਉਲਟਾਂਦੇ, ਸੁਣਾਂਦਾ, ਹਟਾਣਾ, ਕਰਾਣ, ਖਲੋਣਾ, ਖੜਕਾਣ, ਖੜਕਾਂਦਾ, ਗਵਾਂਦਾ, ਲੰਘਾਂਦਾ, ਚਲਾਣਾ, ਚਲਾਈ, ਪਾਂਦੇ, ਪਾਂਦੀ, ਪਿਆਣਾ, ਪਰਤਾਣ, ਪੜ੍ਹਾਂਦਾ, ਬਣਾਨ, ਬਚਾਂਦੀ, ਮਿਲਾਂਦੇ, ਲਾਂਦੇ, ਵਿਖਾਂਦੀ, ਵਧਾਦੀਆਂ।'*

ਇਸੇ ਤਰ੍ਹਾਂ ਕੁਝ ਕਿਰਿਆ-ਰੂਪ ਟੁਰ ਪਏ, ਸਾਂ, ਆਂ, ਵਾਂ, ਨੇ, ਤੀ ਆਦਿ ਵੀ ਬੋਲ-ਚਾਲੀ ਹਨ।ਬੋਲ-ਚਾਲ ਦੀ ਭਾਸ਼ਾ ਸਹਿਜ ਤੇ ਰਵਾਂ ਹੁੰਦੀ ਹੈ।'ਸਹਿਜ' ਅਤੇ 'ਰਵਾਂ' ਦੋਵੇਂ ਮਨੁੱਖੀ ਸੁਭਾ ਦੇ ਗੁਣ-ਲੱਛਣ ਹਨ ਜੋ ਭਾਸ਼ਾ ਵਿਚ ਸਰਲਤਾ ਲੈ ਆਉਂਦੇ ਹਨ।ਭਾਸ਼ਾ ਸਰਲਤਾ ਭਾਵੇਂ ਵਾਕ-ਸਰਲਤਾ ਹੈ ਪਰ ਸ਼ੈਲੀ ਕੇਵਲ ਵਾਕ ਬਣਤਰ ਤੱਕ ਹੀ ਸੀਮਤ ਨਹੀਂ ਹੈ।ਸ਼ੈਲੀ ਜਿਉਂਦੀ-ਜਾਗਦੀ ਮਨੋਬਣਤਰ ਦਾ ਜਿਉਂਦਾ-ਜਾਗਦਾ ਪ੍ਰਕਾਸ਼ ਹੈ।ਵਿਰਕ ਦੀ ਭਾਸ਼ਾ-ਸ਼ੈਲੀ ਦਾ ਸਭ ਤੋਂ ਵੱਡਾ ਗੁਣ ਸਰਲਤਾ ਹੈ।ਸਰਲਤਾ, ਸਾਦਗੀ ਦੀ ਮੰਗ ਕਰਦੀ ਹੈ ਅਤੇ ਸਾਦਗੀ, ਸੁਭਾਵਕਤਾ ਦੀ।ਵਿਰਕ ਦੀ ਭਾਸ਼ਾ ਸਰਲ ਹੈ।ਇਸ ਭਾਸ਼ਾ-ਸਰਲਤਾ ਨੇ ਉਸਦੀ ਭਾਸ਼ਾ-ਸ਼ੈਲੀ ਨੂੰ ਸੁਭਾਵਕਤਾ ਬਖ਼ਸ਼ੀ ਹੈ।ਵਿਰਕ ਆਪਣੀ ਗੱਲ ਨੂੰ ਸੋਧੇ ਹੋਏ ਪ੍ਰਗਟਾ ਢੰਗ ਵਿਚ ਪੇਸ਼ ਕਰਨ ਦੀ ਥਾਂ ਬੰਦੇ ਦੇ ਸੁਭਾਵਕ ਪ੍ਰਗਟਾ ਢੰਗ ਦੇ ਨੇੜੇ ਰੱਖਦਾ ਹੈ।ਉਹ ਕਦੇ ਵੀ ਅਜਿਹੀ ਸ਼ਬਦਾਵਲੀ ਦੀ ਵਰਤੋਂ ਨਹੀਂ ਕਰਦਾ, ਜਿਹੜੀ ਪਾਤਰ ਨੂੰ ਉਪਭਾਵਕ ਬਣਾਉਂਦੀ ਹੈ।ਮਿਸਾਲ ਵਜੋਂ 'ਦੋ ਝਾਕੀਆਂ' ਕਹਾਣੀ ਵਿਚ ਗੁਰਲਾਲ ਅਤੇ ਤੇਜਵੰਤ ਇਕ ਦੂਜੇ ਨੂੰ ਪਿਆਰ ਦਾ ਖੁੱਲ੍ਹਾ ਇਜ਼ਹਾਰ ਨਹੀਂ ਕਰਦੇ।ਵਿਰਕ ਉਨ੍ਹਾਂ ਦੀ ਲਾਚਾਰੀ ਨੂੰ ਉਲਾਰ ਨਹੀਂ ਹੋਣ ਦਿੰਦਾ ਭਾਵ ਉਸ ਦੀ ਭਾਸ਼ਾ ਸ਼ੈਲੀ ਵਿਚ ਨਾਂ ਤਾਂ ਹੰਝੂਆਂ ਦੇ ਦਰਿਆ ਵਹਿੰਦੇ ਹਨ ਅਤੇ ਨਾ ਹੀ ਆਹਾਂ ਦੇ ਸੋਗੀ ਬੋਲ ਗੂੰਜਦੇ ਹਨ ਪਰ ਉਨ੍ਹਾਂ ਦੇ ਦਿਲ ਉਤੇ ਨਾ ਮਿਲ ਸਕਣ ਦਾ ਭਾਰ ਜ਼ਰੂਰ ਹੈ ਜਿਸ ਨੂੰ ਵਿਰਕ ਨੇ ਸਧਾਰਨ ਤੇ ਸੁਭਾਵਕ

ਸ਼ਬਦਾਵਲੀ ਤੇ ਵਾਕਾਵਲੀ ਵਿਚ ਪੇਸ਼ ਕਰ ਦਿੱਤਾ ਹੈ :

> *'ਪਰ ਇਕੱਲੇ ਮਿਲਣ ਤੇ ਗੱਲਾਂ ਕਰਨ ਦੇ ਮੌਕੇ ਟਾਵੇਂ-ਟਾਵੇਂ ਆਉਂਦੇ।ਵਰਖਾ ਕਦੀ ਕਦਾਈ ਹੁੰਦੀ ਤੇ ਬਹੁਤ ਵਕਤ ਔੜ ਲੱਗੀ ਰਹਿੰਦੀ। ਤੇ ਇਸ ਔੜ ਵਿਚ ਉਨ੍ਹਾਂ ਦੇ ਸਰੀਰ ਭੁਜਦੇ ਰਹਿੰਦੇ।ਇਸ ਬਖ਼ਸ਼ੀ ਲਾਜ ਵਰਗੀਆਂ ਪਾਰਟੀਆਂ ਤੇ ਵੀ ਉਨ੍ਹਾਂ ਦੇ ਦਿਲ ਖਿੜ ਨਾ ਸਕਦੇ।ਉਹ ਦੱਬੇ ਰਹਿੰਦੇ, ਗੱਲਾਂ ਦੱਬੀਆਂ ਹੋਈਆਂ ਹੁੰਦੀਆਂ, ਇਸ਼ਾਰੇ ਦਬੇ ਹੋਏ ਹੁੰਦੇ, ਵੇਖਣੀਆਂ ਦਬੀਆਂ ਹੁੰਦੀਆਂ।ਪਰ ਨਾ ਮਿਲਣ ਨਾਲੋਂ ਇਹੋ ਜਿਹੇ ਮੇਲ ਵੀ ਚੰਗੇ ਸਨ।ਕਦੀ ਇਕ ਦਾ ਜੁੱਤੀ ਵਿਚ ਲਪੇਟਿਆ ਪੈਰ ਦੂਸਰੇ ਦੀ ਜੁੱਤੀ ਵਿਚ ਲਪੇਟੇ ਪੈਰ ਨੂੰ ਥੋੜ੍ਹਾ ਜਿਹਾ ਧੱਕ ਦਿੰਦਾ ਹੈਤੇ ਇਸ ਤਰ੍ਹਾਂ ਉਨ੍ਹਾਂ ਦੇ ਮਨ ਕੁਝ ਇਕ ਦੂਜੇ ਦੇ ਨੇੜੇ ਮਹਿਸੂਸ ਕਰਦੇ। ਨਾਲੇ ਬਹੁਤ ਸਾਰੇ ਲੋਕਾਂ ਦੇ ਸਾਹਮਣੇ ਦੋਹਾਂ ਦਾ ਇਕੱਠੇ ਏਡੇ ਵੱਡੇ ਭੇਦ ਦੀ ਗੋਦ ਵਿਚ ਲੇਟੇ ਰਹਿਣਾ ਵੀ ਇਕ ਬੜੀ ਸਰੂਰ ਲਿਆਉਣ ਵਾਲੀ ਗੱਲ ਸੀ।ਮੇਜ਼ ਦੇ ਆਰ-ਪਾਰ ਬੈਠੇ ਚਾਹ ਦੇ ਭਾਂਡਿਆਂ ਨਾਲ ਖੇਡਦੇ, ਉਹ ਇਕ ਦੂਜੇ ਨੂੰ ਕਹਿ ਰਹੇ ਹੁੰਦੇ ''ਜਿਹੜੀ ਗੱਲ ਸਾਡੇ ਕੋਲ ਹੈ ਉਸ ਦਾ ਕਿਸੇ ਨੂੰ ਸੁਫਨਾ ਵੀ ਨਹੀਂ...।''*

ਇਥੇ ਸੁਭਾਵਕ ਭਾਸ਼ਾ-ਸ਼ੈਲੀ ਵਿਚ ਵਿਰਕ ਮੱਧ ਵਰਗ ਦੇ ਪਿਆਰ-ਯਥਾਰਥ ਨੂੰ ਪੇਸ਼ ਕਰ ਗਿਆ ਹੈ।ਵਿਰਕ ਦੀਆਂ ਕਹਾਣੀਆਂ ਦਾ ਕੋਈ ਵੀ ਪਾਠਕ ਉਲਾਰ ਨਹੀਂ ਹੁੰਦਾ।ਅਤਿ ਮਜ਼ਬੂਰੀ ਦੀ ਹਾਲਤ ਵਿਚ ਵੀ ਲੇਖਕ ਆਪਣੇ ਪਾਤਰਾਂ ਦੀ ਵਾਰਤਾਲਾਪ ਅਸੰਤੁਲਤ ਨਹੀਂ ਹੋਣ ਦਿੰਦਾ।ਇਕ ਹੋਰ ਕਹਾਣੀ 'ਗਊ' ਵਿਚ ਇਕ ਪਾਤਰ ਨਾਇਕਾ ਨੂੰ ਆਪਣਾ ਦੁੱਖ ਦੱਸਦੀ ਹੋਈ ਕਹਿੰਦੀ ਹੈ :

> *''ਮੈਂ ਬੜੀ ਦੁਖੀ ਹਾਂ।ਇਕ ਮੁੰਡੇ ਨਾਲ ਕਿੰਨੇ ਚਿਰ ਤੋਂ ਮੇਰੀ ਦੋਸਤੀ ਹੈ।ਰੋਜ਼ ਮੇਰੇ ਕਮਰੇ ਵਿਚ ਆ ਵੜਦਾ ਹੈ।ਵਿਆਹ ਕਰਦਾ ਵੀ ਨਹੀਂ ਤੇ ਨਾਂਹ ਵੀ ਨਹੀਂ ਕਰਦਾ।ਸਮਝ ਨਹੀਂ ਆਉਂਦੀ ਕੀ ਕਰਾਂ ? ਕਿਧਰ ਜਾਵਾਂ ? ਕਿਸ ਕੋਲ ਰੋਵਾਂ।*

ਇਸ ਵਾਰਤਾਲਾਪ ਦੇ ਵਾਕੰਸ਼ ਤੇ ਵਾਕ ਬੜੇ ਭਾਵ ਪੂਰਤ ਹਨ ਜੋ ਕਿ ਪਾਤਰ ਦੀ ਲਾਚਾਰੀ, ਬੇਸਹਾਰਾ ਹੋਣ ਅਤੇ ਮਜ਼ਬੂਰੀ ਜਿਹੇ ਡੂੰਘੇ ਭਾਵਾਂ ਨੂੰ ਵਿਅਕਤ ਕਰਨ ਦੇ ਸਮਰੱਥ ਹਨ।ਇਸੇ ਲਈ ਕਿਹਾ ਜਾਂਦਾ ਹੈ ਕਿ ਸਮਰੱਥਾ ਭਾਸ਼ਾ ਵਿਚ ਨਹੀਂ

ਬਲਕਿ ਉਸ ਨੂੰ ਬੋਲਣਹਾਰਿਆਂ ਵਿਚ ਹੁੰਦੀ ਹੈ।ਮਨੁੱਖ ਦਾ ਡੂੰਘਾ ਅਨੁਭਵ ਉਸ ਨੂੰ ਸਮਰੱਥ ਭਾਸ਼ਾ ਬੋਲਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ।ਵਿਰਕ ਦਾ ਯਥਾਰਥ-ਬੋਧ ਉਹ ਅਨੁਭਵ ਹੈ ਜਿਹੜਾ ਖਾਸ ਮਨੁੱਖੀ ਹਾਲਤਾਂ ਵਿਚ ਸਾਹਮਣੇ ਆਉਣ ਵਾਲੇ ਸੰਬੰਧਾਂ ਨੂੰ ਅਨੁਕੂਲ ਭਾਸ਼ਾ ਵਿਚ ਪੇਸ਼ ਕਰਨ ਦੀ ਸਮਰੱਥਾ ਬਖ਼ਸ਼ਦਾ ਹੈ।ਸਿੱਟੇ ਵਜੋਂ ਉਸ ਦੀ ਭਾਸ਼ਾ-ਸ਼ੈਲੀ ਵਿਚ ਸੁਭਾਵਕਤਾ ਆ ਜਾਂਦੀ ਹੈ।ਇਸ ਸੁਭਾਵਕਤਾ ਵਿਚ ਜਿਥੇ ਸਹਿਜ ਸੁਭਾ ਹੀ ਅਪਣੱਤ ਦਾ ਨਿੱਘ ਹੁੰਦਾ ਹੈ।ਉਥੇ ਇਕ ਖਿਚ ਵੀ ਹੁੰਦੀ ਹੈ।ਕਹਾਣੀ ਕਲਾ ਦੀ ਦ੍ਰਿਸ਼ਟੀ ਤੋਂ ਵੀ ਇਹ ਸਹੀ ਹੈ।ਕਹਾਣੀ ਦੀ ਰਚਨਾ ਸਮੱਗਰੀ ਜੀਵਨ ਦੇ ਜਿਸ ਖੇਤਰ ਨਾਲ ਸੰਬੰਧਿਤ ਹੋਵੇ, ਉਸਦੀ ਪੇਸ਼ਕਾਰੀ ਲਈ ਵਰਤੀ ਗਈ ਭਾਸ਼ਾ ਵੀ ਉਸੇ ਖੇਤਰ ਦੀ ਹੋਣੀ ਚਾਹੀਦੀ ਹੈ।ਇਉਂ ਇਕ ਤਾਂ ਲੇਖਕ ਅਤੇ ਰਚਨਾ ਵਿਚਕਾਰ ਲੋੜੀਂਦੀ ਕਲਾ-ਵਿਥ ਦਾ ਪ੍ਰਭਾਵ ਪੈ ਜਾਂਦਾ ਹੈ ਦੂਜਾ ਕਹਾਣੀ ਵਿਚ ਸਥਿਤੀ ਦਾ ਹਰੇਕ ਪਹਿਲੂ ਸਥਾਨਕ ਰੰਗਤ ਫੜ ਲੈਂਦਾ ਹੈ।ਫਲਸਰੂਪ ਕਹਾਣੀ ਮਨਘੜਤ ਨਹੀਂ ਲੱਗਦੀ ਬਲਕਿ ਯਥਾਰਥਕ ਪ੍ਰਤੀਤ ਹੋਣ ਲਗ ਪੈਂਦੀ ਹੈ।ਵਿਰਕ ਇਸ ਪੱਖੋਂ ਬੜਾ ਸੁਚੇਤ ਕਹਾਣੀਕਾਰ ਹੈ।ਉਸਦੀਆਂ ਕਹਾਣੀਆਂ ਦੇ ਪਾਠਕ ਪ੍ਰਸਥਿਤੀ ਅਤੇ ਪ੍ਰਸੰਗ ਦੇ ਅਨੁਕੂਲ ਭਾਸ਼ਾ ਬੋਲਦੇ ਹਨ।ਪਾਤਰ ਜਿਸ ਪ੍ਰਕਾਰ ਦੇ ਵਾਤਾਵਰਣ, ਦੇ ਸ਼-ਕਾਲ ਵਿਚ ਵਿਚਰ ਰਿਹਾ ਹੁੰਦਾ ਹੈ ਅਤੇ ਜਿਸ ਤਰ੍ਹਾਂ ਦੀ ਭਾਵ-ਸਥਿਤੀ ਵਿਚੋਂ ਲੰਘ ਰਿਹਾ ਹੁੰਦਾ ਹੈ ਠੀਕ ਉਸੇ ਤਰ੍ਹਾਂ ਦੀ ਭਾਸ਼ਾ ਬੋਲਦਾ ਹੈ।ਇਸ ਪ੍ਰਸੰਗ ਵਿਚ ਉਸਦੀਆਂ ਕਹਾਣੀਆਂ **ਛਾਹ ਵੇਲਾ** ਅਤੇ **ਪਰ ਨਾਰੀ** ਦੀ ਭਾਸ਼ਾ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।ਦੋਹਾਂ ਕਹਾਣੀਆਂ ਦਾ ਕੇਂਦਰੀ ਥੀਮ ਪਿਆਰ ਹੈ।ਪਹਿਲੀ ਕਹਾਣੀ ਦਾ ਕੇਂਦਰੀ ਪਾਤਰ ਤੇਜੂ ਪਿੰਡ ਦਾ ਰਹਿਣ ਵਾਲਾ ਇਕ ਅਨਪੜ੍ਹ ਕਾਮਾ ਹੈ।ਤੇਜੂ ਪਿੰਡ ਦੀ ਇਕ ਵਿਆਹੀ-ਵਰ੍ਹੀ ਔਰਤ, ਕਰਤਾਰੀ ਵੱਲ ਆਪਣੇ ਪਿਆਰ ਦਾ ਇਜ਼ਹਾਰ ਕਰਨ ਲਈ ਕਿਸੇ ਤਰ੍ਹਾਂ ਦੀ ਚੁਸਤ ਭਾਸ਼ਾ ਦੀ ਵਰਤੋਂ ਨਹੀਂ ਕਰਦਾ ਕਿਉਂਕਿ ਅਜਿਹਾ ਉਹ ਕਰ ਹੀ ਨਹੀਂ ਸਕਦਾ।ਪਰ ਇਸ ਦੇ ਉਲਟ 'ਪਰ ਨਾਰੀ' ਦਾ ਪਾਤਰ ਜਗਜੀਤ ਆਪਣੇ ਪਿਆਰ ਪ੍ਰਗਟਾਵੇ ਲਈ ਦਿਖਾਵਟੀ ਭਾਸ਼ਾ ਦੀ ਵਰਤੋਂ ਕਰਦਾ ਹੈ।ਅਜਿਹੀ ਭਾਸ਼ਾ ਉਸ ਦੇ ਵਾਤਾਵਰਨ ਦੇ ਅਨੁਸਾਰ ਵੀ ਹੈ ਅਤੇ ਉਸ ਦੇ ਮਾਨਸਿਕ ਤਣਾਓ ਦੇ ਹਾਣ ਦੀ ਵੀ ਹੈ।

ਭਾਸ਼ਾ, ਸਮਾਜੀ-ਭਾਸਾਵਿਗਿਆਨੀ ਸਥਿਤੀਆਂ ਅਨੁਸਾਰ ਬਦਲਦੀ ਰਹਿੰਦੀ ਹੈ।ਉਮਰ ਰੁਤਬਾ, ਲਿੰਗ, ਕਿੱਤਾ ਤੇ ਵਾਤਾਵਰਣ ਆਦਿ ਇਸ ਦੇ ਅਨੇਕਾਂ ਕਾਰਨ ਹੁੰਦੇ ਹਨ।ਸਾਹਿਤ ਦੇ ਪਾਤਰ ਆਪਣੀ ਸਮਾਜਿਕ ਸਥਿਤੀ ਅਨੁਸਾਰ ਹੀ ਭਾਸ਼ਾ

ਬੋਲਦੇ ਹਨ।ਇਉਂ ਰਚਨਾ ਦੇ ਰੂਪ-ਵਿਧਾਨ ਵਿਚ ਸਥਾਨਕ ਰੰਗਣ ਦਾ ਗੁਣ ਭਰ ਜਾਂਦਾ ਹੈ।ਵਿਰਕ ਇਸ ਤੱਥ ਤੋਂ ਭਲੀ-ਭਾਂਤ ਜਾਣੂ ਹੈ ਕਿ ਪਾਤਰ ਦੀ ਸੰਵਾਦਕ ਭਾਸ਼ਾ, ਲੇਖਕ ਦੀ ਭਾਸ਼ਾ ਤੋਂ ਵੱਖਰੀ ਸਥਾਨਕ ਰੰਗਣ ਵਾਲੀ ਹੁੰਦੀ ਹੈ।ਪ੍ਰਮਾਣ ਸਰੂਪ ਵਿਭਿੰਨ ਕਹਾਣੀਆਂ ਵਿਚੋਂ ਵਾਰਤਾਲਾਪ ਪੇਸ਼ ਹਨ :

0 ਕਾਈ ਚਾਚੀ ਤੇ ਫੜੀ ਆਵੇਂ ਆ ਮੇਰੇ ਲਈ ਓਥੋਂ।ਧੱਕੋ ਧਕੀ ਗੱਡੀ ਵਿਚ ਸੁੱਟ ਲਿਆਉਂਦੋਂ, ਫੌਜੀਆਂ ਨੂੰ ਕੌਣ ਪੁੱਛਦਾ ਏ। (ਚਾਚਾ)

0 ਮੈਨੂੰ ਤੇ ਪੱਕਾ ਯਕੀਨ ਸੀ।ਕੱਲ ਲੇਡੀਜ਼ ਕਲੱਬ ਵਿਚ ਗੱਲ ਛਿੜੀ। ਮੈਂ ਕਿਹਾ ਜਗਜੀਤ ਸਿੰਘ ਹੋ ਜਾਣਗੇ, ਕੰਵਲ ਕਹਿਣ ਲੱਗੀ ਨਹੀਂ ਤੂੰ ਵਿਸ਼ਫੁੱਲ ਥਿੰਕਿੰਗ ਕਰ ਰਹੀ ਏ। (ਪਰਨਾਰੀ)

0 ਆਪਣਾ ਵੱਤਰ ਤੇ ਨਹੀਂ ਭਲਕੇ ਕੋਈ ਤੇਜਾ ਸਿਹਾਂ ? (ਛਾਹ ਵੇਲਾ)

0 'ਆਜ ਤੁਮ ਹੀ ਚਲਾਓ ਯੂਸਫ਼' ਤੇ ਮੁਨੀਰ ਪਿਛਲੀ ਸੀਟ ਦਾ ਦਰਵਾਜ਼ਾ ਖੋਲ ਕੇ ਵਿਚ ਢਹਿ ਗਿਆ। (ਕਿਸੇ ਹੋਰ ਨੂੰ ਵੀ)

0 ਪਿਆਰੇ ਭਗਵੰਤ ਜੀ, ਤੁਹਾਡੀ ਚਿੱਠੀ ਮਿਲੀ ਹੈ।ਮੇਰੇ ਲਈ ਇਹ ਜ਼ਿੰਦਗੀ ਦਾ ਇਕ ਅਨੋਖਾ ਤਜ਼ੁਰਬਾ ਹੈ।ਅੱਜ ਤੱਕ ਕਦੀ ਕਿਸੇ ਮੁੰਡੇ ਨੇ ਮੇਰੇ ਸਾਹਮਣੇ ਆਪਣਾ ਦਿਲ ਨਹੀਂ ਸੀ ਖੋਲ੍ਹਿਆ। (ਚਾਰ ਚਿਠੀਆਂ)

0 ''ਬੇਬੇ ਦਵਾਈ ਦਾ ਹਾੜ੍ਹਾ ਪੀਣ ਦਾ ਵਕਤ ਹੋ ਗਿਆ ਏ।'' (ਪਾਪਣ)

ਭਾਸ਼ਾ ਦੇ ਇਹ ਨਮੂਨੇ ਕਿਸੇ ਉਚੇਚ ਨਾਲ ਨਹੀਂ ਲੱਭੇ ਗਏ ਬਲਕਿ ਬਿਨ੍ਹਾਂ ਕਿਸੇ ਤਰੱਦਦ ਤੋਂ ਸਹਿਜ-ਭਾ ਹੀ ਉਤਾਰ ਲਏ ਗਏ ਹਨ।ਇਸ ਭਾਸ਼ਾ ਵਿਚ ਉਪਭਾਸ਼ਾਈ ਰੰਗਣ ਵੀ ਹੈ, ਪੇਂਡੂ ਮੁਹਾਵਰਾ ਵੀ ਹੈ, ਸ਼ਹਿਰੀ ਵੱਖਰਤਾ ਵੀ ਹੈ ਅਤੇ ਚਿੱਠੀ ਸ਼ੈਲੀ ਵੀ ਹੈ।ਇਸ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਦੀ ਤਤਸਮ ਸ਼ਬਦਾਵਲੀ ਵੀ ਹੈ।ਸਪੱਸ਼ਟ ਹੈ ਕਿ ਵਿਰਕ ਵਾਤਾਵਰਨ ਅਨੁਸਾਰ ਸ਼ਬਦਾਂ, ਵਾਕਾਂ ਤੇ ਵਾਕੰਸ਼ਾਂ ਦੀ ਵਰਤੋਂ ਕਰਦਾ ਹੈ।ਵਿਰਕ ਦੇ ਪੇਂਡੂ ਪਾਠਕ ਜਿਥੇ ਸੰਕੇਤਕ ਗੱਲਬਾਤ ਕਰਦੇ ਹਨ, ਉਥੇ ਸ਼ਹਿਰੀ ਪਾਤਰ ਨਿਰਸੰਕੋਚ ਹੋ ਕੇ, ਭਾਵ ਵਿਅਕਤ ਕਰਦੇ ਹਨ।ਮਿਸਾਲ ਵਜੋਂ 'ਛਾਹ ਵੇਲਾ' ਕਹਾਣੀ ਵਿਚ ਤੇਜੂ ਤੇ ਕਰਤਾਰੀ ਦੀ ਵਾਤਰਾਲਾਪ ਵੇਖਣ-ਯੋਗ ਹੈ :

''ਭਾਬੀ ਲੱਸੀ ਦੀ ਬਾਟੀ ਨਹੀਉਂ ਇਕ ਵਾਧੂ, ਤੇਰੀ ਲੱਸੀ ਬੜੀ ਮਿੱਠੀ ਹੁੰਦੀ ਏ।'

"ਲਏ ਖਾਂ, ਤੈਨੂੰ ਅਸਾਂ ਵਧੀ ਦੇਣੀ ਏ, ਜਿੰਨੀ ਮਰਜ਼ੀ ਆ ਪੀ।"

ਇਥੇ ਦੋਹਾਂ ਪਾਤਰਾਂ ਨੇ ਲੱਸੀ ਦੇ ਜ਼ਰੀਏ ਆਪਣੀ ਅਪਣੱਤ ਦਾ ਇਜ਼ਹਾਰ ਬੜੀ ਖ਼ੂਬਸੂਰਤੀ ਨਾਲ ਕਰ ਦਿੱਤਾ ਹੈ।ਇਸੇ ਤਰ੍ਹਾਂ 'ਮੂਹਲੀ ਜਿੱਡੇ ਡੌਲੇ' ਕਹਾਣੀ ਦਾ ਪਾਤਰ ਖੜਕੂ ਆਪਣੇ ਪਿਆਰ ਦਾ ਪ੍ਰਗਟਾਵਾ ਕਰਨਾ ਨਹੀਂ ਜਾਣਦਾ।ਪਰ ਜਦੋਂ ਬੰਨਸੋ ਇਹ ਕਹਿੰਦੀ ਹੈ ਕਿ ਇਸ ਵਾਰ ਜਦੋਂ ਖੜਕੂ ਦੀ ਬੇਬੇ ਆਈ ਤਾਂ ਉਹ ਵੀ ਉਸ ਦੇ ਪਿੰਡ ਆਵੇਗੀ।ਏਨੀ ਗੱਲ ਨਾਲ ਹੀ ਖੜਕੂ ਦੇ ਮਨ ਵਿਚ ਖ਼ੁਸ਼ੀ ਦੀ ਲਹਿਰ ਦੌੜਦੀ ਹੈ ਤੇ ਉਹ ਖ਼ੁਸ਼ੀ ਦੇ ਭਾਵਾਂ ਨੂੰ ਇਉਂ ਪ੍ਰਗਟਾਉਂਦਾ ਹੈ :

'ਤੂੰ ਆਵੇਂ ਤੇ ਗੱਡੀ ਐਂ ਹਵੇਲੀ ਦੇ ਬੂਹੇ ਅੱਗੇ ਖਲ੍ਹਾਰ ਲਈਏ।'

ਇਸ ਸਧਾਰਨ ਜਿਹੇ ਵਾਕ ਨਾਲ ਹੀ ਨਾਇਕ, ਆਪਣੇ ਚਾਅ ਦਾ ਪ੍ਰਗਟਾਵਾ ਕਰ ਲੈਂਦਾ ਹੈ।ਪਰ ਦੂਜੇ ਪਾਸੇ ਕਹਾਣੀ 'ਹੁਣ ਮੈਂ ਬਹੁਤ ਖ਼ੁਸ਼ ਹਾਂ' ਦੇ ਪਾਤਰ ਸ਼ਹਿਰੀ ਸਨ।ਇਸ ਕਹਾਣੀ ਵਿਚ ਨਾਇਕ, ਨਾਇਕਾ ਨੂੰ ਕਹਿੰਦਾ ਹੈ।

'ਸ਼ਰਾਬੀ ਕਿਸੇ ਘਾਟ ਕਰਕੇ ਹੀ ਬਹੁਤੀ ਸ਼ਰਾਬ ਪੀਂਦੇ ਨੇ, ਤੂੰ ਉਸ ਨੂੰ ਪਿਆਰ ਕਰਕੇ, ਉਸ ਦੀ ਘਾਟ ਪੂਰੀ ਕਰ ਦੇਹ।'

ਇਸੇ ਤਰ੍ਹਾਂ 'ਗਊ' ਕਹਾਣੀ ਦੀ ਨਾਇਕਾ ਆਪਣੇ ਦੋਸਤ ਮਰਦ ਨੂੰ ਕਹਿੰਦੀ ਹੈ:

'ਅਸਲੀ ਸੱਚਾ ਪਿਆਰ ਤੇ ਮੈਂ ਸਕੂਲ ਵਿਚ ਪੜ੍ਹਦਿਆਂ ਇਕ ਮਾਸਟਰ ਨਾਲ ਹੀ ਕੀਤਾ।'

ਵਿਰਕ ਅਜਿਹੀ ਭਾਸ਼ਾ ਸ਼ਹਿਰੀ ਪਾਤਰਾਂ ਦੇ ਮੂੰਹੋਂ ਹੀ ਬੁਲਵਾਉਂਦਾ ਹੈ, ਪੇਂਡੂ ਪਾਤਰ ਤਾਂ ਅਜਿਹੀਆਂ ਗੱਲਾਂ ਨੂੰ 'ਕੋਝੇ ਦ੍ਰਿਸ਼' ਕਹਿ ਕੇ ਹੀ ਕੰਮ ਸਾਰ ਦਿੰਦੇ ਹਨ।ਪਾਤਰਾਂ ਦੀ ਭਾਸ਼ਾ ਹੀ ਨਹੀਂ, ਵਿਰਕ ਦੀ ਆਪਣੀ ਭਾਸ਼ਾ ਵਿਚ ਵੀ ਸਥਿਤੀ ਦੇ ਸੁਭਾ ਅਨੁਸਾਰ ਤਬਦੀਲੀ ਆ ਜਾਂਦੀ ਹੈ।ਇਸ ਦਾ ਕਾਰਨ ਇਹ ਵੀ ਹੈ ਕਿ ਵਿਰਕ ਵਿਗਿਆਨਕ ਦ੍ਰਿਸ਼ਟੀ ਦਾ ਧਾਰਨੀ ਹੈ।ਵਿਗਿਆਨ ਨੂੰ ਉਹ 'ਮਨੁੱਖਤਾ ਦੇ ਪੰਧ ਦੀ ਸ਼ਾਹਰਾਹ ਉਤੇ ਇਕ ਵੱਡਾ ਪੜਾ' ਸਮਝਦਾ ਹੈ।ਇਸੇ ਲਈ ਉਹ ਆਪਣੀ ਭਾਸ਼ਾ ਅਤੇ ਭਾਸ਼ਾ-ਸ਼ੈਲੀ ਵਿਚ ਉਪਭਾਵਕਤਾ ਦਾ ਅੰਸ਼ ਨਹੀਂ ਆਉਣ ਦਿੰਦਾ।

(4)

ਵਿਰਕ ਦੀ ਭਾਸ਼ਾ-ਸ਼ੈਲੀ ਵਿਚ ਉਪਭਾਵਕਤਾ ਨੂੰ ਘਟਾਉਣ ਵਾਲੀ ਅਤੇ ਵਿਸ਼ੇ -ਵਸ਼ਤੂ ਨੂੰ ਸਹਿਜ-ਸਧਾਰਨ ਰੂਪ ਵਿਚ ਪੇਸ਼ ਕਰਨ ਵਾਲੀ ਇਕ ਹੋਰ ਜੁਗਤ 'ਵਿਅੰਗ' ਹੈ।ਵਿਅੰਗ ਸਥਿਤੀ ਦੀ ਨਿੰਦਿਆ ਦੀ ਹੀ ਜੁਗਤ ਨਹੀਂ, ਸਥਿਤੀ ਦੇ ਵਿਰੋਧਾਭਾਸ ਨੂੰ ਉਜਾਗਰ ਕਰਨ ਦੀ ਵੀ ਵਿਧੀ ਹੈ ਜਿਸ ਨੂੰ ਕਟਾਖ ਵੀ ਕਿਹਾ ਜਾ ਸਕਦਾ ਹੈ।ਟੀ.ਆਰ. ਵਿਨੋਦ (1993 : 52) ਅਨੁਸਾਰ 'ਵਿਅੰਗ, ਕਟਾਖ ਉਦੋਂ ਬਣਦਾ ਹੈ ਜਦੋਂ ਲੇਖਕ ਕੋਲ 'ਦਿਸਦੇ ਵਿਚੋਂ, 'ਲੁਕਵੇਂ' ਦੀ ਪਛਾਣ ਕਰ ਲੈਣ ਦੀ ਸਮਰੱਥਾ ਹੋਵੇ ਅਤੇ ਸਥਿਤੀ ਪ੍ਰਤੀ ਸੁਹਿਰਦ ਪਹੁੰਚ ਹੋਵੇ।'' ਉਤਮ ਸਾਹਿਤ ਰਚਨਾ ਵਿਚ ਲੁਪਤ ਚਮਤਕਾਰੀ ਤੱਤ ਹੁੰਦੇ ਹਨ ਜੋ ਉਸ ਦੇ ਨਿਵੇਕਲੇਪਣ ਦਾ ਆਧਾਰ ਬਣਦੇ ਹਨ।ਸਾਡੀ ਜਾਚੇ ਇਹੀ ਕਿਸੇ ਬਿਆਨੀ ਜਾ ਰਹੀ ਸਥਿਤੀ ਤੇ ਵਿਵੇਕੀ ਤਫ਼ਸਰਾ ਕਰਦੇ ਹਨ।ਚੈਖਵ ਤੇ ਮੰਟੋ ਵਾਂਗ ਵਿਰਕ ਵੀ ਅਜਿਹੇ ਵਿਵੇਕੀ ਤਫ਼ਸਰੇ ਦਾ ਮਾਹਿਰ ਹੈ।ਵਿਰਕ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਫਿਕਰੇ ਦਾ ਜ਼ਾਹਰਾ ਅਰਥ ਕੁਝ ਹੋਰ ਹੁੰਦਾ ਹੈ ਪਰ ਤਫ਼ਸਰਾ ਫਿਕਰੇ ਦੀਆਂ ਤੈਹਾਂ ਵਿਚ ਲੁਪਤ ਹੁੰਦਾ ਹੈ।ਮਿਸਾਲ ਵਜੋਂ 'ਉਜਾੜ' ਕਹਾਣੀ ਵਿਚ ਲੇਖਕ ਨਾਇਕ ਆਲਾ ਸਿੰਘ ਦੀ ਸਮਝ ਬਾਰੇ ਲਿਖਦਾ ਹੈ :

> *'ਪਤਾ ਨਹੀਂ ਕਿਉਂ ਆਲਾ ਸਿੰਘ ਨੂੰ ਅਖ਼ਬਾਰ ਦੀ ਦੂਜਿਆ ਨਾਲੋਂ ਕੁਝ ਘੱਟ ਸਮਝ ਆਉਂਦੀ ਸੀ।'*

ਇਥੇ ਲੇਖਕ ਆਲਾ ਸਿੰਘ ਦੀ ਮਨੋਦਸ਼ਾ ਤੇ ਵਿਅੰਗ ਕਰਦਾ ਹੈ ਕਿ ਪੁਰਾਤਨ ਰਵਾਇਤਾਂ ਅਤੇ ਵਿਚਾਰਾਂ ਦੀ ਕੱਟੜਤਾ ਦੀ ਆੜ ਹੇਠ ਆਲਾ ਸਿੰਘ ਨਵੇਂ ਵਿਚਾਰਾਂ ਨੂੰ ਜਾਣਨਾ ਹੀ ਨਹੀਂ ਚਾਹੁੰਦਾ।ਇਸੇ ਤਰ੍ਹਾਂ 'ਮਾਵਾਂ ਧੀਆਂ ਕਹਾਣੀ ਵਿਚ ਜਮਾਂਦਾਰਨੀ ਬਾਰੇ ਨਾਇਕ ਦੇ ਵਿਚਾਰ ਇਸ ਤਰ੍ਹਾਂ ਦੇ ਹਨ :

> *'ਉਦੋਂ ਉਹ ਜਵਾਨ ਸੀ ਜਿੰਨੀਆਂ ਕੁ ਚੂਹੜੀਆਂ ਹੁੰਦੀਆਂ ਨੇ'*

ਇਸ ਵਾਕ ਦੁਆਰਾ ਲੇਖਕ ਹੇਠਲੀ ਸ਼੍ਰੇਣੀ ਦੀਆਂ ਮਿਹਨਤਕਸ਼ ਔਰਤਾਂ ਦੀ ਸੁੰਦਰਤਾ ਤੇ ਵਿਅੰਗ ਕਰਦਾ ਹੈ,ਜਿਹੜੀਆਂ ਬੀਬੀਆਂ ਦੇ ਲੱਥੇ ਕੱਪੜੇ ਪਾਉਂਦੀਆਂ ਹਨ ਅਤੇ ਉਨ੍ਹਾਂ ਦੀਆਂ ਦਿੱਤੀਆਂ ਲਿਪਸਟਿਕ-ਕਰੀਮਾਂ ਲਗਾ ਕੇ ਫਿਲਮਾਂ ਵੇਖਣ

ਜਾਂਦੀਆਂ ਹਨ।ਵਿਰਕ ਨੇ ਕਈ ਕਹਾਣੀਆਂ ਵਿਚ ਸਮਾਜਿਕ ਅਸਮਾਨਤਾ ਤੇ ਵੀ ਵਿਅੰਗ ਕੀਤਾ ਹੈ।ਇਸ ਤਰ੍ਹਾਂ ਦੇ ਵਿਅੰਗ 'ਲੱਖਾਂ ਕਰੋੜਾਂ ਰੁਪਿਆ', 'ਪੰਜਾਹ ਰੁਪਏ 'ਕੌਢੀ ਬਦਲੇ ਜਾਏ', 'ਮੱਛਰ ਕੁੱਤਾ ਤੇ ਹੱਡੀ' ਅਤੇ 'ਬਿਗਾਨੀ ਚੀਜ਼' ਆਦਿ ਕਹਾਣੀਆਂ ਵਿਚ ਮਿਲਦੇ ਹਨ।ਪਰ ਜਿਥੇ ਵਿਰਕ ਨੂੰ ਘੋਰ ਸਮਾਜਿਕ ਅਨਿਆਂ ਵਿਖਾਈ ਦਿੰਦਾ ਹੈ, ਉਥੇ ਉਸ ਦਾ ਵਿਅੰਗ ਵੀ ਕਠੋਰ ਰੂਪ ਧਾਰਨ ਕਰ ਲੈਂਦਾ ਹੈ।ਇਉਂ ਵਿਰਕ ਕਿਤੇ ਮਜ਼ਾਕੀਆ ਵਿਅੰਗ ਕਰਦਾ ਹੈ ਕਿਤੇ ਖੰਡਨੀ ਅਤੇ ਕਿਤੇ ਰੋਹ ਪੂਰਨ ਵਿਅੰਗ ਵੀ ਕਰਦਾ ਹੈ।ਮਜ਼ਾਕੀਆ ਵਿਅੰਗ ਦੀ ਸਭ ਤੋਂ ਉਤਮ ਉਦਾਹਰਨ ਕਹਾਣੀ 'ਓਪਰੀ ਧਰਤੀ' ਹੈ।ਇਸ ਕਹਾਣੀ ਦੇ ਕਈ ਵਾਕ ਕਟਾਖ਼ ਨਾਲ ਭਰੇ ਪਏ ਹਨ।ਇਸ ਕਹਾਣੀ ਦਾ ਮੁੱਖ ਪਾਤਰ ਹਜ਼ਾਰਾ ਸਿੰਘ ਪੱਕਾ ਚੋਰ ਹੈ।ਉਸ ਨੂੰ ਆਲੇ-ਦੁਆਲੇ ਦੀ ਪੂਰੀ ਸਮਝ ਹੈ।ਕਹਾਣੀਕਾਰ ਦੇ ਆਪਣੇ ਸ਼ਬਦਾਂ ਵਿਚ :

> *'ਜਿਸ ਤਰ੍ਹਾਂ ਫੁਲ-ਫੁਲ ਤੋਂ ਰਸ ਲੈਣ ਵਾਲਾ ਭੌਰਾ ਸਾਰੇ ਬਾਗ ਨੂੰ ਆਪਣਾ ਸਮਝਦਾ ਹੈ ਜਾਂ ਜਿਸ ਤਰ੍ਹਾਂ ਨਾਨਕੇ ਪਿੰਡ ਆਇਆ ਮੁੰਡਾ ਪਿੰਡ ਦੇ ਸਾਰੇ ਘਰਾਂ ਨੂੰ ਆਪਣਾ ਘਰ ਸਮਝਦਾ ਹੈ ਤੇ ਉਨ੍ਹਾਂ ਨੂੰ ਪਿਆਰ ਕਰਦਾ ਹੈ, ਇਸੇ ਤਰ੍ਹਾਂ ਹਜ਼ਾਰਾ ਸਿੰਘ ਨੂੰ ਸਾਰੇ ਪਿੰਡ ਪਿਆਰੇ ਹਨ।'*

ਪਰ ਜਦੋਂ ਪਾਕਿਸਤਾਨ ਬਣਿਆ ਹਜ਼ਾਰਾ ਸਿੰਘ ਕਰਨਾਲ ਆ ਗਿਆ।ਇਥੇ ਹੋਰਨਾਂ ਲੋਕਾਂ ਵਾਂਗ ਉਹ ਵੀ ਕੰਮ-ਕਾਰ ਤੋਂ ਵਿਹਲਾ ਹੈ।ਕਹਾਣੀਕਾਰ ਉਸ ਨੂੰ ਕਹਿੰਦਾ ਹੈ :

> *'ਚਾਚਾ ਬੰਦੇ ਦੇ ਪੱਲੇ ਕਸਬ ਹੋਵੇ ਤਾਂ ਉਹ ਆਪਣਾ ਢਿੱਡ ਤਾਂ ਭਰ ਹੀ ਸਕਦਾ ਏ ਨਾ।'ਅੱਗੋਂ ਹਜ਼ਾਰਾਂ ਸਿੰਘ ਕਹਿਣ ਲੱਗਾ, 'ਹੱਛਾ ! ਤੂੰ ਉਹ ਗੱਲ ਕਰਨਾ ਏਂ, ਨਹੀਂ ਨਹੀਂ, ਉਹ ਕੋਈ ਗੱਲ ਨਹੀਂ। ਏਸ ਧਰਤੀ ਤੇ ਤਾਂ ਅਸਲੋਂ ਮੇਰਾ ਪੈਰ ਈ ਨਹੀਂ ਉਠਦਾ, ਚੋਰੀ ਮੈਂ ਕੀ ਕਰਨੀ ਏਂ।'*

ਇਹ ਹੈ ਵਿਵੇਕੀ ਤਫ਼ਸਰਾ ! ਫਿਕਰੇ ਦਾ ਜ਼ਾਹਰਾ ਅਰਥ ਕੁਝ ਹੋਰ ਹੈ ਪਰ ਤਫ਼ਸਰਾ ਫਿਕਰੇ ਦੀਆਂ ਤੈਹਾਂ ਵਿਚ ਲੁਪਤ ਹੈ।ਓਪਰੀ ਧਰਤੀ ਦਾ ਦਰਦ ਦੱਸਣ ਵਾਲੀ ਸ਼ਾਇਦ ਇਹ ਸਾਹਿਤ ਦੀ ਸਭ ਤੋਂ ਵਧੀਆ ਕਹਾਣੀ ਹੈ।ਸੱਚੀ ਗੱਲ ਤਾਂ ਇਹ ਹੈ ਕਿ ਇਹ ਮਜ਼ਾਕੀਆ ਵਿਅੰਗ ਸੂਖਮ ਰਮਜ਼ ਬਣ ਗਿਆ ਹੈ।ਇਸ ਤਰ੍ਹਾਂ

ਸੂਖਮ ਰਮਜ਼ਾਂ ਭਰਪੂਰ ਭਾਸ਼ਾ ਦੀ ਵਰਤੋਂ ਵਿਰਕ ਬਹੁਤ ਥਾਵਾਂ ਤੇ ਕਰਦਾ ਹੈ।ਗਲਪ ਵਿਚ ਇਹੋ ਤੱਤ ਲੇਖਕ ਦਾ ਪ੍ਰਵਚਨ ਬਣਦਾ ਹੈ।ਇਹ ਵਿਅੰਗ ਵਿਰਕ ਦੀ ਭਾਸ਼ਾ-ਸ਼ੈਲੀ ਦਾ ਅਜਿਹਾ ਲੱਛਣ ਹੈ ਜੋ ਉਸ ਦੇ ਦ੍ਰਿਸ਼ਟੀਕੋਣ ਦਾ ਵਾਹਕ ਹੈ।ਅਜਿਹਾ ਸੁਹਿਰਦ ਵਿਅੰਗ ਸਥਿਤੀ ਦੀ ਜਕੜ ਵਿਚ ਕਾਰਜਸ਼ੀਲ ਪਾਤਰਾਂ ਨੂੰ ਸਜ਼ਾ ਦਿੰਦਾ ਹੈ ਪਰ ਪੀੜ ਮਨਾਉਂਦਾ ਹੈ।ਵਿਰਕ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਉਸ ਦਾ ਦ੍ਰਿਸ਼ਟੀਕੋਣ ਵਿਅੰਗਾਤਮਕ ਭਾਸ਼ਾ-ਸ਼ੈਲੀ ਦੁਆਰਾ ਹੀ ਸਾਕਾਰ ਹੋਇਆ ਹੈ।

(5)

ਵਿਰਕ ਦੀ ਭਾਸ਼ਾ-ਸ਼ੈਲੀ ਦਾ ਅਗਲਾ ਉਘੜਵਾਂ ਲੱਛਣ ਪ੍ਰਤੀਕਾਂ ਦੀ ਢੁਕਵੀਂ ਵਰਤੋਂ ਹੈ।ਉਸ ਨੇ ਪ੍ਰਤੀਕਾਤਮਕ ਭਾਸ਼ਾ-ਸ਼ੈਲੀ ਦੀ ਵਰਤੋਂ ਬਾਖੂਬ ਕੀਤੀ ਹੈ।ਦਰਅਸਲ ਪ੍ਰਤੀਕ ਸਿਰਜਣਾ ਸਾਹਿਤਕਾਰ ਦੀ ਉਚੇਰੀ ਮੱਤ ਦੀ ਲਾਜ਼ਮੀ ਕਿਰਿਆ ਹੈ।ਪ੍ਰਤੀਕਾਂ ਦੀ ਵਰਤੋਂ ਵਿਸ਼ਾਲ ਅਤੇ ਡੂੰਘੇ ਅਨੁਭਵ ਉਤੇ ਨਿਰਭਰ ਕਰਦੀ ਹੈ।ਇਸ ਪੱਖੋਂ ਵਿਰਕ ਦੀਆਂ ਕਹਾਣੀਆਂ ਵਿਚਲਾ ਪ੍ਰਤੀਕ-ਪ੍ਰਬੰਧ, ਉਸਦੀ ਉਚੇਰੀ ਮੱਤ ਦਾ ਲਖਾਇਕ ਹੈ।ਉਸ ਦੀਆਂ ਕਈ ਕਹਾਣੀਆਂ ਵਿਚਲੀ ਸ਼ਿਦਤ ਅਤੇ ਸੰਘਣੇਪਣ ਦਾ ਰਾਜ਼ ਉਸ ਦੁਆਰਾ ਵਰਤੇ ਪ੍ਰਤੀਕ ਹਨ।ਭਾਵੇਂ ਉਸ ਦੇ ਪ੍ਰਤੀਕਾਂ ਦਾ ਚੋਣ ਖੇਤਰ ਮੁੱਖ ਤੌਰ ਤੇ ਪੇਂਡੂ-ਜੀਵਨ ਹੈ, ਪਰ ਸ਼ਹਿਰੀ ਜੀਵਨ ਦੇ ਅੰਦਰਲੇ ਸੱਚ ਨੂੰ ਉਘਾੜਨ ਲਈ ਵੀ ਉਹ ਢੁਕਵੀਂ ਪ੍ਰਤੀਕ ਸਿਰਜਣਾ ਕਰ ਲੈਂਦਾ ਹੈ।ਮਿਸਾਲ ਵਜੋਂ 'ਦੋ-ਝਾਕੀਆਂ' ਕਹਾਣੀ ਵਿਚ ਅਣਜੋੜ ਵਿਆਹ ਦੀ ਸਥਿਤੀ ਨੂੰ ਵਿਰਕ ਪ੍ਰਤੀਕਾਤਮਕ ਭਾਸ਼ਾ ਵਿਚ ਇਉਂ ਪ੍ਰਗਟ ਕਰਦਾ ਹੈ

> *'ਪਿਆਲੀਆਂ ਵਿਚ ਖੰਡ ਪਾਂਦਿਆਂ ਦੋ ਖੰਡ-ਦਾਨੀਆਂ ਦੇ ਢੱਕਣ ਆਪੋ ਵਿਚ ਵਟ ਗਏ ਸਨ।ਠੀਕ ਪੂਰੇ ਨਾ ਆਉਣ ਕਰਕੇ ਤੇ ਹੋਰ ਰੰਗ ਦੇ ਹੋਣ ਕਰਕੇ, ਇਹ ਬੜੇ ਕੋਝੇ ਪਏ ਲਗਦੇ ਸਨ।ਇਨ੍ਹਾਂ ਚਾਹ-ਦਾਨੀਆਂ ਦੁਆਲੇ ਬੈਠਿਆਂ ਕੁਝ ਜੋੜਿਆਂ ਦਾ ਵੀ ਇਹੋ ਹਾਲ ਹੈ।ਗੁਰਲਾਲ ਨੇ ਸੋਚਿਆ।ਢੱਕਣ ਹੋਰ ਤਰ੍ਹਾਂ ਦਾ ਹੈ ਚਾਹ ਦਾਨੀ ਹੋਰ ਤਰ੍ਹਾਂ ਦੀ, ਚਾਹ ਦਾਨੀ ਹੋਰ ਤਰ੍ਹਾਂ ਦੀ ਹੈ ਤੇ ਢੱਕਣ ਹੋਰ ਤਰ੍ਹਾਂ ਦਾ ਹੈ।ਫਿਰ ਤੇਜਵੰਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ, ਉਸ ਨੇ ਉਚੀ ਸਾਰੀ ਕਿਹਾ, ਇਨ੍ਹਾਂ ਖੰਡ-ਦਾਨੀਆਂ ਤੇ ਉਲਟ-ਪੁਲਟ ਢੱਕਣ*

ਕਿਸ ਨੇ ਦਿੱਤੇ ਨੇ ? ਤੇਜਵੰਤ ਝਟ ਸਮਝ ਗਈ ਤੇ ਮੁਸਕਰਾਹਟ ਦਬਾ ਗਈ। ਚਲੋ ਇਹਨਾਂ ਨੂੰ ਠੀਕ ਕਰ ਦੇਨੇ ਆਂ।ਗੁਰਲਾਲ ਨੇ ਉਨ੍ਹਾਂ ਦੇ ਢੱਕਣ ਵਟਾਦਿਆਂ ਹੋਇਆਂ ਕਿਹਾ।ਤੇਜਵੰਤ ਇਕ ਮੁਸਕਣੀ ਹੋਰ ਦਬਾ ਗਈ।'

ਵਿਰਕ ਦੀਆਂ ਕਈ ਕਹਾਣੀਆਂ ਦੇ ਤਾਂ ਸਿਰਲੇਖ ਹੀ ਆਪਣੇ ਆਪ ਵਿਚ ਪ੍ਰਤੀਕ ਹਨ।ਮਸਲਨ 'ਉਜਾੜ' ਕਹਾਣੀ ਦਾ ਨਾਮ ਹੀ ਆਪਣੇ ਆਪ ਵਿਚ ਇਕ ਪ੍ਰਤੀਕ ਹੈ ਜੋ ਇਸ ਕਹਾਣੀ ਦੇ ਕੇਂਦਰੀ ਪਾਤਰ ਆਲਾ ਸਿੰਘ ਦੀ ਨਵੇਂ ਹਾਲਾਤ ਵਿਚ ਨਾਕਾਮੀ ਨੂੰ ਪ੍ਰਤੱਖ ਕਰਦਾ ਹੈ।ਵਿਰਕ ਦੀ ਪ੍ਰਤੀਕਾਤਮਕ ਭਾਸ਼ਾ ਦੀ ਸਭ ਤੋਂ ਵਧੀਆ ਮਿਸਾਲ ਤਾਂ ਕਹਾਣੀ 'ਤੂੜੀ ਦੀ ਪੰਡ' ਹੈ।ਇਸ ਕਹਾਣੀ ਦੇ ਅੰਤ ਤੇ ਉਹ ਲਿਖਦਾ ਹੈ :

'ਬਹਾਦਰ ਸਿੰਘ ਨੂੰ ਲੱਗਾ ਜਿਵੇਂ ਵਗਦੇ ਦਰਿਆ ਵਿਚ ਤੂੜੀ ਦੀ ਪੰਡ ਖੁੱਲ੍ਹ ਗਈ ਸੀ।ਸਾਰੇ ਕੱਖ ਆਪੋ ਆਪਣੇ ਦਰਿਆ ਦੀ ਰੋੜ੍ਹ ਵਿਚ ਰੁੜ੍ਹਦੇ ਜਾ ਰਹੇ ਸਨ।ਇਕ ਅੱਧੇ ਕੱਖ ਨੂੰ ਫੜਿਆਂ ਹੁਣ ਕੀ ਸੌਰ ਸਕਦਾ ਸੀ'।

ਇਥੇ ਤੂੜੀ ਦੀ ਪੰਡ ਦਾ ਦਰਿਆ ਵਿਚ ਖੁਲ੍ਹਣਾ ਅਤੇ ਕੱਖਾਂ ਦਾ ਆਪੋ ਆਪਣੇ ਰੋੜ੍ਹ ਵਿਚ ਰੋੜ੍ਹਦੇ ਜਾਣਾ ਬੜਾ ਵਧੀਆ ਤੇ ਢੁਕਵਾਂ ਪ੍ਰਤੀਕ ਹੈ; ਬਹਾਦਰ ਸਿੰਘ ਦੀ ਚੱਠਾ ਬਰਾਦਰੀ ਦਾ ਆਰਥਿਕ ਰੌਆਂ ਵਿਚ ਖਿਲਰਦੇ ਜਾਣ ਦਾ।ਇਕ ਅੱਧੇ ਕੱਖ ਨੂੰ ਫੜ੍ਹਨਾ ਭਾਵ ਬਰਾਦਰੀ ਦੀ ਨੂੰਹ ਜਾਂ ਕਿਸੇ ਇਕ ਅੱਧੇ ਮੁੰਡੇ ਨੂੰ ਆਰਥਿਕ ਸਹਾਰਾ ਦੇਣ ਨਾਲ ਸਮੁੱਚੀ ਬਰਾਦਰੀ ਦਾ ਵਿਗਠਨ ਰੁਕ ਨਹੀਂ ਸਕਦਾ।

ਲੋਕ ਜੀਵਨ ਵਿਚ ਕੁਝ ਗੱਲਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਸਿਧੀ-ਸਪਾਟ ਭਾਸ਼ਾ ਵਿਚ ਕਹਿਣਾ ਸਾਹਿਤਕ ਔਗੁਣ ਗਿਣਿਆ ਜਾਂਦਾ ਹੈ।ਅਜਿਹੀਆਂ ਗੱਲਾਂ ਨੂੰ ਵਿਰਕ ਆਪਣੀਆ ਕਹਾਣੀਆਂ ਵਿਚ ਸੰਕੇਤਕ-ਭਾਸ਼ਾ ਸ਼ੈਲੀ ਦੀ ਵਿਧੀ ਰਾਹੀਂ ਸਹਿਜ-ਭਾ ਕਹਿ ਜਾਂਦਾ ਹੈ।ਮਿਸਾਲ ਵਜੋਂ 'ਘਰ' ਕਹਾਣੀ ਦੀ ਨਾਇਕਾ ਦਾ ਪਤੀ ਉਸ ਨੂੰ ਤਾਹਨੇ-ਮਿਹਣੇ ਦਿੰਦਾ ਹੋਇਆ ਵਿਅੰਗਮਈ ਸ਼ਬਦਾਂ ਦੀ ਵਰਤੋਂ ਕਰਦਾ ਹੈ।ਇਥੇ ਲੇਖਕ ਨਾਇਕਾ ਕੋਲੋਂ ਅਖਵਾਉਂਦਾ ਹੈ :

'ਜੇ ਜ਼ਰਾ ਲੰਮੇ ਪੈ ਜਾਵਾਂ ਤਾਂ ਬੱਚਿਆਂ ਦੇ ਸਾਹਮਣੇ ਈ ਕਹੇਗਾ

ਅੱਜ ਇਹ ਬੜੀ ਥੱਕੀ ਹੋਈ ਏ।ਕਿਸ ਕੋਲੋਂ ਹੋ ਕੇ ਆਈ ਏ।'

ਮਰਦ-ਔਰਤ ਦੇ ਸਰੀਰਕ ਸੰਬੰਧਾਂ ਵਾਲੇ ਕਾਰਜ ਲਈ ਵਿਰਕ ਨੇ ਹੋਰ ਵੀ ਕਈ ਵਿਧੀਆਂ ਨਾਲ ਸੰਕੇਤਕ ਭਾਸ਼ਾ ਦੀ ਵਰਤੋਂ ਕੀਤੀ ਹੈ ਜਿਵੇਂ :

0 ਜਦੋਂ ਮੈਂ ਉਸ ਨੂੰ ਭੁਗਤਾ ਚੁੱਕੀ ਤਾਂ। (ਗਊ)

0 ਉਹ ਰੋਜ਼ ਮੇਰੇ ਕਮਰੇ ਵਿਚ ਆ ਵੜਦਾ ਏ। (ਗਊ)

ਇਉਂ ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਸੰਕੇਤਾਂ, ਚਿੰਨ੍ਹਾਂ ਪ੍ਰਤੀਕਾਂ ਨਾਲ ਭਰਪੂਰ ਵਿਅੰਗਾਤਮਕ ਤੇ ਰਮਜ਼ਮਈ ਭਾਸ਼ਾ ਦੀ ਵਰਤੋਂ ਕੀਤੀ ਹੈ।ਇਸ ਤੋਂ ਵੀ ਅੱਗੇ ਵਿਰਕ ਨੇ ਜੈਸਚਰ-ਭਾਸ਼ਾ ਦੀ ਵਰਤੋਂ ਵੀ ਕੀਤੀ ਹੈ।ਜੋ ਕੁਝ ਆਮ ਸ਼ਬਦਾਂ ਰਾਹੀਂ ਨਹੀਂ ਕਿਹਾ ਜਾ ਸਕਦਾ, ਉਸ ਨੂੰ ਸੰਕੇਤ ਜਾਂ ਪ੍ਰਤੀਕ-ਭਾਸ਼ਾ ਰਾਹੀਂ ਕਿਹਾ ਜਾਂਦਾ ਹੈ ਪਰ ਜਿਥੇ ਪ੍ਰਤੀਕ-ਭਾਸ਼ਾ ਵੀ ਜੁਆਬ ਦੇ ਜਾਵੇ ਤਾਂ ਉਥੇ ਜੈਸਚਰ ਤੋਂ ਕੰਮ ਲਿਆ ਜਾਂਦਾ ਹੈ।ਜਿਵੇਂ ਅਸੀਂ ਗੱਲਾਂ ਕਰਦੇ-ਕਰਦੇ ਆਪਣੇ ਹੱਥਾਂ-ਬਾਹਾਂ ਜਾਂ ਮੂੰਹ-ਮੱਥੇ ਜਾਂ ਅੱਖਾਂ ਰਾਹੀਂ ਇਸ਼ਾਰੇ ਕਰਦੇ ਹਾਂ।ਇਸ ਸਭ ਜੈਸਚਰ ਹਨ।ਇਨ੍ਹਾਂ ਰਾਹੀਂ ਭਾਵ ਵਧੇਰੇ ਪਰਪੱਕ ਹੁੰਦਾ ਹੈ।ਵਿਰਕ ਨੇ ਇਸ ਤਰ੍ਹਾਂ ਦੀਆਂ ਸਰੀਰਕ ਸੈਨਤਾਂ ਦਾ ਭਾਸ਼ਾਈ ਪ੍ਰਗਟਾਵਾ ਵੀ ਕੀਤਾ ਹੈ।ਇਸ ਦੀ ਖੂਬਸੂਰਤ ਮਿਸਾਲ 'ਛਾਹ ਵੇਲਾ' ਕਹਾਣੀ ਵਿਚ ਮਿਲਦੀ ਹੈ :

'ਕਰਤਾਰੀ ਨੇ ਆਪਣਾ ਹੱਥ ਖੱਬੀ ਗੱਲ੍ਹ ਤੇ ਰੱਖਿਆ ਤੇ ਉਂਗਲੀਆਂ ਅੱਖਾਂ ਉਤੇ ਖਲ੍ਹਾਰ ਦਿੱਤੀਆਂ।ਮੌਕਾ ਤਾੜ ਕੇ, ਉਸ ਦੋ ਉਂਗਲੀਆਂ ਵਿਚਕਾਰ ਵਿਰਲ ਵਧਾਈ ਤੇ ਇਸ ਵਿਰਲ ਵਿਚੋਂ ਆਪਣੀ ਅੱਖ ਤੇਜੂ ਵੱਲ ਕਰਕੇ, ਘੁੱਟ ਕੇ ਮੀਟ ਲਈ।'

ਜੈਸਚਰ ਸਰੀਰਕ ਹਰਕਤਾਂ ਹੀ ਨਹੀਂ ਬਲਕਿ ਸ਼ਬਦਾਂ ਦੇ ਵੀ ਜੈਸਚਰ ਹੁੰਦੇ ਹਨ।ਸ਼ਬਦਾਂ ਦੇ ਉਚਾਰ, ਵਾਕ-ਰਚਨਾ, ਵਿਸਰਾਮ-ਚਿੰਨ੍ਹ ਆਦਿ ਸਭ ਸ਼ਬਦਾਂ ਦੇ ਨਾਲ ਕੰਮ ਕਰਨ ਵਾਲੇ ਜੈਸਚਰ ਹਨ।ਇਨ੍ਹਾਂ ਦੇ ਸੰਬੰਧ ਨਾਂਲ ਵੱਖ-ਵੱਖ ਪ੍ਰਕਾਰ ਦੇ ਭਾਵਾਂ ਨੂੰ ਭਾਸ਼ਾ ਰਾਹੀਂ, ਸਰੀਰਕ ਕਿਰਿਆਵਾਂ ਰਾਹੀਂ ਅਤੇ ਘਟਨਾਵਾਂ ਰਾਹੀਂ ਪ੍ਰਗਟਾਇਆ ਹੈ।

(6)

ਸਾਹਿਤ ਵਿਚ ਕਿਸੇ ਭਾਵ ਦਾ ਪ੍ਰਭਾਵ ਤੀਖਣ ਕਰਨ ਲਈ ਜਾਂ ਭਾਵ ਨੂੰ ਵਧੇਰੇ ਸਪੱਸ਼ਟ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਸ਼ੈਲੀਗਤ ਜੁਗਤਾਂ ਦੀ ਵਰਤੋਂ ਕੀਤੀ ਜਾਂਦੀ ਹੈ।ਜਿਵੇਂ ਕਿਸੇ ਇਕ ਚੀਜ਼ ਦੀ ਦੂਜੀ ਨਾਲ ਤੁਲਨਾ ਕਰਕੇ, ਉਸ ਦੇ ਗੁਣ ਦਾ ਪ੍ਰਭਾਵ ਵਧਾਇਆ ਜਾਂਦਾ ਹੈ।ਕਹਾਣੀ ਵਿਚ ਕਹਾਣੀ ਦੇ ਅਰਥਾਂ ਨੂੰ ਉਜਾਗਰ ਕਰਨ ਲਈ, ਸਥਿਤੀ ਦੀ ਵਿਲੱਖਣ ਹੋਂਦ ਨਿਸ਼ਚਿਤ ਕਰਨ ਲਈ, ਪਾਤਰਾਂ ਦਾ ਚਰਿਤਰ ਉਘਾੜਨ ਲਈ ਉਪਮਾਵਾਂ ਦਾ ਸਹਾਰਾ ਲਿਆ ਜਾਂਦਾ ਹੈ।ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਬੜੀਆਂ ਮੌਲਿਕ ਅਤੇ ਢੁਕਵੀਆਂ ਉਪਮਾਵਾਂ ਦੀ ਵਰਤੋਂ ਕੀਤੀ ਹੈ।ਵਿਰਕ ਦੀਆਂ ਉਪਮਾਵਾਂ ਦ੍ਰਿਸ਼ਟਮਾਨ-ਸੰਸਾਰ ਦੀਆਂ ਸਥੂਲ ਉਦਾਹਰਨਾਂ ਹਨ, ਜਿਨ੍ਹਾਂ ਨੂੰ ਉਸ ਨੇ ਪੰਜਾਬੀ ਜਨ-ਜੀਵਨ ਵਿਚੋਂ ਸਹਿਜੇ ਹੀ ਚੁਣਿਆ ਹੈ ਪਰ ਨਵੇਂ ਅਤੇ ਅਰਥ ਭਰਪੂਰ ਅੰਦਾਜ਼ ਵਿਚ ਵਿਉਂਤਿਆ ਹੈ।ਭਾਸ਼ਾ ਦੇ ਪੱਧਰ ਤੇ ਇਸ ਦਾ ਪ੍ਰਗਟਾਵਾ ਮਿਸ਼ਰਤ ਵਾਕ-ਜੁਗਤ ਰਾਹੀਂ ਹੀ ਕੀਤਾ ਜਾਂਦਾ ਹੈ।ਮਿਸ਼ਰਤ ਵਾਕਾਂ ਵਿਚ ਅੱਗੋਂ ਵਿਸ਼ੇਸ਼ਣੀ ਉਪਵਾਕਾਂ ਅਤੇ ਕਿਰਿਆ ਵਿਸ਼ੇਸ਼ਣੀ ਉਪਵਾਕਾਂ ਰਾਹੀਂ ਤਸ਼ਬੀਹਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।ਵਿਰਕ ਦੇ ਕਹਾਣੀ-ਜਗਤ ਵਿਚੋਂ ਇਸ ਤਰ੍ਹਾਂ ਦੀ ਵਾਕ-ਜੁਗਤ ਦੇ ਕੁਝ ਨਮੂਨੇ ਪੇਸ਼ ਹਨ :

0 'ਨਹੀਂ, ਪ੍ਰੋਫੈਸਰ ਸਾਹਿਬ, ਚੱਲੋ ਤੁਸੀਂ।ਕਿਰਾਏ ਉਤੇ ਮਕਾਨ ਲੈਣਾ ਤੇ ਬਹੁਤ ਹੀ ਮਜ਼ੇਦਾਰ ਕੰਮ ਏ।ਇਸ ਤਰ੍ਹਾਂ ਏ ਜਿਵੇਂ ਕਿਸੇ ਬੱਚੇ ਨੂੰ ਗੋਦ ਲੈ ਰਹੇ ਹੋਵੇ, ਜਾਂ ਮੁਤਬੰਨਾ ਬਣਾ ਰਹੇ ਹੋਵੇ। (ਨਵੇਂ ਲੋਕ)

0 'ਮਨਮੋਹਨ ਲਾਲ ਦੇ ਓਥੇ ਨਾ ਹੋਣ ਕਰਕੇ, ਇਹ ਦਿਨ ਇਸ ਤਰ੍ਹਾਂ ਲਗਦੇ ਜਿਵੇਂ ਦੁੱਧ ਵਿਚੋਂ ਕਰੀਮ ਕੱਢੀ ਹੋਵੇ।' (ਇਹ ਦੁੱਧ ਤੇਰਾ)

0 'ਉਹ ਮਨੁੱਖਤਾ ਦਾ ਬੜਾ ਮਿਧਿਆ ਹੋਇਆ ਨਮੂਨਾ ਸੀ।ਜ਼ਿੰਦਗੀ ਉਸ ਵਿਚ ਇੰਨੀ ਕੁ ਸੀ ਜਿੰਨੀ ਮਾਂਹ ਦੇ ਦਾਣੇ ਤੇ ਸਫੈਦੀ।' (ਮੈਨੂੰ ਜਾਣਨੈ)

0 'ਉਹ ਦੂਰ ਖੜੀ ਹੀ ਉਸ ਨੂੰ ਖੇੜਾ ਦੇਂਦੀ ਰਹਿੰਦੀ।ਜਿਵੇਂ ਸ਼ਹਿਰਾਂ ਤੋਂ ਬਾਹਰ ਲੱਗੇ ਹੋਏ ਬਿਜਲੀ ਦੇ ਇੰਜਣਾਂ ਤੋਂ ਸ਼ਹਿਰ ਜਗਮਗਾ ਉਠਦਾ ਹੈ। (ਉਸੇ ਕਰਕੇ)

0 'ਸੁਦਰਸ਼ਨ ਦਾ ਮਨ ਉਸ ਨੂੰ ਮਿਲਣ ਲਈ ਇਸ ਤਰ੍ਹਾਂ ਲੋਚਦਾ ਜਿਵੇਂ ਜ਼ਖ਼ਮ ਮਲ੍ਹਮ ਨੂੰ।' (ਮੱਛਰ)

0 'ਰਣਬੀਰ ਕੌਰ ਨੂੰ ਪਿਆਰ ਬਾਰੇ ਉਤਨੀ ਹੀ ਸਮਝ ਸੀ ਜਿਤਨੀ ਇਕ ਮੱਖੀ ਨੂੰ ਜੁਮੈਟਰੀ ਬਾਰੇ।' (ਰਣਬੀਰ ਕੌਰ)

ਇਨ੍ਹਾਂ ਤਸ਼ਬੀਹਾਂ ਬਾਰੇ ਖਾਸ ਗੱਲ ਇਹ ਹੈ ਕਿ ਇਹ ਭਾਸ਼ਾਈ ਸੁਹਜ ਪੈਦਾ ਕਰਨ ਲਈ ਨਹੀਂ ਵਰਤਿਆ ਗਈਆਂ, ਬਲਕਿ ਇਹ ਸਥਿਤੀ ਦੀ ਮੰਗ ਅਨੁਸਾਰ ਹੀ ਹੁੰਦੀਆਂ ਹਨ।ਤਸ਼ਬੀਹਾਂ ਦੀ ਏਨੀ ਉਚਿਤ ਵਰਤੋਂ ਵਿਰਕ ਦੀ ਸੂਖਮ ਸੂਝ ਦੀ ਸ਼ਾਹਦੀ ਭਰਦੀ ਹੈ।ਇਨ੍ਹਾਂ ਤਸ਼ਬੀਹਾਂ ਦੁਆਰਾ ਵਿਰਕ ਨੇ ਕਿਤੇ ਤਾਂ ਆਪਣੇ ਭਾਵਾਂ ਦੀ ਸਪੱਸ਼ਟਤਾ ਨੂੰ ਤੁਲਨਾਤਮਕ ਰੂਪ ਵਿਚ ਪ੍ਰਗਟਾ ਕੀਤਾ ਹੈ ਅਤੇ ਕਿਤੇ ਇਨ੍ਹਾਂ ਵਿਚੋਂ ਡੂੰਘਾ ਵਿਅੰਗ ਵੀ ਪ੍ਰਗਟ ਹੁੰਦਾ ਹੈ।ਇਉਂ ਇਹ ਵਿਸ਼ੇਸ਼ਣੀ ਵਾਕ-ਜੁਗਤ ਵਿਰਕ ਦੀ ਭਾਸ਼ਾ-ਸ਼ੈਲੀ ਦਾ ਅਛੂਤਾ ਨਕਸ਼ ਬਣ ਗਈ ਹੈ।

ਉਪਮਾਵਾਂ ਦੀ ਤਰ੍ਹਾਂ ਵਿਰਕ ਦੀਆਂ ਕਹਾਣੀਆਂ ਵਿਚ ਰੂਪਕ ਵੀ ਥਾਂ-ਪੁਰ-ਥਾਂ ਮੋਤੀਆਂ ਵਾਂਗ ਜੜੇ ਹੋਏ ਜਾਪਦੇ ਹਨ।ਵਿਰਕ ਨੇ ਰੂਪਕਾਂ ਦੁਆਰਾ ਵਿਅੰਜਕ ਅਰਥਾਂ ਨੂੰ ਪ੍ਰਗਟਾਇਆ ਹੈ।ਮਿਸਾਲ ਵਜੋਂ :

'ਗੱਡੀਆਂ ਦੇ ਖਾਨੇ ਵਿਚ ਇਕ ਅੱਖ ਦੇ ਫੋਰ ਵਿਚ ਉਹੋ ਸ਼ਰਦਈ ਕੰਧਾਂ ਵਾਲਾ ਬਹਿਸ਼ਤੀ ਹੋਟਲ ਬਣ ਜਾਂਦਾ ਹੈ, ਜਿਸ ਵਿਚ ਤੇਜ਼ ਬੱਤੀਆਂ ਜਗ ਰਹੀਆਂ ਹੁੰਦੀਆ ਤੇ ਨੀਲੇ ਸੋਫੇ ਤੇ ਉਹ ਉਸ ਦੇ ਕੋਲ ਬੈਠੀ ਹੁੰਦੀ।' (ਸਾਗਰ ਤੇ ਨਿਰਮਲਾ)

ਇਥੇ ਸ਼ਬਦਾਂ ਦੇ ਵਿਅੰਜਕੀ ਅਰਥਾਂ ਦੀ ਪੇਸ਼ਕਾਰੀ ਹੋਈ ਹੈ।ਗੱਡੀ ਦਾ ਡੱਬਾ ਨਾਇਕ ਵਾਸਤੇ ਹੋਟਲ ਦਾ ਇਕ ਖੂਬਸੂਰਤ ਕਮਰਾ ਮਹਿਸੂਸ ਹੋਣ ਲੱਗ ਜਾਂਦਾ ਹੈ।ਕਈ ਥਾਵਾਂ ਤੇ ਵਿਰਕ ਨੇ ਬਹੁ-ਅਰਥੀ ਭਾਵ ਵਾਲੇ ਰੂਪਕਾਂ ਦੀ ਰਮਜ਼ਮਈ ਵਰਤੋਂ ਵੀ ਕੀਤੀ ਹੈ।ਜਿਵੇਂ :

'ਹਲਾ ਮੈਨੂੰ ਕੀ ਪਤਾ ਸੀ ਤੇਰੇ ਕੌਲੇ ਵਿਚ ਵੀ ਪਾਣੀ ਪਿਆ ਹੋਇਆ ਏ।' (ਪੌਣਾ ਆਦਮੀ)

ਇਥੇ 'ਕੌਲੇ ਵਿਚ ਪਾਣੀ ਪੈਣ' ਤੋਂ ਭਾਵ ਜਵਾਨ ਹੋ ਜਾਣ ਤੋਂ ਹੈ ਪਰ ਰਮਜ਼ੀ ਅਰਥ ਮੁੰਡੇ ਵਿਚ ਜੀਨੈਟਿਕ ਗੁਣਾਂ ਦੇ ਬਲਵਾਨ ਹੋ ਜਾਣ ਕਰਕੇ, ਉਸ ਵਿਚ ਮਰਦਾਵੀਂ ਸ਼ਕਤੀ ਦਾ ਸੰਪਰੇਸ਼ਣ ਹੋਣਾ ਹੈ।

(7)

ਕਹਾਣੀ ਕਲਾ ਵਿਚ ਸਭ ਤੋਂ ਵਧੇਰੇ ਪ੍ਰਚੱਲਿਤ ਅਤੇ ਹਰਮਨ ਪਿਆਰੀ ਸ਼ੈਲੀ ਵਰਣਾਤਮਕ ਸ਼ੈਲੀ ਚੱਲੀ ਆ ਰਹੀ ਹੈ। ਇਸ ਸ਼ੈਲੀ ਵਿਚ ਮਨੋਵਿਸ਼ਲੇਸ਼ਣ ਦੀ ਮਿਸ ਕਾਰਨ ਵਰਣਨ, ਚਿਤਰਣ, ਸੰਵਾਦ, ਦੇਸ਼, ਕਾਲ ਅਤੇ ਵਾਤਾਵਰਣ ਅਨੁਸਾਰ ਪਾਤਰ, ਪਾਠਕ ਸਨਮੁੱਖ ਸਜੀਵ ਰੂਪ ਵਿਚ ਆਸਾਨੀ ਨਾਲ ਸਾਕਾਰ ਹੋ ਜਾਂਦੇ ਹਨ। ਵਿਰਕ ਨੇ ਇਸ ਸ਼ੈਲੀ ਰਾਹੀਂ ਬਹੁਤ ਸਾਰੀਆਂ ਕਹਾਣੀਆਂ ਦੀ ਰਚਨਾ ਕੀਤੀ ਹੈ। ਸਹੀ ਗੱਲ ਤਾਂ ਇਹ ਹੈ ਕਿ ਇਸ ਸ਼ੈਲੀ-ਵੰਨਗੀ ਵਿਚ ਕਥਾਕਾਰ, ਕਹਾਣੀ ਦੇ ਸਾਰੇ ਤੱਤਾਂ ਨੂੰ ਆਪਣੇ ਵਰਣਨ ਵਿਚ ਲਪੇਟ ਕੇ, ਸਰਬ-ਗਿਆਤਾ ਬਣ ਕੇ, ਕਹਾਣੀ ਰਚਦਾ ਹੈ। ਵਿਰਕ ਨੇ ਵੀ ਆਪਣੀਆਂ ਕਹਾਣੀਆਂ ਵਿਚ ਲੋੜ ਅਨੁਸਾਰ ਸਥਿਤੀਆਂ ਦੇ ਸਪੱਸ਼ਟੀਕਰਨ ਅਤੇ ਕਾਰਜ ਕਾਰਨ ਨੂੰ ਜੋੜ ਰੱਖਣ ਲਈ ਹਲਕੀ ਜਿਹੀ ਟੀਕਾ-ਟਿੱਪਣੀ ਕੀਤੀ ਹੈ। ਦਰਅਸਲ ਵਿਰਕ ਸਥਿਤੀ ਦਾ ਪ੍ਰਭਾਵ ਸੰਘਣਾ ਕਰਨ ਲਈ ਅਮੂਰਤ ਭਾਸ਼ਾ ਦੀ ਵਰਤੋਂ ਨਹੀਂ ਕਰਦਾ, ਸਗੋਂ ਸਥੂਲ ਸ਼ਬਦ ਵਰਤਦਾ ਹੈ। ਇਸ ਲਈ ਉਸ ਦੀ ਭਾਸ਼ਾ-ਸ਼ੈਲੀ ਵਿਚ ਚਿਤਰਾਤਮਿਕਤਾ ਦਾ ਲੱਛਣ ਵਧੇਰੇ ਹੈ। ਵਿਰਕ ਦੀਆਂ ਕਹਾਣੀਆਂ ਦਾ ਧਰਾਤਲ, ਉਸ ਦੇ ਆਪਣੈ ਹੱਡ-ਵਰਤੇ, ਤਨ-ਝਾਗੇ ਅਨੁਭਵ ਹਨ। ਇਸ ਲਈ ਉਸ ਦੀਆਂ ਕਹਾਣੀਆਂ ਵਿਚ ਨਿੱਤ ਦੇ ਕਾਰਾਂ-ਵਿਹਾਰਾਂ, ਧੰਦਿਆਂ, ਰੁਝੇਵਿਆਂ ਦੇ ਅਨੇਕਾਂ ਮੂੰਹੋਂ ਬੋਲਦੇ ਚਿਤਰ ਸਾਂਭੇ ਹੋਏ ਹਨ। ਮਿਸਾਲ ਵਜੋਂ 'ਛਾਹ ਵੇਲਾ' ਕਹਾਣੀ ਵਿਚ ਇਕ ਨਮੂਨਾ ਪੇਸ਼ ਹੈ :

> *'ਤੇਜੂ ਨੇ ਉਠ ਕੇ ਜੁੱਤੀ ਪੈਰੀਂ ਪਾਈ ਤੇ ਸਰਾਹਣੇ ਪਈ ਪੱਗ ਫੜ ਕੇ ਸਿਰ ਤੇ ਵਲੇਟ੍ਹ ਲਈ। ਢੱਗਿਆਂ ਦੇ ਢਿਡ ਵਿਚ ਪੈਰ ਦੀ ਹੁਝ ਮਾਰ ਕੇ, ਉਸ ਦੋਹਾਂ ਨੂੰ ਉਠਾਇਆ। ਢੱਗਿਆਂ ਲੰਮੇ-ਲੰਮੇ ਆਕੜ ਲੈ ਕੇ, ਪਿੰਡਿਆਂ ਨੂੰ ਛਿਣਕਿਆ ਤੇ ਫਿਰ ਪੰਜਾਲੀ ਲਈ ਆਪਣੀਆਂ ਧੌਣਾਂ ਪੇਸ਼ ਕਰ ਦਿੱਤੀਆਂ, ਟਣ-ਟਣ, ਖਰੜ-ਖਰੜ, ਠੱਕ-ਠੱਕ, ਤੇ ਜੂ ਦੇ ਘੁੰਗਰੂਆਂ ਵਾਲੇ ਢੱਗਿਆਂ ਦੀ ਹਰਨਾਲੀ ਸਵੇਰ ਦੇ ਅਨ੍ਹੇਰੇ ਨੂੰ ਚੀਰਦੀ ਤੇ ਚੁੱਪ ਚਾਂ ਵਿਚ ਤਰਥੱਲੀ ਪਾਂਦੀ ਟੁਰ ਪਈ। ਪਰ ਇਸ ਜੋਗ ਨੂੰ ਹਿੱਕਣ ਵਾਲਾ ਅੱਜ ਇਸ ਨੂੰ ਰਲਦਾ ਵੀ ਨਹੀਂ ਸੀ। ਉਸ ਦੀਆਂ ਲੱਤਾਂ ਵਿਚੋਂ ਲਹੂ ਸੁਕ ਰਿਹਾ ਸੀ ਤੇ ਹਿੱਕ ਸੱਖਣੀ ਸੀ। ਹਰ ਰੋਜ਼ ਉਹ ਇਸ ਜੋਗ ਦੇ ਮਗਰ ਤੇ ਇਨ੍ਹਾਂ ਹੀ ਪੈਲੀਆਂ ਵਿਚ ਇਕ*

ਸਿਰਿਓਂ ਦੂਜੇ ਸਿਰ ਹਲ ਨਪ ਨਪ ਕੇ ਓੜਾਂ ਕੱਢਦਾ ਰਹਿੰਦਾ।ਪਹਿਲਾਂ ਅਨ੍ਹੇਰੇ ਵਿਚ ਫਿਰ ਚਾਨਣ ਤੇ ਫਿਰ ਕੜਕਦੀ ਧੁੱਪ ਵਿਚ।ਹੌਲੀ-ਹੌਲੀ ਪਾੜੇ ਸੌੜੇ ਹੁੰਦੇ ਜਾਂਦੇ ਤੇ ਫਿਰ ਮੁੱਕ ਜਾਂਦੇ।ਸੋਟੀ ਨਾਲ ਜੁੱਤੀ ਨਾਲੋਂ ਮਿੱਟੀ ਝਾੜ ਉਹ ਹਰਨਾਲੀ ਕਰ ਕੇ, ਢੱਗੇ ਹਵੇਲੀ ਵਿਚ ਲੈ ਆਉਂਦਾ ਤੇ ਪੱਠੇ ਦਥੇ ਦੇ ਕੰਮ ਲਗ ਪੈਂਦਾ।ਗੋਡੀਆਂ, ਵਾੜਾਂ, ਖਾਲ ਬਨਾਣੇ, ਰੱਸੇ ਵੱਟਣੇ, ਸਾਰਾ ਦਿਨ ਉਸ ਦੀ ਅੱਡੀ ਭੋਇੰ ਤੇ ਨਾ ਆਉਣ ਦੇਂਦੇ ਤੇ ਕੌੜੇ ਸੌਤੇ ਉਹ ਮੱਝੀਂ ਚੋ ਕੇ, ਘਰ ਆਉਂਦਾ।ਇਹੋ ਜਿਹੇ ਜੀਵਨ ਵਿਚ ਕੋਈ ਲਿਸ਼ਕਾਰਾ ਕਿਥੇ ਸੀ ?

ਅਜਿਹੇ ਚਿਤਰ ਪੇਸ਼ ਕਰਕੇ ਵਿਰਕ ਨੇ ਜੀਵਨ ਦੇ ਨਿਤ ਦੇ ਅਨੁਭਵਾਂ ਨੂੰ ਆਪਣੀ ਕਥਾ-ਸਾਧਨਾ ਰਾਹੀਂ ਧਿਆਇਆ ਹੈ, ਅਰਾਧਿਆ ਹੈ।ਨਮੂਨੇ ਹੋਰ ਵੀ ਪੇਸ਼ ਕੀਤੇ ਜਾ ਸਕਦੇ ਹਨ ਪਰ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਜਿਨ੍ਹਾਂ ਇਨਸਾਨੀ ਹਕੀਕਤਾਂ ਨੂੰ ਪੇਸ਼ ਕਰਦੇ ਹਨ, ਉਨ੍ਹਾਂ ਸਭ ਦੁਆਲੇ ਮਨੁੱਖੀ ਸੰਸਕਾਰਾਂ ਤੇ ਜਜ਼ਬਿਆਂ ਦੀ ਇਕ ਸੰਘਣੀ ਭੀੜ ਜੁੜੀ ਹੋਈ ਹੈ।ਇਨ੍ਹਾਂ ਦੀ ਵਡਿਆਈ ਮਾਨਵੀ ਪ੍ਰਭਾਵ-ਮੰਡਲ ਸਥਾਪਿਤ ਕਰਨ ਵਿਚ ਹੈ।ਅਜਿਹੇ ਦ੍ਰਿਸ਼ਟਾਤਾਂ ਦਾ ਮੰਤਵ ਕੋਈ ਉਪਦੇਸ਼ ਜਾਂ ਵਿਆਖਿਆ ਕਰਨਾ ਨਹੀਂ ਬਲਕਿ ਮਨੁੱਖੀ ਸਥਿਤੀਆਂ ਦਾ ਇਹ ਐਸਾ ਵਰਣਨ ਹੈ ਜਿਨਾਂ ਵਿਚ ਸਮੁੱਚੀ ਕੈਫ਼ੀਅਤ ਹੀ ਖੁਦ ਇਕ ਅਰਥ ਬਣ ਨਿਬੜੀ ਹੈ।ਇਹ ਵਿਰਕ ਦੀ ਮਾਨਵਵਾਦੀ ਦ੍ਰਿਸ਼ਟੀ ਦਾ ਸਾਰਥਕ ਪੱਖ ਹੈ।ਵਿਰਕ ਦੀ ਭਾਸ਼ਾ-ਸ਼ੈਲੀ ਸਰਲ ਹੈ।ਸ਼ਬਦ-ਚੋਣ ਸਹਿਜ-ਸੁਭਾਵਕ ਹੈ, ਫਿਰ ਵੀ ਹਰ ਸ਼ਬਦ ਆਪਣੇ ਨਾਲ ਅਰਥਾਂ, ਭਾਵਾਂ ਅਤੇ ਭਾਵਨਾਂਵਾਂ ਦੀਆਂ ਕਈ ਪ੍ਰਤੀਧੁਨੀਆਂ ਲੈ ਕੇ ਤੁਰਦਾ ਹੈ।ਇਹ ਵਿਰਕ ਦੀ ਭਾਸ਼ਾ-ਸ਼ੈਲੀ ਦਾ ਕਮਾਲ ਹੈ।ਇਸ ਦੇ ਅਵਚੇਤਨ ਵਿਚ ਵਿਵੇਕ ਤੇ ਸੁਹਜ ਸਮਾਇਆ ਹੋਇਆ ਹੈ।ਉਸ ਦੇ ਕਹਾਣੀ ਬਿਰਤਾਂਤ ਦਾ ਹਰ ਫਿਕਰਾ ਆਪਣੀ ਨਿਵੇਕਲੀ ਪਰ ਲੁਪਤ ਆਭਾ ਵਿਚ ਕਾਇਮ ਹੈ।ਉਹ ਪੰਜਾਬੀ ਦਾ ਨਿਵੇਕਲਾ ਕਹਾਣੀਕਾਰ ਹੀ ਨਹੀਂ ਬਲਕਿ ਨਿਵੇਕਲਾ ਸ਼ੈਲੀਕਾਰ ਵੀ ਹੈ।ਅਜਿਹੇ ਲੇਖਕ ਹਰ ਜੁੱਗ 'ਚ ਪ੍ਰਾਸੰਗਿਕ ਹੁੰਦੇ ਹਨ।

ਹਵਾਲੇ ਤੇ ਟਿੱਪਣੀਆਂ

1. ਵਿਨੋਦ, ਟੀ.ਆਰ. (1993) **ਕੁਲਵੰਤ ਸਿੰਘ ਵਿਰਕ-ਜੀਵਨ ਤੇ ਰਚਨਾ,** ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਵਿਰਕ, ਕੁਲਵੰਤ ਸਿੰਘ, (1979) **ਕਹਾਣੀ ਕਲਾ ਤੇ ਮੇਰਾ ਅਨੁਭਵ,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ।
3. ਵਿਰਕ, ਕੁਲਵੰਤ ਸਿੰਘ, (1999) **ਮੇਰੀਆਂ ਸਾਰੀਆਂ ਕਹਾਣੀਆਂ,** ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ।

ਮੋਹਨ ਸਿੰਘ ਕਾਵਿ : ਸ਼ੈਲੀਗਤ ਅਧਿਐਨ

(1)

ਸ਼ੈਲੀ, ਸ਼ੈਲੀ ਵਿਗਿਆਨ ਦਾ ਸਭ ਤੋਂ ਅਹਿਮ ਅਤੇ ਕੇਂਦਰੀ ਸੰਕਲਪ ਹੈ ਪਰ ਸ਼ੈਲੀ ਵਿਗਿਆਨ ਦੇ ਇਤਿਹਾਸਕ ਪਰਿਪੇਖ ਵਿਚ ਇਹ ਸੰਕਲਪ ਖਾਸਾ ਜਟਿਲ-ਸਰੂਪ ਧਾਰਨ ਕਰ ਗਿਆ ਹੈ।ਦਰਅਸਲ ਸ਼ੈਲੀ-ਸੰਕਲਪ ਦਾ ਨਾਮ ਸੁਣਦਿਆਂ ਹੀ ਸਾਡੇ ਜ਼ਿਹਨ 'ਚ ਸੰਸਕ੍ਰਿਤ ਕਾਵਿ-ਸ਼ਾਸਤਰ ਦਾ 'ਰੀਤੀ' ਅਤੇ ਪੱਛਮੀ ਸਾਹਿਤ ਸ਼ਾਸਤਰ ਦਾ 'ਸਟਾਈਲ ਸੰਕਲਪ' ਸਮੂਰਤ ਹੋ ਉਠਦੇ ਹਨ।ਪਰ ਇਨ੍ਹਾਂ ਦੋਹਾਂ ਹੀ ਪਰੰਪਰਾਵਾਂ ਵਿਚੋਂ ਹਾਸਿਲ ਸ਼ੈਲੀ-ਸੰਕਲਪ ਬੜੇ ਸੀਮਤ-ਸਰੂਪ ਦਾ ਧਾਰਨੀ ਹੈ ਜਦ ਕਿ ਅਜੋਕੇ ਸ਼ੈਲੀਵਿਗਿਆਨ ਵਿਚ ਸ਼ੈਲੀ ਦਾ ਸੰਕਲਪ ਬੜਾ ਵਿਸ਼ਾਲਾਰਥੀ ਹੈ।ਹੁਣ ਇਹ ਅੰਗ ਨਹੀਂ ਬਲਕਿ ਸਮੁੱਚ ਹੈ ਜਿਸਦਾ ਸਮਾਜਿਕ ਪਸਾਰੇ ਵਿਚ ਸਾਰਥਿਕ ਪ੍ਰਕਾਰਜ ਵੀ ਹੈ।ਡਾ. ਸ੍ਰੀਵਾਸਤਵ (1979 : 29) ਅਨੁਸਾਰ, ਸਾਹਿਤ-ਰਚਨਾ ਦੇ ਵੱਥ (Content) ਨੂੰ ਕੱਥ (Expresion) ਵਿਚ ਰੁਪਾਂਤਰਿਤ ਕਰਨ ਵਾਲੀਆਂ ਸਾਰੀਆਂ ਸਿਰਜਨਾਤਮਿਕ ਭਾਸ਼ਾਈ ਜੁਗਤਾਂ ਸ਼ੈਲੀ ਹਨ।ਇਉਂ ਸ਼ੈਲੀ ਦਾ ਨਵੀਨ ਸੰਦਰਭ ਰਚਨਾ ਦੇ ਕੱਥ ਅਤੇ ਵੱਥ, ਰਚਨਾਕਾਰ ਅਤੇ ਸੁਹਿਰਦ ਪਾਠਕ, ਨਿਜਤਾ ਅਤੇ ਸਮਾਜਿਕਤਾ, ਬੋਲਚਾਲੀ ਭਾਸ਼ਾ ਅਤੇ ਸਾਹਿਤਕ ਭਾਸ਼ਾ ਅਤੇ ਪ੍ਰਤੀਮਾਨ ਤੋਂ ਉਲੰਘਣ ਆਦਿ ਅਨੇਕਾਂ ਸਾਹਿਤ ਵਿਗਿਆਨਕ ਤੱਥਾਂ ਨਾਲ ਜੁੜਿਆ ਹੋਇਆ ਹੈ।ਡਾ. ਸ਼ੀਤਾਸ਼ੂ (1983 : 109) ਅਨੁਸਾਰ, ''ਆਪਣੇ ਵਿਭਿੰਨਤਾਵਾਂ ਭਰੇ ਇਤਿਹਾਸ ਦੇ ਅਨੇਕਾਂ ਪੜਾਵਾਂ ਵਿਚੋਂ ਲੰਘਦਾ ਹੋਇਆ ਸ਼ੈਲੀਵਿਗਿਆਨ ਅੱਜ ਇਕ ਪਾਸੇ ਆਪਣੇ ਸਿਧਾਂਤ ਦੀ ਦ੍ਰਿਸ਼ਟੀ ਤੋਂ ਭਾਸ਼ਾਵਿਗਿਆਨ, ਸੰਰਚਨਾਵਾਦ ਅਤੇ ਚਿੰਨ੍ਹਵਿਗਿਆਨ ਨਾਲ ਜੁੜਿਆ ਹੋਇਆ ਹੈ ਅਤੇ ਦੂਜੇ ਪਾਸੇ ਪ੍ਰਕਾਰਜੀ ਦ੍ਰਿਸ਼ਟੀ ਤੋਂ ਸਾਹਿਤ-ਵਿਸ਼ਲੇਸ਼ਣ ਦੀ ਇਕ ਵਿਸ਼ੇਸ਼ ਪ੍ਰਣਾਲੀ ਵਜੋਂ ਉਭਰ ਕੇ ਸਾਹਮਣੇ ਆਇਆ ਹੈ।ਇਉਂ ਸ਼ੈਲੀਗਤ ਅਧਿਐਨ, ਰੂਪ ਰਾਹੀਂ ਅਰੂਪ ਦੀ ਟੋਹ ਪਾਉਣਾ ਹੈ।ਸ਼ੈਲੀ ਭਾਸ਼ਾ ਰਾਹੀਂ ਅਵਤਾਰ ਧਾਰਦੀ ਹੈ ਜਾਂ ਇਉਂ ਇਹੋ ਕਹੋ ਕਿ ਸ਼ੈਲੀ ਸਿਰਜਿਤ ਭਾਸ਼ਾ ਹੈ।ਕਿਸੇ ਕਾਵਿ-ਰਚਨਾ ਨੂੰ ਪੜ੍ਹਨ ਦਾ ਅਮਲ ਦਰਅਸਲ ਨਵੀਂ ਭਾਸ਼ਾ ਚੋਂ ਗੁਜ਼ਰਨਾ ਹੈ, ਜਿਸ ਦਾ ਭਾਵ ਨਵੀਂ ਰੋਸ਼ਨੀ ਰਾਹੀਂ ਰੋਸ਼ਨ ਹੋਣਾ ਹੈ।ਇਹ ਰੋਸ਼ਨੀ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ ਬਾਰੇ ਹੋ ਸਕਦੀ ਹੈ ਜੋ ਪਹਿਲਾਂ ਪ੍ਰਾਪਤ ਨਹੀਂ।ਇਹੋ ਕਾਵਿ-ਪ੍ਰਵਚਨ ਹੈ।ਕਾਵਿ ਪ੍ਰਵਚਨ ਦੀ ਭਾਸ਼ਾ ਅਰਥ ਤੋਂ ਪਾਰ

ਨਿਵੇਕਲੀ ਸਪੇਸ[1] ਸਿਰਜਦੀ ਹੈ।ਖਿਚ ਉਸ ਅਨੂਠੀ ਸਪੇਸ ਦੀ ਹੁੰਦੀ ਹੈ ਜੋ ਸ਼ੈਲੀ ਪੈਦਾ ਕਰਦੀ ਹੈ।ਇਸ ਸਪੇਸ ਨਾਲ ਜੁੜ ਕੇ ਹੀ ਨਵੀਂ ਰੋਸ਼ਨੀ ਦਾ ਅਹਿਸਾਸ ਹੁੰਦਾ ਹੈ।ਬਹੁਤ ਕੁਝ ਜੋ ਪਾਠਕ ਮਨ ਦੇ ਅਚੇਤ ਵਿਚ ਬਰਫ਼ ਵਾਂਗ ਜੰਮਿਆ ਪਿਆ ਹੁੰਦਾ ਹੈ, ਉਹ ਪਿਘਲਣ ਲੱਗ ਪੈਂਦਾ ਹੈ।ਸ਼ੈਲੀ ਬਾਰੇ ਆਪਣੀਆਂ ਇਨ੍ਹਾਂ ਧਾਰਨਾਵਾਂ ਦੀ ਲੋਅ ਵਿਚ ਹੀ ਅਸੀਂ ਆਪਣੇ ਇਸ ਪਾਠ ਵਿਚ ਮੋਹਨ ਸਿੰਘ ਕਾਵਿ ਦੇ ਕੁਝ ਉਭਰਵੇਂ ਸ਼ੈਲੀਗਤ ਲੱਛਣਾਂ/ਜੁਗਤਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕਰਾਂਗੇ।

(2)

ਮੋਹਨ ਸਿੰਘ ਪੰਜਾਬੀ ਦਾ ਹਰਮਨ ਪਿਆਰਾ ਅਤੇ ਬਹੁਚਰਚਿਤ ਕਵੀ ਹੈ।ਉਹ ਚਾਰ ਦਹਾਕਿਆਂ ਤਕ ਪੰਜਾਬੀ ਕਾਵਿ-ਜਗਤ ਉਤੇ ਛਾਇਆ ਰਿਹਾ।ਰੂਪਕ ਪੱਖੋਂ ਉਸ ਨੇ ਮੁੱਖ ਤੌਰ ਤੇ ਚਾਰ ਕਾਵਿ-ਸ਼ੈਲੀਆਂ : **ਗੀਤ, ਗ਼ਜ਼ਲ, ਕਵਿਤਾ** ਅਤੇ **ਮਹਾਂਕਾਵਿ** ਵਿਚ ਰਚਨਾ ਕੀਤੀ।ਉਸਦੇ ਕਾਵਿ ਦੀ ਸਰਲਤਾ, ਸੁਗਮਤਾ, ਅਤੇ ਪ੍ਰਗੀਤਕਤਾ ਨੇ ਲੋਕਮਨ ਨੂੰ ਟੁੰਭਿਆ ਅਤੇ ਜਟਿਲਤਾ ਨੇ ਸਾਹਿਤ-ਚਿੰਤਕਾਂ ਦਾ ਧਿਆਨ ਖਿੱਚਿਆ।ਉਸ ਦੇ ਕਾਵਿ ਜਗਤ ਦੀ ਪ੍ਰਾਸੰਗਿਕਤਾ ਅੱਜ ਵੀ ਕਾਇਮ ਹੈ।ਪ੍ਰਾਸੰਗਿਕਤਾ ਕਿਸੇ ਕਵੀ ਦੀ ਤਦ ਹੀ ਕਾਇਮ ਰਹਿੰਦੀ ਹੈ ਜੇ ਉਸ ਪਾਸ ਸਿਰਜਿਤ ਭਾਸ਼ਾ ਵਿਚ ਕਹਿਣ ਦੀ ਕਲਾ ਹੈ। 'ਭਾਸ਼ਾ ਪ੍ਰਗਟਾਉਂਦੀ ਹੈ ਅਤੇ ਸ਼ੈਲੀ ਦ੍ਰਿੜ੍ਹਾਉਂਦੀ ਹੈ, ਮਿਸ਼ੈਲ ਰਿਫਾਤੇਰੇ (1959 : 155) ਦਾ ਇਹ ਕਥਨ ਇਸ ਸੰਦਰਭ ਵਿਚ ਬੜਾ ਢੁੱਕਵਾਂ ਹੈ।ਮੈਂ ਕਹਾਂਗਾ : ਸ਼ੈਲੀ ਬੁਲੰਦ ਆਵਾਜ਼ ਹੈ। ਬੁਲੰਦ ਵਿਚਾਰ ਬੇਸ਼ਕ ਕਿਸੇ ਵੀ ਅੰਦਰ ਉਬਾਲੇ ਮਾਰਦੇ ਰਹਿਣ ਪਰ ਜੇ ਉਸ ਦੀ ਸ਼ੈਲੀ ਬੁਲੰਦ ਨਹੀਂ ਤਾਂ ਉਹ ਫੁਟਕਲ ਲੇਖਕਾਂ ਦੀ ਪਾਲ 'ਚ ਜੁੜ ਜਾਂਦੈ।ਇਉਂ ਸ਼ੈਲੀ ਕੱਥ/ਵੱਥ ਦਾ ਸੁੰਦਰ ਸੁਮੇਲ ਹੈ।ਇਹ ਅਜਿਹੀ ਆਭਾ ਜਾਂ ਸਿਰਜਿਤ ਭਾਸ਼ਾ ਦਾ ਕ੍ਰਿਸ਼ਮਈ ਵਰਤਾਰਾ ਹੈ ਜੋ ਲੇਖਕ ਨੂੰ ਸਮੇਂ-ਸਥਾਨ ਦੀ ਸੀਮਾ ਤੋਂ ਪਾਰ ਪ੍ਰਾਸੰਗਿਕ ਕਰੀ ਰੱਖਦਾ ਹੈ।ਅਜਿਹੀ ਸ਼ੈਲੀਗਤ ਆਭਾ ਮੱਧਕਾਲੀ ਸਾਹਿਤ ਵਿਚ ਮਿਲਦੀ ਹੈ।ਆਧੁਨਿਕ ਕਾਵਿ ਵਿਚ ਪੂਰਨ ਸਿੰਘ ਦੀ ਸ਼ਿੱਦਤੀ ਕਵਿਤਾ, ਸ਼ਿਵ ਦੀ ਲੋਕਵੇਦੀ ਉਦਾਸੀ ਤੇ ਪਾਸ਼ ਦੀ ਸੁਆਲੀਆ ਤੇ ਸਿਆਸੀ ਸ਼ੈਲੀ

ਸਪੇਸ ਇਕ ਸੰਕਲਪੀ ਪਦ ਹੈ ਇਸ ਦਾ ਅਰਥ ਭੂਗੋਲਿਕ ਖੇਤਰ ਨਹੀਂ ਬਲਕਿ ਹੁਣ ਇਹ ਸ਼ਕਤੀ ਦੇ ਸੱਭਿਆਚਾਰਿਕ ਅਤੇ ਗਿਆਨਮਈ ਰਿਸ਼ਤਿਆਂ ਨਾਲ ਸੰਗਠਿਤ ਬਹੁ-ਪਾਸਾਰੀ ਰਚਨਾ-ਵਿਉਂਤਾਂ ਨੂੰ ਆਪਣੇ ਅਰਥ ਘੇਰੇ ਵਿਚ ਸਮੋਂਦਾ ਹੈ।

ਵਿਚ ਮਿਲਦੀ ਹੈ।ਨਾ ਹੋਰ ਵੀ ਗਿਣਾਏ ਜਾ ਸਕਦੇ ਹਨ ਪਰ ਮੁੱਦਾ ਇਥੇ ਨਾਵਾਂ ਦੀ ਸੂਚੀ ਪੇਸ਼ ਕਰਨਾ ਨਹੀਂ ਬਲਕਿ ਇਹ ਦੱਸਣਾ ਹੈ ਕਿ ਸ਼ੈਲੀ ਸਾਹਿਤ ਦੀ ; ਲੇਖਕ ਦੀ, ਪ੍ਰਾਸੰਗਿਤਾ ਦਾ ਆਧਾਰ ਹੈ।ਮੋਹਨ ਸਿੰਘ ਵੀ ਇਸੇ ਕਤਾਰ ਦਾ ਕਵੀ ਹੈ।

(3)

ਮੋਹਨ ਸਿੰਘ ਦਾ ਪਹਿਲਾ ਕਾਵਿ-ਸੰਗ੍ਰਹਿ ਸਾਵੇ ਪੱਤਰ ਹੈ ਜੋ 1936 ਵਿਚ ਪ੍ਰਕਾਸ਼ਿਤ ਹੋਇਆ।ਇਸ ਵਿਚ ਮੋਹਨ ਸਿੰਘ ਨੇ ਹੁਸਨ-ਇਸ਼ਕ ਦੀਆਂ ਕਵਿਤਾਵਾਂ ਤੋਂ ਲੈ ਕੇ ਪੰਜਾਬ ਦੇ ਲੋਕ ਵਿਰਸੇ ਪ੍ਰਤੀ ਵੇਰਵੇ ਦੀਆਂ, ਵਤਨ-ਪ੍ਰਸਤੀ ਦੀਆਂ, ਸਿੱਖ ਸਭਿਆਚਾਰ ਅਤੇ ਤਰੱਕੀ-ਪਸੰਦ ਦ੍ਰਿਸ਼ਟੀ ਦੀਆਂ ਨਜ਼ਮਾਂ ਕਹੀਆਂ। ਡਾ. ਤਰਲੋਕ ਸਿੰਘ ਕੰਵਰ (1989 : 127) ਲਿਖਦੇ ਹਨ 'ਮੋਹਨ ਸਿੰਘ ਦੀ ਕਾਵਿ-ਪ੍ਰਤਿਭਾ ਦੇ ਬੁਨਿਆਦੀ ਆਧਾਰ ਤਾਂ ਉਸ ਦੀ ਰਚਨਾ **ਸਾਵੇ ਪੱਤਰ** ਵਿਚ ਹੀ ਪ੍ਰਸਤੁਤ ਹੋ ਜਾਂਦੇ ਹਨ।ਸ਼ੈਲੀਗਤ ਦ੍ਰਿਸ਼ਟੀ ਤੋਂ ਵੀ ਇਹ ਪੋਥੀ ਮੋਹਨ ਸਿੰਘ ਕਾਵਿ ਦੇ ਨਿਵੇਕਲੇ ਸ਼ੈਲੀ-ਨਕਸ਼ਾਂ ਦੀ ਪ੍ਰਤੀਨਿਧਤਾ ਕਰਦੀ ਹੈ।ਮੋਹਨ ਸਿੰਘ ਦੀ ਸ਼ਾਇਰੀ ਵਿਚ ਸੰਵੇਦਨਾ ਤੇ ਪ੍ਰਤੱਖਣਾਂ ਨੂੰ ਵੱਧ ਤੋਂ ਵੱਧ ਅਗਰਭੂਮਿਤ ਕਰਨ ਦੀ ਸਮਰੱਥਾ ਹੈ।ਅਗਰਭੂਮਨ ਵੈਸੇ ਤਾਂ ਚਿੱਤਰਕਾਰੀ ਦੇ ਖੇਤਰ ਦਾ ਸੰਕਲਪ ਹੈ ਪਰ ਇਸ ਦੀ ਹੋਰਨਾਂ ਕਲਾ-ਖੇਤਰਾਂ ਵਿਚ ਸਫਲਤਾ ਨਾਲ ਵਰਤੋਂ ਕੀਤੀ ਗਈ ਹੈ।ਕਾਵਿ-ਰਚਨਾ ਵਿਚ ਅਗਰਭੂਮਨ ਇਕ ਅਜਿਹੀ ਭਾਸ਼ਾ-ਜੁਗਤ ਵਜੋਂ ਕਾਰਜਸ਼ੀਲ ਹੁੰਦਾ ਹੈ ਜਿਸ ਨਾਲ ਕਵੀ ਅਨੂਠੀ ਖਿਚ ਪੈਦਾ ਕਰਦਾ ਹੈ।ਸ਼ੈਲੀ ਵਿਗਿਆਨ ਦੇ ਅਨੁਸ਼ਾਸਨ ਵਿਚ ਅਗਰਭੂਮਨ ਇਕ ਵੱਖਰੇ ਮਾਡਲ ਦੇ ਰੂਪ ਵਿਚ ਵਿਕਸਿਤ ਹੋ ਚੁੱਕਿਆ ਹੈ, ਜਿਸ ਦੀਆਂ ਅੱਗੋਂ ਹੋਰ ਵੀ ਕਈ ਉਪ-ਜੁਗਤਾਂ ਹਨ ਪਰ ਇਥੇ ਅਸੀਂ ਇਨ੍ਹਾਂ ਤਕਨੀਕੀ ਬਰੀਕਿਆਂ ਵਿਚ ਜਾਣ ਤੋਂ ਗੁਰੇਜ਼ ਕੀਤਾ ਹੈ।

ਮੋਹਨ ਸਿੰਘ ਕਾਵਿ ਦਾ ਸਭ ਤੋਂ ਉਘੜਵਾਂ ਲੱਛਣ, ਇਸ ਦਾ ਲੋਕਧਾਰਾਈ ਆਧਾਰ ਹੈ।ਇਸ ਦਾ ਪੋਠੋਹਾਰੀ ਭਾਸ਼ਾਈ ਸਰੂਪ, ਮੁਹਾਵਰਾ ਤੇ ਵਾਤਾਵਰਨ ਸਭ ਲੋਕ ਨੇੜਤਾ ਦੇ ਲਖਾਇਕ ਹਨ।ਇਸ ਨੂੰ ਲੋਕ-ਸ਼ੈਲੀ ਦਾ ਨਾਮ ਦਿੱਤਾ ਜਾ ਸਕਦਾ ਹੈ।ਲੋਕ-ਸ਼ੈਲੀ ਬੋਲ ਸੁਭਾਅ ਵਾਲੀ ਹੁੰਦੀ ਹੈ, ਇਸ ਲਈ ਇਸ ਸ਼ੈਲੀ ਵਿਚਲੀ ਅਜਨਬੀਅਤ ਵੀ ਅਪਣੱਤ ਦੇ ਨੇੜੇ ਹੈ।ਬੋਲਚਾਲ ਵਿਚ ਪ੍ਰਮੁੱਖਤਾ ਅਰਥ-ਸੰਚਾਰ ਦੀ ਹੁੰਦੀ ਹੈ ਪਰ ਕਵਿਤਾ ਦੇ ਅਰਥ ਉਸਦੇ ਸ਼ਬਦਿਕ/ਭਾਸ਼ਾਈ ਮੁਹਾਂਦਰੇ ਤੋਂ ਵਿਛੜਦੇ ਨਹੀਂ।ਕਵਿਤਾ ਨਿਰੋਲ ਅਰਥ ਹੀ ਨਹੀਂ ਸੰਚਾਰਦੀ ਬਲਕਿ ਬੀੜੇ ਹੋਏ ਸ਼ਬਦਾਂ ਦੀ ਬਣਤਰ ਵੀ

ਸੰਚਾਰਦੀ ਹੈ।ਮੋਹਨ ਸਿੰਘ ਨੇ ਸ਼ਬਦ-ਬਣਤਰਾਂ ਵੀ ਉਨ੍ਹਾਂ ਲੈਆਂ ਵਿਚੋਂ ਸੰਚਾਰੀਆਂ ਜੋ ਲੋਕ ਮਾਨਸਿਕਤਾ ਵਿਚ ਪੱਕੀ ਤਰ੍ਹਾਂ ਟਿਕੀਆਂ ਹੋਈਆਂ ਹਨ।ਮਸਲਨ ਸਾਵੇ ਪੱਤਰ ਦੀਆਂ ਪ੍ਰਸਿੱਧ ਕਵਿਤਾਵਾਂ **ਰੱਬ, ਬਸੰਤ, ਅਨਾਰਕਲੀ, ਨੂਰ ਜਹਾਂ** ਆਦਿ ਦੀ ਰਚਨਾ ਬੈਂਤ ਛੰਦ ਵਿਚ ਕੀਤੀ ਗਈ ਹੈ।ਵਾਰਸ ਇਸ ਛੰਦ ਦਾ ਵਾਰਿਸ ਹੈ।ਵਾਰਸ ਦੀ ਹੀਰ ਮਗਰੋਂ ਬੈਂਤ ਛੰਦ ਪੰਜਾਬੀ ਕਵਿਤਾ ਦਾ ਅੰਗ ਬਣ ਗਿਆ।ਬੈਂਤ ਛੰਦ ਜਿਹਾ ਹੀ ਲੋਕ ਪ੍ਰੀਯ ਛੰਦ ਦਵੱਈਆ ਹੈ।ਇਹ ਛੰਦ ਪੰਜਾਬੀ ਬੋਲਚਾਲ ਦੀ ਲੈਅ ਅਨੁਕੂਲ ਹੈ।**ਸੈਦਾ ਅਤੇ ਸਬਜਾਂ** ਦਵੱਈਆ ਛੰਦ ਵਿਚ ਹੈ।ਇਸ ਤੋਂ ਇਲਾਵਾ ਇਸ ਕਾਵਿ-ਪੋਥੀ ਵਿਚ ਕੁਝ ਨਜ਼ਮਾਂ ਲੋਕਯਾਨੀ ਮੁਹਾਵਰੇ ਰਾਹੀਂ ਸੰਚਾਰਿਤ ਹੁੰਦੀਆਂ ਹਨ।ਇਸ ਪੱਖੋਂ **ਸਿਪਾਹੀ ਦਾ ਦਿਲ** ਅਤੇ **ਅੰਬੀ ਦੇ ਬੂਟੇ** ਥੱਲੇ ਵੇਖੀਆਂ ਜਾ ਸਕਦੀਆਂ ਹਨ।ਇਨ੍ਹਾਂ ਨਜ਼ਮਾਂ ਦਾ ਮੁਹਾਂਦਰਾ ਲੋਕ ਗੀਤਾਂ ਵਾਲਾ ਹੈ।

ਪੰਜਾਬੀ ਲੋਕ ਰੀਤ ਵਿਚ ਪ੍ਰਵਾਨ ਚੂੜਾ, ਝਾਂਜਰ, ਚਰਖਾ, ਕੰਗਣ, ਘੁੰਡ, ਪੀੜ੍ਹਾ, ਪੂਣੀ, ਪੀਂਘ, ਟੱਪੇ, ਲੋਰੀ, ਮਾਂਗ, ਛੰਨਾ, ਮੂੰਹ-ਵਿਖਾਈ, ਜੁਲਫ਼, ਬਾਂਗ, ਗੋਦੜੀ, ਠਿੱਬੀ-ਜੁੱਤੀ, ਲੌਂਗ, ਖੂਹ ਤੇ ਵਸਦਾ ਰੱਬ, ਨਗ, ਢੱਗਾ, ਫੂਹੜੀ, ਉਡਣ-ਖਟੋਲਾ, ਸ਼ਮਲਾ, ਛਿੰਜ, ਮਾਹੀ, ਮੂੰਹ-ਝਾਖਰਾ ਅਤੇ ਮਾਂ ਵਰਗਾ ਘਣਛਾਵਾਂ ਬੂਟਾ ਆਦਿ ਅਜਿਹੇ ਚਿੰਨ੍ਹਕੀ ਵੇਰਵੇ ਹਨ ਜੋ ਚਿਰਾਂ ਤੋਂ ਸਥਾਪਿਤ ਜੀਵਨ ਜਾਚ ਨੂੰ ਪ੍ਰਸਾਰਦੇ ਹਨ।ਚਿਰਾਂ ਤੋਂ ਸਥਾਪਿਤ ਜੀਵਨ ਜਾਚ ਹੀ ਸੂਤਰ-ਸ਼ੈਲੀ ਜਾਂ ਅਖਾਣ-ਸ਼ੈਲੀ ਵਿਚ ਢਲ ਜਾਂਦੀ ਹੈ।ਜਿਵੇਂ ਕੋਈ ਸਭਿਆਚਾਰ ਸਥਿਤੀਆਂ ਦੇ ਨਿਚੋੜ ਨੂੰ ਨਿਤਾਰ ਕੇ, ਅਖਾਣ/ਮੁਹਾਵਰੇ ਵਿਚ ਕਰਿਸਟਲ ਕਰ ਲੈਂਦਾ ਹੈ, ਉਵੇਂ ਮੋਹਨ ਸਿੰਘ ਆਪਣੀ ਗੱਲ ਕਹਿਣ ਵਿਚ ਸੰਖੇਪ ਅਤੇ ਨਿਤਾਰੇ ਗਏ ਮੁਹਾਵਰਾ ਰੂਪੀ ਫਿਕਰਿਆਂ ਦੀ ਵਰਤੋਂ ਕਰਦਾ ਹੈ।ਮੁਹਾਵਰੇ ਦੀ ਤਰ੍ਹਾਂ ਲੋਕ ਵਿਸ਼ਵਾਸ਼ ਵੀ ਸਾਡੇ ਜ਼ਿਹਨ ਵਿਚ ਖੁੱਭ ਜਾਂਦੇ ਹਨ ਜਾਂ ਇਉਂ ਕਹਿ ਲਈਏ ਬਈ ਸਾਡੀ ਮਾਨਸਿਕਤਾ ਵਿਚ ਸੰਸਕਾਰ ਬਣ ਕੇ, ਟਿਕੇ ਰਹਿੰਦੇ ਹਨ।ਮੋਹਨ ਸਿੰਘ ਕਾਵਿ ਵਿਚ ਅਜਿਹੇ ਸ਼ੈਲੀਗਤ ਨਮੂਨੇ ਵੀ ਮਿਲਦੇ ਹਨ:

(1) ਦਿਹੁੰ ਲੱਥੇ ਖੋਲ੍ਹਾਂ ਢੱਗੇ,
ਚੜ੍ਹ ਪੈਣ ਸਤਾਰੇ ਬੱਗੇ,
ਨਾ ਹਿੰਗ ਫਟਕੜੀ ਲੱਗੇ,
ਖੁਦ ਦੀਵੇ ਪੈਂਦੇ ਜਗ ਨੀ,
ਸਾਡੇ ਖੂਹ ਤੇ ਵਸਦਾ ਰੱਬ ਨੀ।

(2) ਚੰਨ ਚੜ੍ਹਿਆ ਤੇ ਚੜ੍ਹੀ ਜਵਾਨੀ
ਕਿਥੋਂ ਰਹਿੰਦੇ ਗੁੱਝੇ।

(3) ਤੇਰੇ ਵਰਗਾ ਕਿਹੜਾ ਬਲੀ,
ਸਿੰਙ ਉਤੇ ਜਿਸ ਦੁਨੀਆਂ ਤਲੀ।

ਸਾਵੇ ਪੱਤਰ ਵਿਚ ਪੰਜਾਬੀ ਕਿੱਸਾ ਕਾਵਿ ਦੇ ਪਾਤਰਾਂ ਦੇ ਨਾਵਾਂ-ਥਾਵਾਂ ਦੇ ਹਵਾਲੇ ਵੀ ਮਿਲਦੇ ਹਨ।ਪੰਜਾਬੀ ਵਿਰਸੇ ਵਿਚੋਂ ਧਾਰਮਿਕ ਹਸਤੀਆਂ ਦਾ ਜ਼ਿਕਰ ਹੈ।ਸਿੱਖੀ ਅਤੇ ਦੇਸ਼ ਪਿਆਰ ਕਵਿਤਾਵਾਂ ਦੀ ਰਚਨਾ ਦਾ ਪਿਛੋਕੜ ਪੰਜਾਬ ਦਾ ਇਤਿਹਾਸ ਹੈ।ਇਉਂ ਇਹ ਵੇਰਵੇ ਮੋਹਨ ਸਿੰਘ ਦੀ ਲੋਕਧਾਰਾਈ ਤੇ ਸਭਿਆਚਾਰਕ ਸ਼ੈਲੀ ਦਾ ਧਰਾਤਲ ਹਨ।ਇਹ ਸਾਰੀ ਲੋਕ ਮਾਨਸਿਕਤਾ ਦੇ ਬਲਵਾਨ ਪਰ ਸਹਿਜ ਵੇਰਵੇ ਹਨ।ਇਨ੍ਹਾਂ ਵੇਰਵਿਆਂ ਜਾਂ ਜੁਗਤਾਂ ਨੇ ਹੀ ਮੋਹਨ ਸਿੰਘ ਦੀ **ਸ਼ੈਲੀ** ਵਿਚ ਸਹਿਜ-ਸੁਭਾਵਿਕਤਾ ਦਾ ਗੁਣ ਭਰਿਆ ਹੈ।ਕੁਲ ਮਿਲਾ ਕੇ, ਸਾਵੇ ਪੱਤਰ ਦੀ ਕਾਵਿ-ਸ਼ੈਲੀ ਕਿੱਸਾ ਕਾਵਿ ਵਾਲੀ ਰੋਮਾਂਟਿਕ, ਲੋਕਯਾਨਿਕ ਅਤੇ ਉਰਦੂ/ਫਾਰਸੀ ਦੀ ਅਲੰਕਾਰਿਕ ਭਾਸ਼ਾ-ਸ਼ੈਲੀ ਦਾ ਮਿਸ਼ਰਿਤ ਰੂਪ ਹੈ ਜੋ ਸਥਾਪਿਤ ਦੀ ਦੁਥਾਪਨਾ (Reconstruction) ਕਰਦੀ ਹੈ।

(4)

ਕੁਸੰਭੜਾ (1939) ਅਤੇ **ਅਧਵਾਟੇ** (1943) ਨਾਲ ਮੋਹਨ ਸਿੰਘ ਦੀ ਕਵਿਤਾ ਦੂਜੇ ਪੜਾਅ 'ਤੇ ਪੁਜਦੀ ਹੈ।ਇਸ ਪੜਾਅ ਦੀ ਮੂਲ ਕਾਵਿ-ਸੁਰ ਆਦਰਸ਼ਵਾਦੀ ਹੈ ਪਰ ਕਵੀ ਵਿਚ ਸਮਾਜਿਕ ਚੇਤਨਾ ਵਧਦੀ ਹੈ।**ਤਾਜ ਮਹਿਲ** ਅਤੇ **ਕਸ਼ਮੀਰ** ਅਜਿਹੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਰੋਮਾਂਸਿਕ ਸੁਪਨਮਈ ਜਗਤ ਦੀ ਉਸਾਰੀ ਕਰਨ ਮਗਰੋਂ ਉਸ ਨੂੰ ਯਥਾਰਥ ਦੀ ਦ੍ਰਿਸ਼ਟੀ ਨਾਲ ਤੋੜਿਆ ਗਿਆ ਹੈ।ਦਰਅਸਲ ਇਥੇ ਰੋਮਾਂਟਿਕਤਾ ਅਤੇ ਪ੍ਰਗਤੀਸ਼ੀਲਤਾ ਵਿਚਕਾਰ ਦੁਬਿਧਾ ਹੈ।ਇਸ ਦਾ ਕਾਰਨ ਮੱਧਵਰਗੀ ਨਿਜਵਾਦ ਸੀ।ਸ਼ੈਲੀਗਤ ਦ੍ਰਿਸ਼ਟੀ ਤੋਂ ਬਿਆਨ ਦੀ ਚਿਤਰਾਤਮਕ ਪ੍ਰਗਟਾ-ਵਿਧੀ ਅਤੇ ਬੱਝਵੇਂ ਤੋਲ-ਤੁਕਾਂਤ ਦਾ ਤਿਆਗ ਇਸ ਪੜਾਅ ਦੇ ਵਿਸ਼ੇਸ਼ ਲੱਛਣ ਹਨ।**ਕੁਸੰਭੜਾ** ਪੋਥੀ ਵਿਚੋਂ **ਬੇ-ਵੱਡੀ, ਦੋ ਤਿੱਤਲੀਆਂ, ਆੜੂਆਂ ਕੋਲੋਂ ਲੰਘਦਿਆਂ** ਆਦਿ ਅਤੇ **ਅਧਵਾਟੇ** ਵਿਚੋਂ **ਮੇਰੀ ਬੱਚੀ, ਮੇਰਾ ਦੇਸ਼** ਅਤੇ **ਦੋ ਜੀਵਨ ਮੈਂ ਜੀਵਾਂ** ਆਦਿ ਰਚਨਾਵਾਂ ਇਸ ਦੇ ਸੁੰਦਰ ਨਮੂਨੇ ਹਨ।ਇਨ੍ਹਾਂ ਰਚਨਾਵਾਂ

ਵਿਚ ਕਵੀ ਆਪਣੇ ਰੂਪਕ-ਕਮਾਲ ਰਾਹੀਂ ਸੁਆਲੀਆ-ਸ਼ੈਲੀ ਵਿਚ ਦ੍ਰਿਸ਼ ਨੂੰ ਪਾਠਕ ਸਨਮੁੱਖ ਸਾਕਾਰ ਕਰਦਾ ਹੈ।ਕੁਸੰਭੜੇ ਵਿਚਲੀਆਂ ਕਵਿਤਾਵਾਂ **ਕੁੜੀ ਪੋਠੋਹਾਰ ਦੀ, ਕਸ਼ਮੀਰ** ਅਤੇ **ਤਾਜ ਮਹਲ** ਆਦਿ ਉਤਮ ਨਮੂਨੇ ਹਨ ਜਿਨ੍ਹਾਂ ਵਿਚਲੇ ਚਿਤਰ ਆਪਣੀ ਭਾਵ ਉਸਾਰੀ, ਛੰਦ-ਚਾਲ ਅਤੇ ਸੁਹਜ ਲਈ ਅਦੁੱਤੀ ਹਨ।ਇਸ ਪੜਾਅ ਦੀ ਸ਼ੈਲੀ ਦਾ ਇਕ ਹੋਰ ਲੱਛਣ ਵਿਅੰਗਮਈ ਬਿਆਨ ਹੈ।ਕਵੀ ਸਮੇਂ ਦੀਆਂ ਵਿਖਾਵੇ ਵਾਲੀਆਂ ਧਾਰਮਿਕ, ਸਮਾਜਿਕ ਅਤੇ ਸਦਾਚਾਰਿਕ ਕੀਮਤਾਂ ਦੀ ਨਿਖੇਧੀ ਕਰਦਾ ਹੈ।ਇਸ ਪ੍ਰਸੰਗ ਵਿਚ **ਭਗਤੀ, ਸਤਿਸੰਗ, ਆਓ ਨੱਚੀਏ** ਅਤੇ **ਤਾਜ ਮਹਲ** ਕਵਿਤਾਵਾਂ ਜ਼ਿਕਰਯੋਗ ਹਨ।**ਪਸ਼ੂ** ਕਵਿਤਾ ਦੀ ਪ੍ਰਤੀਕ-ਸ਼ੈਲੀ ਕਵੀ ਦੀ ਪਕੇਰੀ ਸੂਝ ਦੀ ਲਖਾਇਕ ਹੈ :

ਨਾਲ ਸਮਾਨਾਂ ਗੱਲਾਂ ਕਰਦਾ,
ਬਾਂਦਰ ਬੈਠਾ ਰੁੱਖ ਦੀ ਚੋਟੀ,
ਦੋਹਾਂ ਮੁੱਠੀਆਂ ਦੇ ਵਿਚ ਘੁੱਟੀ,
ਤਿੰਨ ਚੌਥਾਈ ਜੱਗ ਦੀ ਰੋਟੀ।

ਕਵਿਤਾ **ਤਾਜ ਮਹਲ** ਦੀ ਭਾਸ਼ਕ ਜੁਗਤ, ਇਸ ਦੀ ਹੋਂਦ-ਵਿਧੀ ਦੇ ਸਮਾਨੰਤਰ ਵਿਚਰਦੀ ਹੈ।ਇਸ ਲਈ ਇਹ ਕਵਿਤਾ ਨਾ ਕੇਵਲ ਮੋਹਨ ਸਿੰਘ ਦੀ ਕਾਵਿ-ਸ਼ੈਲੀ ਦੇ ਸੁਹਜ ਦਾ ਉਤਮ ਤੇ ਪ੍ਰਤਿਨਿਧ ਨਮੂਨਾ ਹੈ ਬਲਕਿ ਉਸਦੀ ਕਾਵਿ-ਦ੍ਰਿਸ਼ਟੀ ਦੀ ਰੂਪ-ਘੜਤ ਦਾ ਵੀ ਸੁੰਦਰ ਪ੍ਰਮਾਣ ਹੈ।ਕੁਲ 16 ਬੰਦਾਂ ਦੀ ਇਸ ਕਵਿਤਾ ਵਿਚ ਤਿੰਨ ਬਿੰਬ-ਵਿਧਾਨ ਹਨ ਅਤੇ ਦੋ ਯੂਨਿਟ ਹਨ।ਦੋਵੇਂ ਯੂਨਿਟਾਂ ਵਿਚ ਦੋ ਵਿਰੋਧੀ ਪੱਖ ਸਾਕਾਰ ਹੁੰਦੇ ਹਨ।ਪਹਿਲਾਂ ਪਾਠ ਦਾ ਇਕ ਪੱਖ ਪੇਸ਼ ਕੀਤਾ ਗਿਆ ਅਤੇ ਫਿਰ ਦੂਜਾ।ਇਉਂ ਹਾਂ-ਪੱਖੀ ਅਤੇ ਨਾ-ਪੱਖੀ ਵਿਚਾਰਾਂ ਦੇ ਪਰਸਪਰ ਟਕਰਾਓ ਵਿਚੋਂ ਇਹ ਕਵਿਤਾ ਆਪਣੀ ਹੋਂਦ ਗ੍ਰਹਿਣ ਕਰਦੀ ਹੈ।ਵਾਸਤਵ ਵਿਚ ਇਸ ਕਵਿਤਾ ਦਾ ਰਚਨਾ ਵਿਧਾਨ ਸਮਕਾਲੀ ਸਮਾਜਿਕ ਪ੍ਰਬੰਧ ਦੀ ਗੁਪਤ-ਜੁਗਤ ਨਾਲ ਮੇਲ ਖਾਂਦਾ ਜਾਪਦਾ ਹੈ।ਕਵਿਤਾ ਦੇ ਆਰੰਭਕ ਬੰਦਾਂ ਦੇ ਭਾਸ਼ਾਈ ਪ੍ਰਬੰਧ ਦੀ ਬਾਹਰੀ ਬਣਤਰ ਪ੍ਰਾਕ੍ਰਿਤਕ ਦ੍ਰਿਸ਼ ਦਾ ਵਰਣਨ ਕਰਦੀ ਜਾਪਦੀ ਹੈ :

ਦੁੱਧ ਚਿੱਟੀਆਂ ਰੰਗਦਾਰ ਮਰਮਰਾਂ ਦੇ ਗਲ ਘਤ ਕੇ ਬਾਹੀਂ,
ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ ਸੁਤੀਆਂ ਬੇਪਰਵਾਹੀਂ
ਬਿਰਛਾਂ ਬੂਟਿਆਂ ਦੇ ਪਰਛਾਵੇਂ ਨਸ਼ਿਆਂ ਨਾਲ ਗੜੂੰਦੇ,

ਘਾਹ ਦੇ ਸੁਹਲ ਸੀਨਿਆਂ ਉਤੇ ਸਵਾਦ ਸਵਾਦ ਹੋ ਉਂਘੇ,
ਲਗ ਟਾਹਣਾਂ ਗਲ ਵੇਲਾਂ ਸੁੱਤੀਆਂ, ਲਗ ਵੇਲਾਂ ਗਲ ਕਲੀਆਂ,
ਲਗ ਕਲੀਆਂ ਗਲ ਗੰਧਾਂ ਸੁੱਤੀਆਂ, ਨੀਂਦ ਵਲੇਵੇਂ ਬਣੀਆਂ...।

ਇਉਂ ਇਸ ਕਵਿਤਾ ਦੇ ਅਰੰਭ ਵਿਚ ਕਵੀ ਨੇ ਧੁਨੀਆਂ, ਸ਼ਬਦਾਂ, ਵਾਕੰਸ਼ਾਂ ਅਤੇ ਵਾਕਾਂ ਦੀਆਂ ਭਾਸ਼ਾ-ਸ਼ੈਲੀਗਤ ਸੰਗਤੀਆਂ ਰਾਹੀਂ ਨਿਰਜੀਵ ਪ੍ਰਕਿਰਤੀ ਦਾ ਸਜੀਵ ਬਿਰਤੀ ਵਾਲਾ ਚਿਹਨਕੀ-ਸਰੂਪ ਸਿਰਜਿਆ ਹੈ ਜੋ ਕਿ ਭਾਸ਼ਕੀ ਅਤੇ ਅਰਥਕੀ ਦ੍ਰਿਸ਼ਟੀ ਤੋਂ ਪਰਾਹਿਤ ਹੈ।ਇਹ ਕਾਵਿ-ਟੂਕਾਂ ਮੋਹਨ ਸਿੰਘ ਦੇ ਕਰਤਾਰੀ ਤੇਜੱਸਵ ਦਾ ਇਕ ਪਾਸਾਰ ਪੇਸ਼ ਕਰਦੀਆਂ ਹਨ।ਸ਼ਬਦਾਂ ਨੂੰ ਮੈਟਾਫਰ ਵਾਂਗ ਵਰਤਣ ਦੀ ਮੋਹਨ ਸਿੰਘ ਦੀ ਕਾਵਿ-ਸ਼ੈਲੀ 'ਚ ਸੁਹਜ ਹੈ।ਉਸ ਪਾਸ ਸ਼ਬਦ-ਸੰਜਮ ਬੇਜੋੜ ਹੈ।ਇਹ ਮੋਹਨ ਸਿੰਘ ਦਾ ਸ਼ੈਲੀਗਤ-ਅਭਿਨੈ ਹੈ।ਇਸ ਕਵਿਤਾ ਦਾ ਡੀਕੋਡੀਕਰਨ ਬੜੇ ਸਾਰਥਕ ਸਿੱਟੇ ਕੱਢਦਾ ਹੈ।ਭਾਸ਼ਾ ਦੀ ਬਾਹਰੀ ਬਣਤਰ ਵਿਚੋਂ ਜੋ ਕੁਦਰਤੀ ਦ੍ਰਿਸ਼ ਉਜਾਗਰ ਹੁੰਦੇ ਹਨ, ਵਾਸਤਵ ਵਿਚ ਭਾਵ ਬਣਤਰ ਦੇ ਪੱਧਰ 'ਤੇ ਉਹ ਸਾਰੇ ਚਿਤਰ ਮਨੁੱਖ ਦੇ ਵਿਲਾਸੀਮਨ ਨੂੰ ਮੂਰਤੀਮਾਨ ਕਰਦੇ ਹਨ।ਸੁਹਲ, ਵਿਹਲੇ, ਬੇਪ੍ਰਵਾਹ ਤੇ ਨਸ਼ੱਈ ਬੰਦੇ ਵਿਲਾਸ-ਵਿਰਾਮ ਵਿਚ ਗੜੂੰਦ ਜੀਵਨ ਦੇ ਸੁੱਖਾਂ ਦਾ ਅਨੰਦ ਮਾਣ ਰਹੇ ਹਨ।ਇਹ ਸਾਧਨ-ਸੰਪੰਨ ਲੋਕਾਂ ਦਾ ਬਿੰਬ ਹੈ।ਇਸ ਦੇ ਵਿਪਰੀਤ ਜੀਵਨ ਦੇ ਸੁਖ-ਸਾਧਨਾਂ ਨੂੰ ਸਿਰਜਨ ਦਾ ਕਾਰਜ ਹੈ ਜੋ ਕਵਿਤਾ ਦੇ ਤੀਜੇ ਬਿੰਬ-ਵਿਧਾਨ ਵਿਚ ਪੇਸ਼ ਹੋਇਆ ਹੈ :

ਹੜ੍ਹ ਮਜ਼ਦੂਰਨੀਆਂ ਦਾ ਵਗਿਆ ਨਾਲ ਮਜੂਰ ਹਜ਼ਾਰਾਂ,
ਚੁੱਕੀ ਕਹੀਆਂ ਦੁਰਮਟ ਤੇਸੇ, ਬੱਝੇ ਵਿਚ ਵਗਾਰਾਂ,
ਦੁੱਧੀਆਂ ਲਾਲ ਪਲਮਦੇ ਬੱਚੇ, ਕੰਮੀ ਰੁਝੀਆਂ ਮਾਵਾਂ,
ਅੱਖਾਂ ਦੇ ਵਿਚ ਛਲਕਣ ਅੱਥਰੂ ਹਿੱਕਾਂ ਦੇ ਵਿਚ ਆਹਾਂ।
ਬੋਕਿਆਂ ਵਰਗੇ ਪੇਟ ਉਹਨਾਂ ਦੇ ਤੁਕਿਆਂ ਵਰਗੇ ਗਾਟੇ,
ਛਾਲੇ-ਛਾਲੇ ਹੱਥ ਉਹਨਾਂ ਦੇ ਪੈਰ ਬਿਆਈਆਂ ਪਾਟੇ।
ਫਿਰ ਵੀ ਕੰਮ ਕਰਾਵਣ ਵਾਲੇ ਮਾਰ ਮਾਰ ਕੇ ਫਾਟਾਂ,
ਮਾਸੂਮਾਂ ਦੇ ਪਿੰਡਿਆਂ ਉਤੇ ਚਾੜ੍ਹੀ ਜਾਣ ਸਲਾਟਾਂ।

ਕਵਿਤਾ ਦੇ ਇਸ ਭਾਗ ਵਿਚ ਸਾਡੇ ਕੰਮੀ-ਰੁੱਝੇ ਵਰਗ ਦੇ ਸੱਚ ਦਾ ਚਿਤਰ ਹੈ।ਇਥੇ ਵੀ ਭਾਸ਼ਾਈ ਤੇ ਗੈਰ-ਭਾਸ਼ਾਈ ਪਰਾਹਨ ਹਾਜ਼ਿਰ ਹੈ।'ਮਜ਼ਦੂਰਨੀਆਂ ਦੇ ਹੜ੍ਹ ਦਾ ਵਗਣਾ' ਵਾਲਾ ਕਥਨ ਇਸ ਦਾ ਪ੍ਰਮਾਣ ਹੈ।ਭਾਸ਼ਾ-ਸ਼ੈਲੀਗਤ ਸੰਗਤੀਆਂ ਵੀ ਮੋਹਨ ਸਿੰਘ ਦੇ ਸ਼ੈਲੀ-ਸਰੂਪ ਦੀ ਨੱਕਾਸ਼ੀ ਦਾ ਪ੍ਰਮਾਣ ਪੇਸ਼ ਕਰ ਰਹੀਆਂ ਹਨ।ਪਰ ਇਨ੍ਹਾਂ ਕਾਵਿ-ਬੰਦਾਂ ਵਿਚ ਸ਼ਬਦ-ਸੰਯੋਗ ਇੰਜ ਊਰਜਾ ਭਰਿਆ ਹੈ ਕਿ ਸਾਡੇ ਸਮਾਜਿਕ ਵਰਤਾਰੇ ਵਿਚਲੇ ਤਸ਼ੱਦਦ, ਤਣਾਓ, ਅੰਤਰ-ਵਿਰੋਧ ਤੇ ਹਿੰਸਾ ਆਦਿ ਪਾਠਕ-ਮਨ ਤੇ ਅਮਿਟ ਪ੍ਰਭਾਵ ਪਾਉਂਦੇ ਹਨ ; ਪਾਠਕ ਦੀ ਸੁਰਤ ਨੂੰ ਜ਼ਖ਼ਮੀ ਕਰ ਜਾਂਦੇ ਹਨ।ਇਹ ਕਵਿਤਾ ਸੁੱਖ ਤੋਂ ਆਰੰਭ ਹੋ ਕੇ ਦੁੱਖ ਵਿਚ ਮੁਕਦੀ ਹੈ।ਦੁੱਖ ਦਾ ਮੂਲ ਕਾਰਨ ਅਸਾਵੀਂ ਸਮਾਜਿਕ ਵਰਗਵੰਡ ਹੈ।ਕੰਮੀ ਵਰਗ ਦਾ ਕਰੜਾ ਕੰਮ ਸੁਖ ਲਈ ਨਹੀਂ, ਇਕ ਮਜ਼ਬੂਰੀ ਹੈ, ਵਗਾਰ ਹੈ।ਜਦ ਕਿ ਅਮੀਰ ਵਰਗ ਕਿਰਤ ਵਿਛੁੰਨਾ ਤੇ ਨੀਂਦਰ ਰਸੀਆ ਹੈ ਜੋ ਮੱਧ ਵਰਗ ਨੂੰ ਸੁੰਦਰ ਜਾਪਦਾ ਹੈ।ਸਾਡੀ ਸਮਾਜਿਕ-ਆਰਥਿਕ ਸਥਿਤੀ ਦਾ ਇਹੋ ਵਿਅੰਗ ਹੈ ਜੋ ਕਿ ਕਵਿਤਾ ਦੇ ਆਖਰੀ ਬੰਦ ਵਿਚ ਸੁਚੇਤ ਪੱਧਰ ਤੇ ਪੇਸ਼ ਹੋਇਆ ਹੈ।ਕਵਿਤਾ ਦੀ ਭਾਸ਼ਾਈ ਲੈਅ ਸਿਫ਼ਤੀ ਹੈ ਪਰ ਭਾਸ਼ਾਈ ਤਣਾਓ ਭਾਸ਼ਾਈ ਸੰਕਟ ਨੂੰ ਪੈਦਾ ਕਰਦਾ ਹੈ ਜੋ ਅਸਲ ਵਿਚ ਵਿਚਾਰਧਾਰਾਈ ਸੰਕਟ ਹੀ ਹੈ :

ਕੀ ਉਹ ਹੁਸਨ ਹੁਸਨ ਹੈ ਸੱਚਮੁੱਚ ਯਾ ਉਂਜੇ ਹੀ ਛਲਦਾ
ਲੱਖ ਗਰੀਬਾਂ ਮਜ਼ਦੂਰਾਂ ਦੇ ਹੰਝੂਆਂ ਤੇ ਜੋ ਪਲਦਾ ?

ਇਸ ਕਵਿਤਾ ਨੂੰ ਵਿਭਿੰਨ ਸਾਹਿਤ-ਚਿੰਤਕਾਂ ਨੇ ਆਪੋ-ਆਪਣੀ ਸੂਝ-ਦ੍ਰਿਸ਼ਟੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ।ਅਸੀਂ ਭਾਸ਼ਾਈ-ਪ੍ਰਬੰਧ ਰਾਹੀਂ ਭਾਵ-ਪ੍ਰਬੰਧ ਨੂੰ ਉਜਾਗਰ ਕੀਤਾ ਹੈ।ਸ਼ੈਲੀ ਵਿਗਿਆਨੀ ਇਸ ਨੂੰ ਡੀਕੋਡਿੰਗ ਦਾ ਲਕਬ ਦਿੰਦੇ ਹਨ।ਉਨ੍ਹਾਂ ਅਨੁਸਾਰ ਰਚੈਤਾ ਦੀ ਇਨਕੋਡਿੰਗ ਤਾਂ ਸਥਾਈ ਹੈ ਪਰ ਪਾਠਕ ਦੀ ਡੀਕੋਡਿੰਗ ਬਦਲਦੀ ਰਹਿੰਦੀ ਹੈ।ਇਸ ਸਿਲਸਿਲੇ ਦੀ ਮੁੰਦਾਵਣੀ ਕਿਤੇ ਨਹੀਂ।

(5)

ਮੋਹਨ ਸਿੰਘ ਦੀ ਕਾਵਿ-ਕਲਾ **ਕੱਚ ਸੱਚ** (1950) **ਆਵਾਜ਼ਾਂ** (1954) ਅਤੇ **ਵੱਡਾ ਵੇਲਾ** (1958) ਰਾਹੀਂ ਤੀਜੇ ਪੜਾਅ ਉਤੇ ਪੁੱਜਦੀ ਹੈ।ਕੱਚ ਸੱਚ ਵਿਚ ਪ੍ਰੀਤ ਦੇ ਆਦਰਸ਼ਾਂ ਨੂੰ ਕੱਚ ਅਤੇ ਸਮਾਜਿਕ ਆਦਰਸ਼ਾਂ ਨੂੰ ਸੱਚ ਕਿਹਾ ਹੈ।ਇਸ ਪੜਾਅ

ਤੇ ਕਵੀ ਦੀ ਸਮਾਜਿਕ ਸੂਝ ਹੋਰ ਪਕੇਰੀ ਹੁੰਦੀ ਨਜ਼ਰ ਆਉਂਦੀ ਹੈ।ਇਥੇ ਉਸਦੇ ਭਾਸ਼ਾਈ ਕੋਡਾਂ ਦਾ ਆਧਾਰ ਪ੍ਰਗਤੀਸ਼ੀਲ-ਵਿਚਾਰਧਾਰਾ ਹੈ।ਇਸ ਲਈ ਉਹ ਮੱਧਵਰਗੀ ਨਿਜਵਾਦ ਨੂੰ ਤੋੜਣ ਦਾ ਯਤਨ ਕਰਦਾ ਹੈ।ਇਥੇ ਪਹਿਲੇ ਪੜਾਅ ਵਾਲਾ ਸੰਕਟ ਖਤਮ ਹੋ ਜਾਂਦਾ ਹੈ।ਇਸ ਲਈ ਭਾਸ਼ਾ-ਸ਼ੈਲੀ ਦਾ ਸੰਕਟ ਵੀ ਪੈਦਾ ਨਹੀਂ ਹੁੰਦਾ।ਦਰਅਸਲ ਕਿਸੇ ਨਿਸ਼ਚਿਤ ਦ੍ਰਿਸ਼ਟੀ ਦੀ ਅਣਹੋਂਦ ਹੀ ਭਾਸ਼ਾਈ ਸੰਕਟ ਨੂੰ ਜਨਮ ਦਿੰਦੀ ਹੈ।ਭਾਸ਼ਾ ਦਾ ਸੰਬੰਧ ਯਥਾਰਥ ਦੇ ਸਪਾਟ ਬਿਆਨ ਨਾਲ ਹੀ ਨਹੀਂ ਸਗੋਂ ਯਥਾਰਥ ਨੂੰ ਖਾਸ ਦਿਸ਼ਾ ਪ੍ਰਦਾਨ ਕਰਨ ਨਾਲ ਵੀ ਹੁੰਦਾ ਹੈ।ਇਉਂ ਕਾਵਿ-ਭਾਸ਼ਾ ਦੀ ਸ਼ਕਤੀ ਅਰਥਾਂ ਦੇ ਚੰਗਿਆੜਿਆਂ ਵਿਚ ਤਬਦੀਲ ਹੋ ਜਾਂਦੀ ਹੈ। ਇਸ ਪੜਾਅ ਤੇ ਮੋਹਨ ਸਿੰਘ ਦੀ ਕਾਵਿ-ਸ਼ੈਲੀ ਅਜਿਹੀ ਸੁਰ ਅਲਾਪਦੀ ਨਜ਼ਰ ਆਉਂਦੀ ਹੈ।

1) ਪੂੰਜੀਦਾਰਾਂ ਦੇ ਸਹਾਰੇ
ਅੱਜ ਦੀ ਸਰਕਾਰ ਹੈ,
ਜੱਟ ਦੀ ਚਮੜੀ ਤੇ ਚਿਚੜ
ਵਾਂਗ ਸ਼ਾਹੂਕਾਰ ਹੈ।

2) ਦੋ ਟੋਟਿਆਂ ਵਿਚ ਭੌਂ ਟੁੱਟੀ,
ਇਕ ਮਹਿਲਾਂ ਦਾ ਇਕ ਢੋਕਾਂ ਦਾ,
ਦੋ ਧੜਿਆਂ ਵਿਚ ਖਲਕਤ ਵੰਡੀ
ਇਕ ਲੋਕਾਂ ਦਾ ਇਕ ਜੋਕਾਂ ਦਾ।

3) ਦਾਤੀਆਂ, ਕਲਮਾਂ ਅਤੇ ਹਥੌੜੇ,
ਕੱਠੇ ਕਰ ਲਉ ਸੰਦ ਓ ਯਾਰ
ਤਗੜੀ ਇਕ ਤ੍ਰਿਸ਼ੂਲ ਬਣਾਓ
ਯੁੱਧ ਕਰੋ ਪ੍ਰਚੰਡ ਓ ਯਾਰ
ਜੈ ਜੈ ਕਾਰ ਕਿਰਤ ਦੀ ਹੋਵੇ।
ਲੱਗੇ ਜ਼ੁਲਮ ਦੀ ਕੰਡ ਉਹ ਯਾਰ।

ਭਾਸ਼ਾ ਵਾਂਗ ਸ਼ੈਲੀ ਵੀ ਕਾਵਿ-ਰਚਨਾ ਦੀ ਸਹਿਜ ਸੰਗੀ ਹੁੰਦੀ ਹੈ।ਕਾਵਿ ਰਚਨਾ ਸਭਿਆਚਾਰਿਕ ਅਮਲ ਹੈ।ਕਵੀ ਦਾ ਸਭਿਆਚਾਰ ਨਾਲ ਜੁੜੇ ਹੋਣ ਦਾ ਮਤਲਬ ਧੁਰੋਂ ਤੁਰੀਆਂ ਆ ਰਹੀਆਂ ਬਣਤਰਾਂ ਦਾ ਸਿਮਰਨ ਨਹੀਂ ਸਿਰਜਣ ਹੈ।ਮੋਹਨ ਸਿੰਘ

ਇਥੇ ਇਸ ਗੱਲੋਂ ਪੂਰੀ ਤਰ੍ਹਾਂ ਚੇਤੰਨ ਹੈ।ਇਸੇ ਲਈ ਇਥੇ ਉਹ ਕਾਵਿ-ਚਿੰਨ੍ਹ ਉਹ ਵਰਤਦਾ ਹੈ ਜਿਹੜੇ ਪਾਠਕਾਂ ਦੇ ਸਮੂਹਿਕ ਅਵਚੇਤਨ ਦਾ ਹਿੱਸਾ ਬਣ ਚੁੱਕੇ ਹਨ।

ਸ਼ੈਲੀ ਦੇ ਪੱਖੋਂ ਦੂਜਾ ਪਰਿਵਰਤਨ ਇਥੇ ਇਹ ਵਾਪਰਦਾ ਹੈ ਕਿ ਲੋਕ ਧਾਰਨਾ ਫਿਰ ਕਵੀ ਨੂੰ ਆਪਣੇ ਵੱਲ ਖਿਚਦੀ ਹੈ।**ਆਵਾਜ਼ਾਂ** ਕਾਵਿ-ਪੋਥੀ ਵਿਚ ਕਵੀ ਨੇ ਸਮਕਾਲੀ ਸੰਕਟ ਦੇ ਬਿਆਨ ਲਈ ਲੋਕ-ਛੰਦਾਂ ਨੂੰ ਅਪਣਾਇਆ ਹੈ।**ਘੋਲ** ਕਵਿਤਾ ਕਬਿੱਤ ਛੰਦ ਵਿਚ ਲਿਖੀ ਗਈ ਹੈ ਜਿਸ ਵਿਚ ਰਵਾਇਤੀ ਕਿਸੇ ਜਾਂ ਚਿੱਠੇ ਲਿਖੇ ਜਾਂਦੇ ਸਨ :

ਹੋਣ ਲੱਗਾ ਘੋਲ ਯਾਰੋ ਲੋਕਾਂ ਤੇ ਜੋਕਾਂ ਦਾ,
ਹੋਵਣਾ ਨਿਬੇੜਾ ਅਜ ਮਹਿਲਾਂ ਅਤੇ ਲੋਕਾਂ ਦਾ
ਛਿੰਜ ਵਿਚ ਆਣ ਲੱਥੇ ਸੱਤ ਤੇ ਕੁਸੱਤ ਜੀ,
ਉਠੋ ਕਿਰਸਾਨੋ ਵੇਲਾ ਆਉਣਾ ਨਾ ਵੱਤ ਜੀ।

ਕਾਵਿ ਪੋਥੀ ਦੇ ਸ਼ੀਰਸ਼ਕ ਵਾਲੀ ਕਵਿਤਾ **ਆਵਾਜ਼ਾਂ** ਦੀ ਰਚਨਾ **ਪਗੜੀ ਸੰਭਾਲ ਓ ਜੱਟਾ-ਪਗੜੀ** ਸੰਭਾਲ ਵਾਲੇ ਗੀਤ ਦੀ ਧਾਰਨਾ ' ਤੇ ਕੀਤੀ ਜੋ ਕਿ ਕਿਸਾਨ ਲਹਿਰ ਸਮੇਂ ਬਹੁਤ ਪ੍ਰਸਿੱਧ ਹੋਇਆ।**ਗੱਜਣ ਸਿੰਘ** ਵਿਚ ਕੇਵਲ ਕਥਾ-ਕਾਵਿ (Balled) ਦੇ ਰੂਪ ਨੂੰ ਹੀ ਨਹੀਂ ਅਪਨਾਇਆ ਸਗੋਂ ਪ੍ਰਸਿੱਧ ਪੰਜਾਬੀ ਗੀਤ **ਜੱਗਾ ਜੰਮਿਆ ਤੇ ਮਿਲਣ ਵਧਾਈਆਂ** ਦੀ ਤਰਜ਼ ਨੂੰ ਵੀ ਅਪਨਾਇਆ ਹੈ। **ਕਿਹਰੇ ਦੀ ਵਾਰ** ਅਤੇ **ਚੀਰ ਪੜ** ਬੀਰਤਾ ਤੇ ਰੋਮਾਂਸਿਕ ਰੰਗਣ ਵਾਲੀਆਂ ਬੀਰ-ਗਥਾਵਾਂ ਹਨ।**ਜੱਟੀਆਂ ਦਾ ਗੀਤ** ਵਿਚ ਗਰੀਬ ਕਿਸਾਨੀ ਦੇ ਦੁੱਖ-ਸੁੱਖ ਦੀ ਚੇਤਨਾ ਤੇ ਉਸ ਦੀ ਜੁਝਾਰੂ ਸ਼ਕਤੀ ਦੀ ਮਾਰਮਿਕ ਪੇਸ਼ਕਾਰੀ ਹੈ।ਇਸ ਦੀ ਸ਼ਬਦਾਵਲੀ ਤੇ ਰੂਪ ਦੋਵੇਂ ਹੀ ਲੋਕ ਗੀਤ ਵਾਲੇ ਹਨ।ਦਰਅਸਲ ਗੀਤ-ਸ਼ੈਲੀ ਮੋਹਨ ਸਿੰਘ ਦੀ ਕਾਵਿ-ਦੁਨੀਆਂ ਦਾ ਧੁਰਾ ਹੈ।ਸਾਵੇ ਪੱਤਰ ਤੋਂ ਲੈ ਕੇ ਬੂਹੇ ਤਕ ਗੀਤ ਦੀ ਕੋਈ ਨਾ ਕੋਹੀ ਵੰਨਗੀ ਸਾਨੂੰ ਮਿਲ ਜਾਂਦੀ ਹੈ।ਉਸ ਦੀ ਆਖਰੀ ਪੋਥੀ ਬੂਹੇ ਦੇ ਆਖਰੀ ਪੰਨਿਆਂ 'ਤੇ ਵੀ ਚਾਰ ਗੀਤ ਅੰਕਿਤ ਹਨ ਜਿਹੜੇ ਕਿ ਉਸ ਦੀ ਗੀਤ-ਸ਼ੈਲੀ ਦਾ ਸਿਖਰ ਹਨ :

(1) ਬਹੁਤੀ ਬੀਤ ਗਈ ਵਾਅਦਿਆਂ ਤੇ ਲਾਰਿਆਂ ਦੇ ਨਾਲ
ਬਾਕੀ ਕੱਟ ਲਾਂਗੇ ਯਾਦਾਂ ਦੇ ਸਹਾਰਿਆਂ ਦੇ ਨਾਲ

(2) ਗਿਣ ਗਿਣ ਕਦਮ ਧਰੇ, ਸੰਭਲ ਬੁੱਕ ਭਰੇ
ਤਿਲ ਬੁਹਰੜੇ ਜੀ,
ਮੁਕ ਚੱਲੇ, ਮੁਕ ਚੱਲੇ, ਮੁਕ ਚੱਲੇ,

ਗੀਤ ਮੋਹਨ ਸਿੰਘ ਦੇ ਹਰ ਪੜਾ ਤੇ ਸਾਥੀ ਰਿਹਾ ਹੈ।ਗੀਤ ਉਸ ਦੀ ਕਵਿਤਾ ਦੀ ਰੂਹ ਹਨ।ਉਹ ਪੰਜਾਬੀ ਦਾ ਸੁਘੜ ਗੀਤਕਾਰ ਹੈ।ਉਸ ਦੀ ਗੀਤ ਸ਼ੈਲੀ ਤਾਂ ਇਕ ਵੱਖਰੇ ਪਰਚੇ ਦੀ ਮੰਗ ਕਰਦੀ ਹੈ।ਪਰ ਇਸ ਪ੍ਰਸੰਗ ਵਿਚ ਇਥੇ ਇਹ ਤੱਥ ਕਾਬਲੇ ਗੌਰ ਹੈ ਕਿ ਗੀਤਕਾਰੀ ਪੰਜਾਬੀ ਸ਼ਾਇਰੀ ਦਾ ਅੰਗ ਰਹੀ ਹੈ। ਅਜੋਕੇ ਸਮੇਂ ਵਿਚ ਗੀਤ ਮਹਿਜ਼ ਮਨੋਰੰਜਨ ਦਾ ਸਾਧਨ-ਮਾਤਰ ਬਣ ਕੇ, ਰਹਿ ਗਿਆ ਹੈ।ਸ਼ਾਇਰੀ ਇਸ ਵਿਚੋਂ ਗਾਇਬ ਹੈ।ਇਸ ਨੂੰ ਪੰਜਾਬੀ ਸ਼ਾਇਰੀ ਦਾ ਹਿੱਸਾ ਬਣਾਉਣ ਦੀ ਲੋੜ ਹੈ।ਮੋਹਨ ਸਿੰਘ ਦੇ ਗੀਤ ਸਾਡੇ ਪਾਸ ਮਾਡਲ ਹਨ।ਮੋਹਨ ਸਿੰਘ ਪੰਜਾਬੀ ਸਭਿਆਚਾਰ ਵਿਚ ਪ੍ਰਚੱਲਿਤ ਲੋਕ-ਛੰਦਾਂ ਅਤੇ ਲੋਕ ਗੀਤਾਂ ਦੀ ਸ਼ੈਲੀ ਨੂੰ ਵਰਤਦਾ ਹੋਇਆ ਨਾ ਕੇਵਲ ਪੰਜਾਬ ਦੇ ਲੋਕਾਂ ਨਾਲ ਹੀ ਸੰਬੰਧ ਸਥਾਪਿਤ ਕਰਦਾ ਹੈ ਬਲਕਿ ਪੰਜਾਬੋਂ ਬਾਹਰਲੇ ਲੋਕਾਂ ਦੇ ਸੰਘਰਸ਼ ਨੂੰ ਵੀ ਆਪਣੀ ਕਵਿਤਾ ਰਾਹੀਂ ਸੰਚਾਰਦਾ ਹੈ।ਮਸਲਨ **ਮੰਗਲੀ** ਕਵਿਤਾ ਆਂਧਰਾ ਪ੍ਰਦੇਸ਼ ਦੇ ਲੋਕ ਸੰਘਰਸ਼ ਨੂੰ ਪੇਸ਼ ਕਰਦੀ ਹੈ।**ਸੁਰੇਸ਼ ਤੇ ਕਬੀਤਾ** ਵਿਚ ਉਹ ਬਿਹਾਰ ਦੇ ਲੋਕ ਸੰਘਰਸ਼ ਦੇ ਦੋ ਬਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ।**ਕਿਹਰੇ ਦੀ ਵਾਰ** ਵੀ ਇਸੇ ਪ੍ਰਕਾਰ ਦੀ ਰਚਨਾ ਹੈ।ਉਦੋਂ ਅੰਤਰ-ਰਾਸ਼ਟਰੀ ਅਮਨ ਲਹਿਰ ਵੀ ਲੋਕ ਸੰਘਰਸ਼ ਦਾ ਇਕ ਵਿਸ਼ੇਸ਼ ਰੂਪ ਸੀ।ਮੋਹਨ ਸਿੰਘ ਨੇ ਇਸ ਲਹਿਰ ਦੇ ਪ੍ਰਭਾਵ ਅਧੀਨ ਕੌਮਾਂਤਰੀ ਏਕਤਾ ਤੇ ਸਮੂਹਿਕ ਪਿਆਰ ਦੇ ਗੀਤ ਲਿਖੇ।ਇਸ ਪ੍ਰਸੰਗ ਵਿਚ ਉਸਦੀ ਰਚਨਾ **ਦੋ ਅਮਨ ਗੀਤ** ਕਾਬਲੇ ਜ਼ਿਕਰ ਹੈ।ਇਸ ਸਮੇਂ ਲਿਖੀ ਕਵਿਤਾ ਦੀ ਸ਼ੈਲੀਗਤ ਸੁਰ ਸੰਬੋਧਨੀ ਹੈ।

ਝਟ ਅਮਨ ਦੇ ਝੰਡੇ ਹੇਠ ਜੁੜੋ,
ਨਹੀਂ, ਬਚਣਾ, ਇਹ ਸੰਸਾਰ ਨਹੀਂ।
ਕਦ ਦਰ ਦੋਜ਼ਖ ਦੇ ਖੋਹਲ ਦੇਣ।
ਜੰਗਬਾਜ਼ਾਂ ਦਾ ਇਤਬਾਰ ਨਹੀਂ।

ਇਉਂ ਇਸ ਪੜਾਅ 'ਤੇ ਮੋਹਨ ਸਿੰਘ ਦੀ ਕਾਵਿ-ਸ਼ੈਲੀ ਇਕ ਵਾਰ ਫੇਰ ਲੋਕ ਮੁਖੀ ਹੋ ਜਾਂਦੀ ਹੈ।ਕਵਿਤਾ ਵਿਚ ਸਰੋਦੀ ਤੱਤ ਵੱਧ ਜਾਂਦਾ ਹੈ।ਪਰ ਭਾਸ਼ਾ-ਸ਼ੈਲੀ ਵਿਚ ਪੋਠੋਹਾਰੀ ਅੰਸ਼ ਕਾਫ਼ੀ ਹੱਦ ਤੱਕ ਲੋਪ ਹੋ ਜਾਂਦਾ ਹੈ।

(6)

ਜੰਦਰੇ (1954) ਅਤੇ ਜੈਮੀਰ (1968) ਕਾਵਿ-ਪੋਥੀਆਂ ਨੂੰ ਇਤਿਹਾਸਕ ਪਰਿਪੇਖ ਤੋਂ ਮੋਹਨ ਸਿੰਘ ਦੀ ਕਾਵਿ-ਕਲਾ ਦੇ ਚੌਥੇ ਪੜਾਅ ਨਾਲ ਜੋੜਿਆ ਗਿਆ ਹੈ।ਪਰ

ਕਾਵਿ-ਸ਼ੈਲੀ ਦੇ ਪੱਖ ਤੋਂ ਇਨ੍ਹਾਂ ਦੋਹਾਂ ਪੁਸਤਕਾਂ ਵਿਚ ਵਿਭਿੰਨਤਾ ਹੈ।ਜੰਦਰੇ ਦੀ ਕਾਵਿ-ਸ਼ੈਲੀ ਵਿਚ ਸਾਦਗੀ, ਸਰਲਤਾ ਅਤੇ ਸਹਿਜਤਾ ਹੈ।ਸੂਫੀਆਨਾ ਰੰਗਣ ਵੀ ਹੈ ਅਤੇ ਪਿਆਰ ਦੀ ਉਦਾਸੀ ਵੀ।ਪਿਆਰ ਕਵੀ ਅਨੁਸਾਰ ਨਿਰਕਾਰ ਸੁਗੰਧ ਹੈ ਜਿਸ ਤੋਂ ਹੀਣਾ ਰੂਪ ਨਿਰਾ ਭਾਰ ਹੈ ;

ਫੁੱਲ ਹਿਕ ਵਿਚ ਜ਼ੰਮੀ ਪਲੀ,
ਖੁਸ਼ਬੂ ਜਾਂ ਉਡ ਗਈ,
ਇਹਸਾਸ ਹੋਇਆ ਫੁੱਲ ਨੂੰ,
ਰੰਗਾਂ ਦੇ ਭਾਰ ਦਾ।

ਪਰ ਇਸ ਸ਼ੈਲੀ ਵਿਚ ਤਾਜ਼ਗੀ ਤੇ ਨਵਲਤਾ ਵੀ ਹੈ।ਤਾਜ਼ਗੀ ਉਨ੍ਹਾਂ ਸੱਜਰੇ ਰੂਪਕਾਂ ਅਤੇ ਉਪਮਾਨਾਂ ਵਿਚ ਮਿਲਦੀ ਹੈ ਜਿਹੜੇ ਕਵੀ ਨੇ ਸ਼ਾਇਦ ਪਹਿਲੀ ਵਾਰ ਵਰਤੇ ਹਨ:

ਕਹੀ ਸੋਨੇ ਦੀ
ਚਾਂਦੀ ਦਾ ਦਸਤਾ
ਟਕ ਕਸਾਈਆਂ ਲਾਇਆ।

ਦੌਲਤ ਦੇ ਪ੍ਰਤੀਕ ਵਜੋਂ 'ਸੋਨੇ ਦੀ ਕਹੀ' ਤੇ 'ਚਾਂਦੀ ਦਾ ਦਸਤਾ' ਨੂੰ ਵਰਤਣਾ ਮੋਹਨ ਸਿੰਘ ਦੀ ਕਾਵਿ-ਸ਼ੈਲੀ ਵਿਚ ਹੀ ਸੰਭਵ ਹੈ।।ਜੰਦਰੇ ਦੀ ਕਾਵਿ-ਸ਼ੈਲੀ ਵਿਚ ਰਸੋਕਤੀ ਅਤੇ ਵਕ੍ਰੋਕਤੀ ਵਧੇਰੇ ਹੈ।ਸ਼ਬਦ ਵੱਧ ਤੋਂ ਵੱਧ ਵਿਅੰਜਕ ਹਨ।ਰਮਜ਼/ ਸੰਕੇਤ ਕਵੀ ਦੇ ਸ਼ੈਲੀ-ਸੰਦ ਹਨ।ਇਸ ਸ਼ੈਲੀ ਨੂੰ ਪੜ੍ਹਿਆਂ ਅਹਿਸਾਸ ਹੁੰਦਾ ਹੈ ਕਿ ਭਾਸ਼ਾ, ਜ਼ਿੰਦਗੀ ਦੇ ਅਨੁਭਵ ਬਿਨ੍ਹਾਂ ਖਾਲੀ ਗੁੰਬਦ ਸਮਾਨ ਹੈ।ਦਰਅਸਲ ਜੰਦਰੇ ਮੋਹਨ ਸਿੰਘ ਦੇ ਪ੍ਰੋਢ ਕਾਲ ਦੀ ਰਚਨਾ ਹੈ।ਇਸ ਪੜਾਅ ਤੇ ਕਵੀ ਇਸ਼ਕ-ਪਿਆਰ ਦੇ, ਯਾਦਾਂ ਦੇ, ਮਜ਼ਦੂਰਾਂ ਦੇ, ਲੋਕਾਂ ਦੇ ਢੋਕਾਂ ਦੇ ਗੀਤ ਗਾਉਂਦਾ ਹੋਇਆ ਦਿਲ ਦੇ ਆਇਨੇ ਵਿਚ ਗਰਦਨ ਝੁਕਾ ਕੇ, ਨਿਜ ਦੀ ਕਮਾਈ ਹੋਈ ਆਪਣੀ ਤਸਵੀਰ ਮੁੜ-ਮੁੜ ਵੇਖਦਾ ਹੈ।ਇਸ ਲਈ ਇਥੇ ਮੋਹਨ ਸਿੰਘ ਚਿੰਤਨਸ਼ੀਲ ਸ਼ੈਲੀ ਵਿਚ ਬੋਲਦਾ ਹੈ ਅਤੇ ਵਿਅੰਗ-ਸ਼ੈਲੀ ਵਿਚ ਕਟਾਖ਼ ਕਰਦਾ ਹੈ।ਕਈ ਕਵਿਤਾਵਾਂ ਵਿਚ ਪਿਆਰ ਦੀ ਉਦਾਸੀ ਬਿਰਤਾਂਤ-ਸ਼ੈਲੀ ਵਿਚ ਪੇਸ਼ ਹੋਈ ਹੈ।ਮੋਹਨ ਸਿੰਘ ਦੀ ਕਾਵਿ-ਸ਼ੈਲੀ ਦਾ ਇਹ ਸੰਘਣਾਪਣ ਸੋਚ ਨੂੰ ਟੁੰਭਦਾ ਹੈ।

ਜੈਮੀਰ ਕਾਵਿ-ਸੰਗ੍ਰਹਿ ਦੇ ਆਪਣੇ ਵੱਖਰੇ ਸ਼ੈਲੀਗਤ ਪਛਾਣ ਚਿੰਨ੍ਹ ਹਨ।ਦਰਅਸਲ ਇਥੇ ਫਿਰ ਮੋਹਨ ਸਿੰਘ ਨੂੰ ਹਿੰਦ-ਰੂਸ ਦੋਸਤੀ ਦਾ ਇਕ ਕੋਡ ਪ੍ਰਾਪਤ ਹੋ ਜਾਂਦਾ

ਹੈ।ਇਸ ਕਾਵਿ-ਪੋਥੀ ਦਾ ਸ਼ੀਰਸ਼ਕ ਹੀ ਚਿੰਨ੍ਹ ਰੂਪ ਵਿਚ ਹਿੰਦ-ਰੂਸ ਦੋਸਤੀ ਨੂੰ ਅਗਰਭੂਮਿਤ ਕਰਦਾ ਹੈ।**ਜੈਮੀਰ** ਹਿੰਦ ਤੇ ਰੂਸ ਦਾ ਸ਼ਬਦਿਕ ਸੁਮੇਲ ਹੈ।**ਜੈ** ਹਿੰਦਸਤਾਨੀ ਸ਼ਬਦ ਹੈ ਤੇ **ਮੀਰ** ਰੂਸੀ ਸ਼ਬਦ ਹੈ ਜਿਸਦਾ ਅਰਥ ਅਮਨ ਹੈ।ਇਸ ਪੁਸਤਕ ਦੀਆਂ ਪ੍ਰਤੀਨਿਧ ਨਜ਼ਮਾਂ/ਗਜ਼ਲਾਂ ਸਾਰੀ ਮਨੁੱਖਤਾ ਨੂੰ ਮੁਖ਼ਾਤਬ ਹਨ।ਕਵਿਤਾ ਵਿਚ ਬੌਧਿਕ ਤੱਤ ਦੀ ਪ੍ਰਧਾਨਤਾ ਹੈ।ਇਹ ਬੌਧਿਕ ਤੱਤ ਕਵਿਤਾ ਨੂੰ ਕਲਾਸੀਕਲ ਰੰਗਣ ਅਤੇ ਸ਼ੈਲੀਗਤ ਸੰਜਮ ਬਖ਼ਸ਼ਦਾ ਹੈ।ਕਾਵਿ-ਭਾਸ਼ਾਂ ਪੌਰਾਣਿਕ ਚਿੰਨ੍ਹਾਂ ਨਾਲ ਸੰਬੰਧਿਤ ਹੋ ਜਾਂਦੀ ਹੈ।ਕਵੀ ਭਾਰਤੀ ਮਿਥਿਹਾਸ ਨੂੰ ਵਿਸ਼ਾਲ ਪੱਧਰ ਤੇ ਵਰਤਦਾ ਹੈ।ਇਸ ਪੜਾਅ ਦੀ ਕਾਵਿ-ਸ਼ੈਲੀ ਕੁਰਾਨ, ਸਲੀਬ, ਦਰੋਪਦੀ ਦੇ ਚੀਰ, ਗਰੁੜ, ਵਿਸ਼ਨੂੰ, ਕਹਿਕਸ਼ਾਂ, ਬੁੱਧ, ਐਂਟੀਲਾ, ਚੰਗੇਜ਼ ਖਾਂ, ਹਿਟਲਰ, ਹਰਨਾਕਸ਼, ਨਰ ਸਿੰਘ, ਰਾਮ, ਰਾਵਣ ਅਤੇ ਸੀਤਾ ਚਿੰਨ੍ਹਾਂ ਰਾਹੀਂ ਉਸਰਦੀ ਹੈ।ਗੁਰਮਤਿ ਸ਼ਬਦਾਵਲੀ ਅਤੇ ਸਮਾਸ-ਸ਼ੈਲੀ ਦਾ ਰੰਗ ਵੀ ਹੈ :

(1) *ਯੁਗਾਂ ਪਿਛੋਂ ਪਹਿਲੀ ਵਾਰ*
ਵਿਚ ਅਲਖ ਤੇ ਅਪਾਰ
ਘਲਿਆ ਅਸਾਂ ਅਵਤਾਰ।
ਵਿਹੜੇ ਗਗਨਾਂ ਦੇ ਵੜਿਆ
ਅੱਜ ਧਰਤੀ ਦਾ ਜਣਿਆਂ
ਅੰਤਰ-ਖੰਡੀ ਮਨੁੱਖ
ਅੰਤਰ-ਮੰਡਲੀ ਬਣਿਆ।

(2) *ਲੌਹ-ਗਰੁੜ ਤੇ ਸਵਾਰ*
ਵਿਸ਼ਨੂੰ ਪਹੁੰਚਿਆ ਪੁਲਾੜ।

ਇਸ ਸੰਗ੍ਰਹਿ ਵਿਚ ਗ਼ਜ਼ਲਾਂ ਵੀ ਹਨ ਪਰ ਇਹ ਗ਼ਜ਼ਲ-ਸ਼ੈਲੀ, ਗ਼ਜ਼ਲ ਦੇ ਸੁਨਿਸਚਿਤ ਸੰਰਚਨਾ ਵਿਧਾਨ ਦੇ ਜਕੜਬੰਦਾਂ ਤੋਂ ਸੁਤੰਤਰ ਹੈ।ਕਵੀ ਦਾ ਝੁਕਾ ਤੁਕਾਂਤ-ਮੁਕਤ ਛੰਦ ਵੱਲ ਵਧੇਰੇ ਹੈ।ਪਰ ਸ਼ੈਲੀ ਵਿਚ ਸੁਹਜ-ਰੰਗ ਇਥੇ ਵੀ ਸ਼ੋਖ ਹੈ :

(1) ਭਾਰਤ ਜੇ ਵਾਂਗ ਮੁੰਦਰੀ, ਵਿਚ ਨਗ ਪੰਜਾਬ ਦਾ,
ਭਾਰਤ ਜੇ ਹੈ ਸ਼ਰਾਬ, ਇਹ ਨਸ਼ਾ ਸ਼ਰਾਬ ਦਾ,

(2) ਹੈ ਰੋਟੀ ਟੁੱਕ ਦੇ ਝਗੜੇ ਜ਼ਹਾਨ ਜਿੱਚ ਕੀਤਾ
ਨਾ ਹੁਸਨ ਦਾ ਉਹ ਨਜ਼ਾਰਾ ਨਾ ਇਸ਼ਕ ਦਾ ਉਹ ਸੁਆਦ।

(7)

ਮੋਹਨ ਸਿੰਘ ਦੀ ਅੰਤਿਮ ਕਾਵਿ-ਪੋਥੀ ਬੂਹੇ (1977) ਹੈ, ਪਰ ਇਸ ਤੋਂ ਪਹਿਲਾਂ ਉਸ ਦਾ ਇਕ ਮਹਾਂਕਾਵਿ ਨਾਨਕਾਇਣ (1972) ਵੀ ਪ੍ਰਕਾਸ਼ਿਤ ਹੋ ਚੁੱਕਿਆ ਹੈ।ਇਸ ਮਹਾਂਕਾਵਿ ਵਿਚ ਕਵੀ ਸਥਾਪਿਤ ਨੂੰ ਦੁਹਰਾਉਂਦਾ ਹੈ।ਡਾ. ਨੂਰ (1982 : 70) ਅਨੁਸਾਰ ਕਵੀ ਨੇ ਨਾਨਕ ਦਾ ਬਣਿਆ-ਬਣਾਤਾ ਮਿਥਿਹਾਸਿਕ ਬਿੰਬ ਹੀ ਮੱਧਕਾਲੀ ਜਨਮ ਸਾਖੀਆਂ ਤੋਂ ਆਧੁਨਿਕ ਮੁਹਾਂਦਰੇ ਵਾਲੀ ਕਾਵਿ-ਭਾਸ਼ਾ ਵਿਚ ਰੂਪਾਂਤਰਿਤ ਕਰ ਦਿੱਤਾ।ਵੈਸੇ ਜਨਮ ਸਾਖੀਆਂ ਦੀ ਭਾਸ਼ਾ-ਸ਼ੈਲੀ ਪਹਿਲਾਂ ਹੀ ਕਾਵਿ-ਭਾਸ਼ਾ ਦੇ ਨੇੜੇ ਹੈ।ਮੋਹਨ ਸਿੰਘ ਨੇ ਇਸ ਸਾਖੀ-ਸ਼ੈਲੀ ਨੂੰ ਛੰਦ ਤੇ ਲੈਅ ਵਿਚ ਬੰਨ੍ਹ ਕੇ, ਕਾਵਿ-ਸ਼ੈਲੀ ਵਿਚ ਰੂਪਾਂਤਰਿਤ ਕਰ ਦਿੱਤਾ।ਇਸ ਕਾਵਿ-ਸ਼ੈਲੀ ਨੂੰ ਮੱਧਕਾਲੀ ਬਿਰਤਾਂਤ ਕਾਵਿ-ਸ਼ੈਲੀ ਦਾ ਨਾਮ ਵੀ ਦਿੱਤਾ ਜਾ ਸਕਦਾ ਹੈ।ਇਸ ਕਾਵਿ-ਸ਼ੈਲੀ ਉਤੇ ਭਾਈ ਗੁਰਦਾਸ ਦੀ ਵਾਰ-ਸ਼ੈਲੀ ਦਾ ਪ੍ਰਭਾਵ ਵੀ ਹੈ।ਕਿਤੇ-ਕਿਤੇ ਤਾਂ ਕਵੀ ਨੇ ਗੁਰਬਾਣੀ ਦੇ ਮੁਹਾਵਰੇ ਨੂੰ ਇਨ-ਬਿਨ ਰੂਪ ਵਿਚ ਆਪਣੀ ਕਾਵਿ-ਸ਼ੈਲੀ ਵਿਚ ਢਾਲ ਲਿਆ ਹੈ :

(1) ਇਕ ਦਿਨ ਪੜ੍ਹ ਕੇ ਬਾਲ ਨੇ ਚੁੱਪ ਲਈ ਫਿਰ ਧਾਰ
ਪਾਂਧੇ ਪੁੱਛਿਆ, ਨਾਨਕਾ ਪੜ੍ਹਦਾ ਕਿਉਂ ਨਾ ਹੋਰ
ਨਾ ਅੱਗ ਸਾੜੇ ਗਿਆਨ ਨੂੰ, ਨਾ ਲੈ ਜਾਵੇ ਚੋਰ (ਸਾਖ਼ੀ-ਸ਼ੈਲੀ)

(2) ਮੋਤੀ ਨਾਲ ਉਸਾਰਾਂ ਮੰਦਰ
ਰਤਨਾਂ ਨਾਲ ਜੜਾਵਾਂ
ਅਗਰ ਕੰਗੂ ਕਸਤੂਰੀਆਂ ਚੰਦਨ
ਭਰ ਦਿਆਂ ਵਿਚ ਹਵਾਵਾਂ (ਬਾਣੀ-ਸ਼ੈਲੀ)

(3) ਜਿਹੜੇ ਵੇਲੇ ਧਾਰਿਆ, ਨਾਨਕ ਨੇ ਅਵਤਾਰ
ਸ਼ਬਦ ਅਨਾਹਦ ਵੱਜਿਆ ਪਰਮੇਸ਼ਰ ਦੇ ਦੁਆਰ
ਆਣ ਕਰੋੜਾਂ ਦਿਉਤਿਆਂ ਕੀਤਾ ਨਮਸਕਾਰ (ਵਾਰ-ਸ਼ੈਲੀ)

ਪਰ ਸ਼ੈਲੀ ਦੇ ਪੱਖ ਤੋਂ **ਬੂਹੇ** ਦੀ ਕਾਵਿ-ਸ਼ੈਲੀ ਫਿਰ ਸਾਡਾ ਧਿਆਨ ਖਿੱਚਦੀ ਹੈ।ਬੂਹੇ ਤੋਂ ਪਹਿਲਾਂ ਮੋਹਨ ਸਿੰਘ ਆਪਣੀ ਇਕ ਕਾਵਿ-ਪੋਥੀ ਨੂੰ **ਜੰਦਰੇ** ਸ਼ੀਰਸ਼ਕ ਵੀ ਦੇ ਚੁੱਕਿਆ ਸੀ।**ਜੰਦਰੇ** ਤੇ **ਬੂਹੇ** ਦੇ ਚਿਹਨਕ ਏਨੇ ਅਮੀਰ ਹਨ ਕਿ ਇਨ੍ਹਾਂ ਦੀਆਂ ਪ੍ਰਤੀ ਧੁਨੀਆਂ ਸਾਡੀ ਲੋਕਧਾਰਾ ਤੋਂ ਲੈ ਕੇ, ਸਮਕਾਲੀ ਕਾਵਿ ਤੱਕ ਸੁਣਾਈ

ਦਿੰਦੀਆਂ ਹਨ :

(1) ਕੁੰਜੀ ਲੈ ਗਿਆ ਦਿਲਾਂ ਦਾ ਜਾਨੀ
ਜਿੰਦੇ ਨੂੰ ਜੰਗਾਲ ਖਾ ਗਿਆ (ਲੋਕ ਗੀਤ)

(2) ਕੁੰਡਾ ਜਿੰਦਾ ਲਾ ਕੇ ਬੂਹਾ ਢੋਇਆ ਸੀ
ਉਤੇ ਜੀ ਆਇਆਂ ਨੂੰ ਲਿਖਿਆ ਹੋਇਆ ਸੀ।(ਸੁਰਜੀਤ ਪਾਤਰ)

ਦਰਅਸਲ **ਬੂਹੇ** ਤੇ **ਜੰਦਰੇ** ਸਭਿਆਚਾਰਕ ਚਿੰਨ੍ਹ ਹਨ।ਸਭਿਆਚਾਰਕ ਚਿੰਨ੍ਹਾਂ ਦਾ ਆਪਣਾ ਸਮਾਜਿਕ ਸੰਦਰਭ ਹੁੰਦਾ ਹੈ ਜੋ ਕਿ ਸ਼ਬਦਾਂ ਨੂੰ ਚਿੰਨ੍ਹਾਂ ਦੇ ਰੂਪ ਵਿਚ ਅਰਥ ਭਰਪੂਰ ਬਣਾਉਂਦਾ ਹੈ।ਬੂਹੇ ਅਤੇ ਜੰਦਰੇ ਪਰਸਪਰ ਸੰਬੰਧਿਤ ਚਿੰਨ੍ਹ ਹਨ।ਜੇ ਬੂਹੇ ਹਨ ਤਾਂ ਜੰਦਰਿਆਂ ਦੀ ਲੋੜ ਹੈ ਅਤੇ ਜੇ ਜੰਦਰੇ ਹਨ ਤਾਂ ਬੂਹੇ ਵੀ ਹਨ।ਜੰਦਰੇ ਬੂਹਿਆਂ ਨੂੰ ਲਗਦੇ ਹਨ।ਕਵੀ ਸਭਿਆਚਾਰ ਦੇ ਅਜਿਹੇ ਚਿੰਨ੍ਹਾਂ ਦਾ ਰੂਪਾਂਤਰਣ ਕਰ ਕੇ , ਉਨ੍ਹਾਂ ਨੂੰ ਅਰਥ-ਗਹਿਰਾਈ ਬਖ਼ਸ਼ਦਾ ਹੈ।ਮੋਹਨ ਸਿੰਘ ਨੇ ਬੋਲੀ ਦੇ ਸਭਿਆਚਾਰ ਪੱਧਰ ਦੀ ਭਰਪੂਰ ਵਰਤੋਂ ਕੀਤੀ ਹੈ।ਜੰਦਰੇ ਅਤੇ ਬੂਹੇ ਦੇ ਚਿੰਨ੍ਹਾਂ ਨੂੰ ਆਪਣੀ ਕਾਵਿ-ਸ਼ੈਲੀ ਵਿਚ ਉਤਾਰ ਕੇ, ਮੋਹਨ ਸਿੰਘ ਇਨ੍ਹਾਂ ਨੂੰ ਨਵੇਂ ਸੰਦਰਭ ਅਤੇ ਪਾਸਾਰ ਦਿੱਤੇ ਹਨ।ਬੂਹੇ ਤੇ ਜੰਦਰੇ ਕਵੀ ਦੇ ਆਤਮ ਤੇ ਅਨਾਤਮ ਜੀਵਨ ਦੇ ਵਿਕਲਪਾਂ 'ਚ ਤਣਾਓ ਸਿਰਜਦੇ ਹਨ।ਆਪਣੇ ਨਿੱਜੀ ਜੀਵਨ ਦੇ ਸਮਾਜਿਕ ਪਰਿਵੇਸ਼ ਦੀਆਂ ਸਥਿਤੀਆਂ ਨੂੰ ਇਨ੍ਹਾਂ ਚਿੰਨ੍ਹਾਂ ਰਾਹੀਂ ਅਗਰਭੂਮਿਤ ਕਰਨ ਲਈ ਕਵੀ ਨੇ ਯਥਾਰਥ ਦੀ ਸੰਚੇਤਨਾ ਨਾਲ ਵਰਤਣ ਦਾ ਸੰਕਲਪ ਕੀਤਾ ਹੈ।**ਜੰਦਰੇ** ਦੇ ਪੜਾਅ 'ਤੇ ਉਸ ਦੇ ਆਪਣੀ ਇਸ ਕਵਿਤਾ ਵਿਚ **ਘਰ** ਦਾ ਰੂਪਕ-ਬਿੰਬ ਪੇਸ਼ ਕੀਤਾ ਹੈ:

ਤਕਿਆ ਜਵਾਨੀ ਨੇ
ਘਰ ਇਕ ਸੁਹਣਾ
ਚਾਤਰ ਕਿਸੇ ਬਣਾਇਆ

ਪਰ ਇਕ ਦਿਨ ਇਹੋ ਘਰ ਪਰਾਇਆ ਹੋ ਜਾਂਦਾ ਹੈ।ਅਖ਼ੀਰ ਵਿਚ ਬੇਘਰੇ ਕਵੀ ਨੂੰ ਘਰ ਵੇਖਣ ਦਾ ਸੁਪਨਾ ਆ ਜਾਂਦਾ ਹੈ।ਘਰ ਗੰਭੀਰ ਹੈ, ਘਰ ਦੇ ਹੋਠਾਂ ਤੇ ਫੁੱਲਾਂ ਦੇ ਦੋ ਜੰਦਰੇ ਵੱਜੇ ਹਨ।ਕਵੀ ਘਰ ਦੇ ਖੁੱਲ੍ਹੇ ਬੂਹੇ ਲਈ ਬਿਹਬਲ ਹੈ :

ਮਿਹਰਬਾਨ ਘਰ
ਖੁੱਲ੍ਹੇ ਬੂਹੇ
ਮੁੜ ਕੇ ਕਿਥੋਂ ਲੋੜਾਂ

ਫੁੱਲਾਂ ਦੇ ਜੰਦਰੇ
ਲੋਹੇ ਦੇ ਹੋਣ ਤਾਂ ਤੋੜਾਂ।

ਇਹ ਸੰਤਾਪ ਤੇ ਅਨੁਤਾਪ ਦਾ ਚਿੰਨ੍ਹਾਰਥ ਹੈ।ਇਸ ਸਮੱਸਿਆ ਦਾ ਹੱਲ ਬੂਹੇ ਸੰਗ੍ਰਹਿ ਦੀ ਇਕ ਕਵਿਤਾ **ਹਮਸਾਏ** ਵਿਚ ਪੇਸ਼ ਕੀਤਾ ਹੈ।

ਕੀ ਹੋਇਆ ਜੋ ਬੂਹੇ ਪੂਰੇ ਖੁੱਲ੍ਹੇ ਨਾ
ਝੀਥਾਂ ਥਾਈਂ ਰੋਸ਼ਨੀਆਂ ਤਾਂ ਆਈਆਂ ਨੇ।

ਜੰਦਰੇ ਵਿਚ ਖੁੱਲ੍ਹੇ ਬੂਹੇ ਨਾ ਮਿਲਣ ਦੀ ਸ਼ੰਕਾ ਤੇ ਸਵਾਲ ਨੂੰ ਬੂਹੇ ਸੰਗ੍ਰਹਿ ਦੀ ਪਹਿਲੀ ਕਵਿਤਾ ਬੂਹਾ ਵਿਚ ਪ੍ਰਤੀ-ਸਥਾਪਨ ਕੀਤਾ ਹੈ।

ਮੈਂ ਇਕ ਬੂਹੇ ਦੇ ਵਾਂਗ
ਰਾਤ ਦਿਨ ਖੁੱਲ੍ਹਾ ਚੁਪੱਟ ਰਹਿੰਦਾ ਹੈ ਜੋ।

ਇਉਂ ਏਥੇ ਕਵੀ ਘੋਰ ਸਵੈ-ਸੰਵੇਦਨਾ ਤੋਂ ਹਟਕੇ ਮਾਨਵੀਂ ਸੰਵੇਦਨਾ ਵਿਚ ਵਿਚਾਰ ਰਿਹਾ ਹੈ।ਬੂਹੇ-ਜੰਦਰੇ ਦੇ ਇਸ ਅੰਤਰ-ਸੰਬੰਧ ਤੋਂ ਬਿਨਾਂ ਬੂਹੇ ਦਾ ਕਵੀ ਸੁਆਲਾਂ, ਸ਼ੰਕਾਵਾਂ ਤੇ ਸਮੱਸਿਆਵਾਂ ਦਾ ਕਾਵਿਮਈ ਸਮਾਧਾਨ ਵੀ ਕਰ ਰਿਹਾ ਜਾਪਦਾ ਹੈ ਜਿਹੜੇ ਉਸ ਨੇ ਚਾਰ-ਦਹਾਕਿਆਂ ਦੀ ਕਲਮ-ਸਾਧਨਾ ਦੀ ਸਮਾਧੀ ਸਮੇਂ ਕਾਦਰ,ਕੁਦਰਤ ਬੰਦੇ, ਸਮਾਜ, ਹੁਸਨ ਤੇ ਇਸ਼ਕ ਵਰਗੇ ਸ਼ਾਸ਼ਵਤ ਵਿਸ਼ਿਆਂ ਬਾਰੇ ਉਠਾਏ ਸਨ।ਇਉਂ ਬੂਹੇ ਮੋਹਨ ਸਿੰਘ ਦੀ ਕਾਵਿ-ਸ਼ੈਲੀ ਦਾ ਸਿਖ਼ਰ ਹੈ।ਇਸ ਦੀ ਭਾਸ਼ਾ-ਸ਼ੈਲੀ ਵਿਚ ਠੇਠ ਪੰਜਾਬੀ ਤੋਂ ਇਲਾਵਾ ਅਰਬੀ, ਫਾਰਸੀ, ਸੰਸਕ੍ਰਿਤ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਸ਼ਬਦ ਤਤਸਮ ਅਤੇ ਤਤਭਵ ਰੂਪ ਵਿਚ ਅਤੇ ਸਮਾਨ ਸੰਖਿਆ ਵਿਚ ਪੇਸ਼ ਹੋਏ ਹਨ।ਅਖਾਣ ਤੇ ਮੁਹਾਵਰੇ ਵੀ ਹਨ।ਡਾ. ਪ੍ਰੇਮ ਪ੍ਰਕਾਸ਼ ਸਿੰਘ (1969 : 245) ਅਨੁਸਾਰ ਮੋਹਨ ਸਿੰਘ ਦੀ ਰਚਨਾਤਮਿਕਤਾ ਵਿਚ ਨਿਰੰਤਰਤਾ ਦਾ ਵਿਕਾਸ ਮਿਲਦਾ ਹੈ।ਇਸ ਨੂੰ ਅਭਿਆਸ, ਜ਼ਿਕਰ ਅਤੇ ਫ਼ਿਕਰ ਦੇ ਤਿੰਨ ਪੜਾਵਾਂ/ ਪ੍ਰਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਮੋਹਨ ਸਿੰਘ ਦਾ ਇਕ ਲੋਕਪ੍ਰਿਯ ਸ਼ਿਅਰ ਇਸ ਦੀ ਪ੍ਰੋੜਤਾ ਕਰਦਾ ਹੈ :

ਪੈ ਕੁਠਾਲੀ ਇਸ਼ਕ ਵਾਲੀ ਤੜਪ ਬਦਲੀ ਵੇਗ ਵਿਚ
ਹੌਲੀ-ਹੌਲੀ ਬਣ ਗਿਆ ਮਿੱਤਰਾਂ ਦਾ ਗ਼ਮ ਲੋਕਾਂ ਦਾ ਗ਼ਮ।

ਸ਼ਿਅਰ ਦੀ ਪਹਿਲੀ ਸਤਰ ਸਿੱਧਾ ਅਨੁਭਵ ਹੈ।ਇਸ਼ਕ ਦੀ ਕੁਠਾਲੀ ਪੈਣਾ

ਅਭਿਆਸ ਦੀ ਅਵਸਥਾ ਦਾ ਸੰਕੇਤਕ ਹੈ ਅਤੇ ਇਸ ਦਾ ਤੜਪ ਬਣਕੇ, ਵੇਗ ਬਣਨਾ ਜ਼ਿਕਰ ਦੀ ਅਵਸਥਾ ਦਾ ਸੂਚਕ ਹੈ ਪਰ ਅਸਲ ਸ਼ਾਇਰੀ ਫ਼ਿਕਰ ਦੀ ਹੁੰਦੀ ਹੈ ਜੋ ਮਾਨਵੀ ਸਰੋਕਾਰਾਂ ਨਾਲ ਵਾਬਸਤਾ ਹੁੰਦੀ ਹੈ।ਪੰਜਾਬੀ ਦੀ ਬਹੁਤੀ ਕਵਿਤਾ ਅਭਿਆਸ ਤੋਂ ਤੁਰ ਕੇ, ਜ਼ਿਕਰ ਤੱਕ ਰੁਕ ਜਾਂਦੀ ਹੈ।ਜ਼ਿਕਰ ਦੀ ਸ਼ਾਇਰੀ ਕਿਸੇ ਘਟਨਾ ਦਾ ਤੁਰੰਤ ਭਾਵੁਕ ਪ੍ਰਤੀਕਰਮ ਹੁੰਦੀ ਹੈ।ਫ਼ਿਕਰ ਦੀ ਸ਼ਾਇਰੀ ਕਵੀ ਦੇ ਅਸਤਿਤਵ ਦੀ ਗਹਿਰਾਈ ਅਤੇ ਮਨੁੱਖੀ ਰਿਸ਼ਤਿਆਂ ਦੀ ਪਛਾਣ ਵਿਚੋਂ ਜਨਮ ਲੈਂਦੀ ਹੈ।ਇਹ ਕਵੀ ਦੇ ਅਨੁਭਵੀ-ਚਿੰਤਨ ਨਾਲ ਵਾਬਸਤਾ ਹੁੰਦੀ ਹੈ।ਅਨੁਭਵ-ਵਿਹੂਣਾ ਚਿੰਤਨ ਕੇਵਲ ਨਾਹਰਾ ਬਣ ਕੇ ਰਹਿ ਜਾਂਦਾ ਹੈ।ਉਕਤ ਸ਼ਾਇਰੀ ਦੀ ਦੂਜੀ ਸਤਰ ਵਿਚਾਰਧਾਰਾਈ ਅਨੁਭਵ ਦੀ ਕਾਤਰ ਹੈ, ਜੋ ਇਥੇ ਸਹਿਜੇ ਹੀ ਫਿੱਟ ਹੋ ਗਈ ਹੈ।ਇਹ ਵਾਸਤਵਿਕਤਾ ਦਾ ਵਿਕ੍ਰਿਤ ਰੂਪ ਹੈ ਜੋ ਕਿ ਸ਼ੈਲੀਗਤ ਲੱਛਣ ਹੈ।ਮੋਹਨ ਸਿੰਘ ਦੀ ਕਾਵਿ-ਸ਼ੈਲੀ ਦਾ ਇਹੋ ਰਾਜ਼ ਹੈ।

ਹਵਾਲੇ

ਕੰਵਰ, ਤਰਲੋਕ ਸਿੰਘ (1998) **ਥਾਪਨਾ/ਉਥਾਪਨਾ**, ਦਿੱਲੀ : ਨੈਸ਼ਨਲ ਬੁੱਕ ਸ਼ਾਪ।

ਨੂਰ, ਸਤਿੰਦਰ ਸਿੰਘ (1982) **ਮੋਹਨ ਸਿੰਘ ਦਾ ਕਾਵਿ ਜਗਤ**, ਦਿੱਲੀ : ਆਰਸੀ ਪਬਲਿਸ਼ਰਜ਼।

ਪ੍ਰੇਮ ਪ੍ਰਕਾਸ਼ ਸਿੰਘ, (1969) **ਮੋਹਨ ਸਿੰਘ ਦਾ ਕਾਵਿ ਲੋਕ,** ਲੁਧਿਆਣਾ : ਲਾਹੌਰ ਬੁੱਕ ਸ਼ਾਪ।

ਮੋਹਨ ਸਿੰਘ (1936) **ਸਾਵੇ ਪੱਤਰ**, ਲੁਧਿਆਣਾ : ਲਾਹੌਰ ਬੁੱਕ ਸ਼ਾਪ।

ਮੋਹਨ ਸਿੰਘ (1939) **ਕੁਸੰਭੜਾ**, ਦਿੱਲੀ : ਨਵਯੁੱਗ ਪਬਲਿਸ਼ਰਜ਼।

ਮੋਹਨ ਸਿੰਘ (1943) **ਅਧਵਾਟੇ**, ਲੁਧਿਆਣਾ : ਲਾਹੌਰ ਬੁੱਕ ਸ਼ਾਪ।

ਮੋਹਨ ਸਿੰਘ (1950) **ਕੱਚ ਸੱਚ,** ਅੰਮ੍ਰਿਤਸਰ : ਸਿਖ ਪਬਲਿਸ਼ਿੰਗ ਹਾਊਸ।

ਮੋਹਨ ਸਿੰਘ (1954) **ਆਵਾਜ਼ਾਂ,** ਦਿੱਲੀ : ਨਵਯੁੱਗ ਪਬਲਿਸ਼ਰਜ਼

ਮੋਹਨ ਸਿੰਘ (1958) **ਵੱਡਾ ਵੇਲਾ,** ਜਲੰਧਰ : ਹਿੰਦ ਪਬਲਿਸ਼ਰਜ਼, ਲਿਮਟਿਡ।

ਮੋਹਨ ਸਿੰਘ (1964) **ਜੰਦਰੇ,** ਦਿੱਲੀ : ਨਵਯੁੱਗ ਪਬਲਿਸ਼ਰਜ਼।

ਮੋਹਨ ਸਿੰਘ (1968) **ਜੈਮੀਰ** : ਉਹੀ।

ਮੋਹਨ ਸਿੰਘ (1972) **ਨਾਨਕਾਇਣ,** ਪਟਿਆਲਾ, ਪੰਜਾਬੀ ਯੂਨੀਵਰਸਿਟੀ

ਮੋਹਨ ਸਿੰਘ (1977) **ਬੂਹੇ** : ਦਿੱਲੀ : ਨਵਯੁੱਗ ਪਬਲਿਸ਼ਰਜ਼।

ਹਿੰਦੀ

ਸ਼ੀਤਾਸ਼ੂ, ਪਾਂਡੇ ਸ਼ਸ਼ੀ ਭੂਸ਼ਨ (1983) **ਸ਼ੈਲੀ ਵਿਗਿਆਨ ਕਾ ਇਤਿਹਾਸ,** ਦਿੱਲੀ : ਵਾਣੀ ਪ੍ਰਕਾਸ਼ਨ।

ਸ਼੍ਰੀਵਾਸਤਵ, ਰਵਿੰਦਰ ਨਾਥ (1979) **ਸੰਰਚਨਾਤਮਕ ਸ਼ੈਲੀ ਵਿਗਿਆਨ**, ਦਿੱਲੀ : ਆਲੇਖ ਪ੍ਰਕਾਸ਼ਨ।

ਅੰਗਰੇਜ਼ੀ

Riffaterre, Michael (1959), ' Criteria for style Analysis', **Word** (15).

ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ : ਪੁਨਰ ਚਿੰਤਨ

(1)

ਚਿੰਤਨ ਅਤੇ ਪੁਨਰ ਚਿੰਤਨ ਵਿਕਾਸ ਦੀ ਲਾਜ਼ਮੀ ਸ਼ਰਤ ਹੈ।ਚਿੰਤਨ ਦੁਆਰਾ ਗਿਆਨ ਦੀ ਸਿਰਜਣਾ ਸੰਭਵ ਹੁੰਦੀ ਹੈ ਅਤੇ ਪੁਨਰ ਚਿੰਤਨ ਸਿਰਜਿਤ ਗਿਆਨ ਦੀ ਪਰਖ ਪੜਤਾਲ ਕਰਦਾ ਹੈ।ਇਉਂ ਚਿੰਤਨ ਅਤੇ ਪੁਨਰ ਚਿੰਤਨ ਇਕ ਸੰਵਾਦੀ ਰਿਸ਼ਤੇ ਵਿਚ ਬੱਝ ਜਾਂਦੇ ਹਨ।ਇਹ ਸੰਵਾਦੀ ਰਿਸ਼ਤਾ ਵਿਕਾਸ ਦੀਆਂ ਭਵਿੱਖਆਰਥੀ ਸੰਭਾਵਨਾਵਾਂ ਨੂੰ ਬਣਾਈ ਰੱਖਦਾ ਹੈ।ਜਿਥੇ ਚਿੰਤਨ ਆਪਣੀ ਪਛਾਣ ਨੂੰ ਨਿਸ਼ਚਿਤ ਕਰਦਾ ਹੈ, ਉਥੇ ਪੁਨਰ ਚਿੰਤਨ ਇਸ ਪਛਾਣ ਨੂੰ ਨਵੀਂ ਸੇਧ ਪ੍ਰਦਾਨ ਕਰਦਾ ਹੈ।ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਸਰੂਪ ਦੇ ਦਰਸ਼ਨ ਕਰਨ-ਕਰਾਉਣ ਦਾ ਸਾਡਾ ਸਰੋਕਾਰ ਇਸੇ ਲਕਸ਼ ਦੀ ਪੂਰਤੀ ਕਰਨ ਦੀ ਦਿਸ਼ਾ ਵਿਚ ਇਕ 'ਯਤਨ ਮਾਤਰ 'ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਭਾਸ਼ਾਈ ਵਿਵਿਧਤਾ ਦਾ ਅਜਿਹਾ ਮਹਾਨ ਕੋਸ਼ ਹੈ ਜਿਸ ਦਾ ਅਧਿਐਨ ਕਰਨ ਵੇਲੇ ਗੁਰਬਾਣੀ ਦੀ ਹੇਠ ਲਿਖੀ ਤੁਕ ਦਾ ਆਭਾਸ ਸਹਿਵਨ ਹੀ ਹੋ ਜਾਂਦਾ ਹੈ :

ਤੂੰ ਦਰਿਆਉ ਦਾਨਾ ਬੀਨਾ,
ਮੈਂ ਮਛੁਲੀ ਕੈਸੇ ਅੰਤੁ ਲਹਾ।। (ਪੰਨਾ : 25)

ਸਾਡੀ ਜਾਚੇ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਅਧਿਐਨ ਕਰਨ ਲਈ ਬਹੁ-ਭਾਸ਼ਾ ਗਿਆਨੀ ਹੋਣ ਦੀ ਲੋੜ ਹੈ।ਮੈਂ ਭਾਸ਼ਾ ਵਿਗਿਆਨ ਦਾ ਖੋਜਾਰਥੀ-ਵਿਦਿਆਰਥੀ ਜ਼ਰੂਰ ਹਾਂ ਪਰ ਬਹੁ-ਭਾਸ਼ਾ ਗਿਆਨੀ ਹੋਣ ਦਾ ਮੇਰਾ ਕੋਈ ਦਾਅਵਾ ਨਹੀਂ। ਨਾਲੇ ਇਕ ਖੋਜ-ਪੱਤਰ ਵਿਚ ਏਡੀ ਵਿਆਪਕਤਾ ਨੂੰ ਸਮੇਟਣਾ ਖਾਸਾ ਪੇਚੀਦਾ ਮਸਲਾ ਹੈ।ਇਸ ਲਈ ਇਥੇ ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਸਰੂਪ ਨੂੰ ਸ਼ੈਲੀ-ਭਾਸ਼ਾ ਵਿਗਿਆਨ ਦੀਆਂ ਲੱਭਤਾਂ ਦੇ ਸੰਦਰਭ ਵਿਚ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਯਤਨ ਮਾਤਰ ਕੀਤਾ ਗਿਆ ਹੈ।ਸਮੁੱਚੇ ਅਧਿਐਨ ਦੌਰਾਨ ਅਸੀਂ ਆਪਣੀ ਦ੍ਰਿਸ਼ਟੀ ਭਾਵੇਂ ਭਾਸ਼ਾਵਾਦੀ ਹੀ ਰੱਖੀ ਹੈ ਪਰ ਆਪਣੇ ਚਿੰਤਨ ਨੂੰ ਪਾਠ-ਆਧਾਰੀ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਹੈ।ਇਉਂ ਸਾਡਾ ਇਹ ਯਤਨ ਕੇਵਲ ਭਾਸ਼ਕ ਵਰਣਨ ਤੱਕ ਸੀਮਤ ਨਾ ਰਹਿ ਕੇ, ਗੁਰਬਾਣੀ ਦੇ ਆਰ ਪਾਰ ਜਾਣ ਦੀ ਚੇਸ਼ਟਾ

ਵੀ ਕਰਦਾ ਹੈ।ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਸਾਹਿਤਕ ਪ੍ਰਵਚਨ ਭਾਵੇਂ ਰਚੇ ਭਾਸ਼ਾ ਦੇ ਮਾਧਿਅਮ ਰਾਹੀਂ ਜਾਂਦੇ ਹਨ ਪਰ ਅੰਤਮ ਰੂਪ ਵਿਚ ਲੋਕ ਜੀਵਨ ਨਾਲ ਵਾਬਸਤਾ ਹੁੰਦੇ ਹਨ।ਇਹ ਨੁਕਤਾ ਗੁਰਬਾਣੀ ਦੇ ਪ੍ਰਸੰਗ ਵਿਚ ਵਿਸ਼ੇਸ਼ ਖ਼ਬਰਦਾਰੀ ਦੀ ਮੰਗ ਕਰਦਾ ਹੈ ਕਿਉਂਕਿ ਗੁਰਬਾਣੀ 'ਕੇਵਲ ਪਾਵਨ ਪਾਠ ਹੀ ਨਹੀਂ ਬਲਕਿ ਇਕ ਸਾਹਿਤਕ ਪ੍ਰਵਚਨ ਵੀ ਹੈ।

(2)

ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਅਧਿਐਨ ਦੀ ਪਰੰਪਰਾ ਟੀਕਾਕਾਰੀ, ਗੁਰਬਾਣੀ ਦੇ ਸ਼ੁੱਧ ਉਚਾਰਨ ਅਤੇ ਕੋਸ਼ਕਾਰੀ ਦੇ ਰੂਪ ਵਿਚ ਅਰੰਭ ਹੋਈ ਅਤੇ ਫਿਰ ਹੌਲੀ-ਹੌਲੀ ਵਿਆਕਰਨਿਕ ਵਿਸ਼ਲੇਸ਼ਣ ਤੱਕ ਅੱਪੜੀ।ਇਸ ਖੇਤਰ ਵਿਚ ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼) ਭਾਈ ਵੀਰ ਸਿੰਘ (ਸ੍ਰੀ ਗੁਰੂ ਗ੍ਰੰਥ ਕੋਸ਼) ਤੇਜਾ ਸਿੰਘ (1962), ਸਾਹਿਬ ਸਿੰਘ (1939), ਹਰਕੀਰਤ ਸਿੰਘ (1997), ਪ੍ਰੇਮ ਸਿੰਘ (2002) ਰੂਸੀ ਲੇਖਕ ਸਮਿਰ ਨੌਵ (1977), ਅਤੇ ਕਿਸਟੋਫਰ ਸੈਕਲ (1986) ਆਦਿ ਵਿਦਵਾਨਾਂ ਦੇ ਨਾਮ ਜ਼ਿਕਰਯੋਗ ਹਨ।ਗੁਰਬਾਣੀ ਦੀ ਭਾਸ਼ਾ ਅਤੇ ਵਿਆਕਰਨ ਦੇ ਖੇਤਰ ਵਿਚ ਇਹ ਬੜੇ ਨਿੱਗਰ ਉਦਮ ਹਨ।ਦੇਸ਼-ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਵੀ ਇਸ ਮਹਾਨ ਗ੍ਰੰਥ ਦੀ ਭਾਸ਼ਾ ਨੂੰ ਖੋਜ ਕਾਰਜ ਦਾ ਵਿਸ਼ਾ ਬਣਾਇਆ ਗਿਆ ਹੈ।ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪਰਮਜੀਤ ਸਿੰਘ ਸਿੱਧੂ ਆਪਣੀ ਦੇਖ-ਰੇਖ ਹੇਠ ਕੰਪਿਊਟਰ ਦੀ ਸਹਾਇਤਾ ਨਾਲ ਗੁਰਬਾਣੀ ਦੀ ਸ਼ਬਦ-ਰਚਨਾ ਦੀ ਅੰਕੜਾ ਵਿਗਿਆਨਕ ਨਿਰਖ-ਪਰਖ ਕਰ ਰਹੇ ਹਨ।ਡਾ. ਮਨਮੋਹਨ ਸਹਿਗਲ (1987) ਨੇ ਵੀ ਆਪਣੇ ਖੋਜ-ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਉਪਰ ਆਪਣਾ ਧਿਆਨ ਕੇਂਦਰਤ ਕੀਤਾ ਹੈ।ਵਿਦਿਆ ਭਾਸਕਰ ਅਰੁਣ (1996) ਸੰਤ ਸਿੰਘ ਸੇਖੋਂ (1970) ਦੂਨੀ ਚੰਦਰ (1959) ਅਤੇ ਪਿਆਰਾ ਸਿੰਘ ਪਦਮ (1969) ਆਦਿ ਭਾਸ਼ਾ-ਚਿੰਤਕਾਂ ਨੇ ਵੀ ਪੰਜਾਬੀ ਭਾਸ਼ਾ ਦਾ ਇਹਿਤਾਸ ਲਿਖਦਿਆਂ, ਗੁਰਬਾਣੀ ਦੀ ਭਾਸ਼ਾ ਬਾਰੇ ਆਪੋ-ਆਪਣਾ ਦ੍ਰਿਸ਼ਟੀਕੋਣ ਜ਼ਾਹਰ ਕੀਤਾ ਹੈ।ਇਸ ਤੋਂ ਇਲਾਵਾ ਟ੍ਰੰਪ, ਮੈਕਾਲਫ, ਗ੍ਰੀਅਰਸਨ ਅਤੇ ਨਵਰਤਨ ਕਪੂਰ ਆਦਿ ਵਿਦਵਾਨਾਂ ਨੇ ਵੀ ਇਸ ਗ੍ਰੰਥ ਦੀ ਭਾਸ਼ਾ ਬਾਰੇ ਵਿਚਾਰ-ਵਿਮਰਸ਼ ਕੀਤਾ ਹੈ।ਇਹ ਸਾਰੇ ਉਦਮ ਕਾਬਲੇ ਗੌਰ ਅਤੇ ਕਾਬਲੇ-ਤਾਰੀਫ਼ ਹਨ।ਸਮੇਂ ਸਥਾਨ ਅਤੇ ਪ੍ਰਸਥਿਤੀਆਂ ਮੁਤਾਬਕ ਇਨ੍ਹਾਂ ਦਾ ਆਪਣਾ ਮਹੱਤਵ ਹੈ।

ਇਨ੍ਹਾਂ ਸਾਰੇ ਵਿਸ਼ੇਸ਼ਗਾਂ ਨੇ ਆਪੋ-ਆਪਣੇ ਭਾਸ਼ਾਈ ਅਧਿਐਨ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਨੂੰ ਮਿਸ਼ਰਿਤ ਭਾਸ਼ਾਈ ਰੂਪ ਦੀ ਦਿਖ ਵਾਲੀ ਭਾਸ਼ਾ ਕਿਹਾ ਹੈ।ਇਸ ਭਾਸ਼ਾਈ ਸੁਮੇਲ ਨੂੰ **ਸਾਧੂ ਭਾਸ਼ਾ, ਸੰਤ ਭਾਸ਼ਾ** ਜਾਂ **ਸਾਧੂਕੜੀ ਭਾਸ਼ਾ** ਆਦਿ ਕਈ ਸੰਕਲਪੀ ਨਾਵਾਂ ਨਾਲ ਚਿਤਵਿਆ ਗਿਆ ਹੈ।ਇਸ ਗ੍ਰੰਥ ਵਿਚਲੀਆਂ ਮਿਸ਼ਰਿਤ ਭਾਸ਼ਾਈ ਬਣਤਰਾਂ ਵਿਚ ਇਕ ਵਿਆਕਰਨਿਕ ਸਿਸਟਮ ਤਲਾਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ।ਇਹ ਦਰੁੱਸਤ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਸ਼ੇ ਦੇ ਪੱਧਰ ਤੇ ਹੀ ਇਕਸਾਰਤਾ ਦਾ ਧਾਰਨੀ ਨਹੀਂ ਬਲਕਿ ਇਸ ਗ੍ਰੰਥ ਦੀ ਸੰਪਾਦਨਾ ਵੇਲੇ ਇਸ ਵਿਚ ਭਾਸ਼ਾਈ ਪੱਧਰ ਦੀ ਇਕਮੁੱਠਤਾ ਵੀ ਲਿਆਂਦੀ ਗਈ ਹੈ।ਗੁਰਮੁਖੀ ਅੱਖਰਾਂ ਵਿਚ ਅੰਕਿਤ ਹੋਣ ਕਾਰਨ ਵੀ ਇਸ ਗ੍ਰੰਥ ਵਿਚ ਭਾਸ਼ਾਈ ਇਕਸਾਰਤਾ ਨਜ਼ਰ ਆਉਂਦੀ ਹੈ।ਗੁਰਮੁਖੀ ਲਿਪੀ ਦਾ ਵੀ ਇਹ ਗ੍ਰੰਥ ਸਭ ਤੋਂ ਪ੍ਰਾਚੀਨ ਇਤਿਹਾਸਿਕ ਤੇ ਪ੍ਰਮਾਣਿਕ ਦਸਤਾਵੇਜ਼ ਹੈ।ਇਸ ਗ੍ਰੰਥ ਦੀ ਸਿਰਜਣਾ/ਸੰਪਾਦਨਾ ਵੇਲੇ ਗੁਰੂ ਸਹਿਬਾਨ ਨੇ ਗੁਰਮੁਖੀ ਅੱਖਰਾਂ ਨੂੰ ਘੜਿਆ-ਤਰਾਸ਼ਿਆ ਹੈ ਅਤੇ ਗੁਰਮੁਖੀ ਲਿਪੀ ਨੂੰ ਇਕ ਸੁਨੇਮਤ ਸਰੂਪ ਦੇ ਕੇ, ਗੁਰਮੁਖੀ ਲਿਪੀ ਦੇ ਰੂਪ ਵਿਚ ਪ੍ਰਚੱਲਿਤ ਕੀਤਾ।ਭਾਸ਼ਾਈ ਪੱਧਰ ਦੀ ਸਾਂਝ ਦਾ ਪ੍ਰਤੱਖਣ ਤਾਂ ਇਸਦੇ ਗੁਰਮੁਖੀ ਸਰੂਪ ਨਾਲ ਵੀ ਹੋ ਜਾਂਦਾ ਹੈ।ਪਰਮਜੀਤ ਸਿੰਘ ਸਿੱਧੂ (2004) ਨੇ ਗੁਰੂ ਗ੍ਰੰਥ ਸਾਹਿਬ ਵਿਚਲੇ ਚਾਰ ਬਾਣੀਕਾਰਾਂ ਦੀਆਂ ਪੰਜ ਬਾਣੀਆਂ ਦਾ ਅੰਕੜਾ-ਵਿਗਿਆਨਕ ਵਿਸ਼ਲੇਸ਼ਣ ਕਰ ਕੇ, ਭਾਸ਼ਾਈ ਏਕਤਾ ਦੀ ਪਛਾਣ ਕੀਤੀ ਹੈ।

(3)

ਸਾਡੀ ਸਮਝ ਅਨੁਸਾਰ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਉਚ ਪੱਧਰੀ ਸਿਰਜਨਾਤਮਿਕ ਰਚਨਾ ਵਾਲਾ ਹੈ।ਇਹ ਗ੍ਰੰਥ ਸਿਖ ਵਿਰਸੇ ਦਾ ਅਦੁੱਤੀ ਧਰਮ-ਗ੍ਰੰਥ ਹੋਣ ਦੇ ਨਾਲ-ਨਾਲ ਮੱਧਕਾਲੀ ਭਾਰਤ ਦਾ ਮੁਲਵਾਨ ਸਾਹਿਤਕ-ਸਭਿਆਚਾਰਿਕ ਪਾਠ ਵੀ ਹੈ।ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਪ੍ਰਗਟ ਕਰਨ ਵਾਲਾ ਇਹ ਪਾਠ, ਪ੍ਰਵਚਨੀ ਅਰਥਾਂ ਦਾ ਬਹੁ-ਪਾਸਾਰੀ ਅਤੇ ਬਹੁ-ਪਰਤੀ ਸੰਗਠਨ ਉਸਾਰਦਾ ਹੈ।ਇਸ ਦੀ ਮੂਲ ਪਛਾਣ ਤਾਂ ਇਸ ਵਿਚ ਸਮਾਈ ਉਹ ਮਹਾਂਦ੍ਰਿਸ਼ਟੀ ਹੈ ਜਿਹੜੀ ਆਪਣੇ ਜੁੱਗ ਦੀ ਆਤਮਾ ਵਿਚ ਝਾਕਣ ਦਾ ਪ੍ਰਮਾਣ ਪੇਸ਼ ਕਰਦੀ ਹੈ।ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਤਾਂ ਹਾਰੀ-ਸਾਰੀ ਦੀ ਰਚਨਾ ਵਿਚ ਵੀ ਹੁੰਦਾ ਹੈ, ਪਰ

ਮਹਾਂਦ੍ਰਿਸ਼ਟੀ ਕਿਸੇ ਮਹਾਂਪੁਰਸ਼ ਨੂੰ ਹੀ ਹਾਸਲ ਹੁੰਦੀ ਹੈ।ਮਹਾਂਦ੍ਰਿਸ਼ਟੀ ਦੀ ਬੁਨਿਆਦੀ ਸ਼ਰਤ ਦ੍ਰਿੜ ਇਕਾਗਰਤਾ ਹੈ।ਪ੍ਰੋਫੈਸਰ ਪੂਰਨ ਸਿੰਘ (1969) ਲਿਖਦੇ ਹਨ, ਕਿ ਆਦਿ ਗ੍ਰੰਥ ਮਹਾਂਸਾਗਰ ਹੈ; ਕਿਸੇ ਵੀ ਥਾ ਚੂਲੀ ਭਰੋ, ਹੱਥ ਵਿਚ ਸਾਫ-ਸਫ਼ਾਫ ਪਾਣੀ ਡਲਕਦਾ ਪ੍ਰਤੀਤ ਹੁੰਦਾ ਹੈ।ਇਸ ਦਾ ਕਾਰਨ ਮਹਾਂਦ੍ਰਿਸ਼ਟੀ ਹੈ।ਇਸ ਮਹਾਂਦ੍ਰਿਸ਼ਟੀ ਦੇ ਇਕਾਗਰ ਵਿਸਤਾਰ ਨੂੰ ਸਮਝਾਉਣ ਲਈ ਇਸ ਪਾਵਨ-ਪ੍ਰਵਚਨ ਵਿਚ ਅਨੇਕਾਂ ਅੰਤਰ-ਦ੍ਰਿਸ਼ਟੀਆਂ ਅੰਤਰ-ਨਿਹਿਤ ਹਨ।ਇਨ੍ਹਾਂ ਵਿਚੋਂ ਇਕ ਅੰਤਰ-ਦ੍ਰਿਸ਼ਟੀ ਬਾਣੀਕਾਰਾਂ ਦੀ ਲੋਕ-ਪੱਖੀ ਚੇਤਨਾ ਹੈ।ਬਾਣੀਕਾਰ ਇਹ ਜਾਣਦੇ ਸਨ ਕਿ ਲੋਕਾਂ ਦੇ ਮਨ-ਮਸਤਕ ਤੱਕ ਪਹੁੰਚਣ ਲਈ ਧਰਮ ਸ਼ਾਸਤਰੀ ਪਰਿਪੇਖ ਨੂੰ ਲੋਕ ਕੰਠ ਦੀ ਭਾਸ਼ਾ ਜੁਗਤ ਰਾਹੀਂ ਪੇਸ਼ ਕਰਨਾ ਹੀ ਜਾਇਜ਼ ਹੈ।ਪੂਰਬਲਾ ਧਰਮ ਸ਼ਾਸਤਰੀ ਚਿੰਤਨ, ਸ਼ਾਸਤਰੀ ਭਾਸ਼ਾ ਵਿਚ ਹੀ ਹਾਸਲ ਸੀ।ਇਸ ਲਈ ਆਮ ਲੋਕ ਉਸ ਤੋਂ ਅਭਿਜ ਸਨ।ਬਾਣੀਕਾਰਾਂ ਨੇ ਧਰਮ ਸ਼ਾਸਤਰੀ ਭਾਸ਼ਾ ਵਾਲੀ ਸੁਰ ਨੂੰ ਸੁਹਜਮਈ ਲੋਕ ਭਾਸ਼ਾ ਵਿਚ ਪੇਸ਼ ਕੀਤਾ।ਧਰਮ ਸ਼ਾਸਤਰੀ ਚਿੰਤਨ ਅਤੇ ਲੋਕ ਕੰਠ ਦੀ ਭਾਸ਼ਾ ਜਦ ਕਾਵਿਕ ਵੇਗ ਰਾਹੀਂ ਅਵਤਾਰ ਧਾਰਦੇ ਹਨ ਤਾਂ ਜੁੱਗੋ-ਜੁੱਗ ਤਰਥੱਲੀ ਪੈਦਾ ਹੋ ਜਾਂਦੀ ਹੈ।ਬਾਣੀਕਾਰਾਂ ਨੇ ਦ੍ਰਿਸ਼ਟਾਤਾਂ-ਰੂਪਕਾਂ ਦੀ ਚੋਣ ਤਾਂ ਲੋਕ ਜੀਵਨ ਵਿਚੋਂ ਕੀਤੀ, ਪਰ ਤਦਭਵ ਸ਼ਬਦਾਵਲੀ ਦੀ ਚੋਣ ਧਰਮ ਸ਼ਾਸਤਰੀ ਭਾਸ਼ਾ ਵਿਚੋਂ ਕੀਤੀ।ਮਸਲਨ ਬਾਣੀ ਵਿਚ ਆਤਮਾ-ਪਰਮਾਤਮਾ ਲਈ ਪਤੀ-ਪਤਨੀ ਦੇ ਸੰਯੋਗ-ਵਿਯੋਗ ਦੇ ਦ੍ਰਿਸ਼ਟਾਂਤ ਤਾਂ ਲੋਕ ਜੀਵਨ ਦੀ ਦੇਣ ਹਨ ਪਰ ਬ੍ਰਹਮ, ਸ੍ਰਿਸ਼ਟੀ, ਮਾਇਆ ਅਤੇ ਜੀਵ-ਜਗਤ ਦੀ ਰਚਨਾ ਆਦਿ ਨਾਲ ਸਬੰਧਿਤ ਸ਼ਬਦਾਵਲੀ ਧਰਮ-ਸ਼ਾਸਤਰੀ ਭਾਸ਼ਾ ਦਾ ਲੱਛਣ ਹੈ।ਇਉਂ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਦੂਹਰੇ ਚਰਿਤਰ ਦਾ ਧਾਰਨੀ ਹੈ ਅਰਥਾਤ ਇਥੇ ਧਰਮ ਦਾ ਸਰੂਪ ਕਾਵਿਕ ਅਤੇ ਸਰੋਦੀ ਹੈ।

(4)

ਉਪਰੋਕਤ ਸੰਦਰਭ ਵਿਚ ਅਸੀ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਭਾਸ਼ਾ-ਸ਼ੈਲੀ ਵਾਲਾ ਹੈ।ਭਾਸ਼ਾ ਅਤੇ ਭਾਸ਼ਾ-ਸ਼ੈਲੀ ਭਾਵੇਂ ਇਕੋ ਸਿੱਕੇ ਦੇ ਦੋਵੇਂ ਪਾਸੇ ਹਨ ਪਰ ਫਿਰ ਵੀ ਇਨ੍ਹਾਂ ਵਿਚ ਅੰਤਰ ਹੈ।ਭਾਸ਼ਾ ਪ੍ਰਗਟਾਉਂਦੀ ਹੈ ਪਰ ਭਾਸ਼ਾ-ਸ਼ੈਲੀ ਦ੍ਰਿੜਾਉਂਦੀ ਹੈ ਅਥਵਾ ਭਾਸ਼ਾ ਦੀ ਬੁਨਿਆਦੀ ਪ੍ਰਕਿਰਤੀ ਸੂਚਨਾਵੀ ਹੁੰਦੀ ਹੈ ਅਤੇ ਭਾਸ਼ਾ-ਸ਼ੈਲੀ ਉਸ ਸੂਚਨਾ ਵਿਚ ਰਲਿਆ ਪ੍ਰਭਾਵੀ ਅਤੇ ਸੁਹਜਮਈ ਬਲ

ਹੁੰਦਾ ਹੈ।ਇਹ ਹਮੇਸ਼ਾ ਸਿਰਜਣਾਤਮਿਕ ਹੁੰਦੀ ਹੈ।ਭਾਸ਼ਾ ਤਾਂ ਜਣੇ-ਖਣੇ ਨੂੰ ਬਚਪਨ ਵਿਚ ਹੀ ਮਿਲ ਜਾਂਦੀ ਹੈ ਪਰ ਭਾਸ਼ਾ ਸ਼ੈਲੀ ਪੂਰੇ ਜੀਵਨ ਦੀ ਕਮਾਈ ਹੈ।ਗੁਰੂ ਗ੍ਰੰਥ ਸਾਹਿਬ ਕਾਵਿ-ਸ਼ੈਲੀ ਰਾਹੀਂ ਪ੍ਰਵਾਨ ਚੜ੍ਹਿਆ ਪਾਵਨ ਗ੍ਰੰਥ ਹੈ।ਕਾਵਿ-ਸ਼ੈਲੀ ਦਾ ਭਾਸ਼ਾਈ ਸਰੂਪ ਪਰਾਹਿਤ ਹੁੰਦਾ ਹੈ।ਇਸ ਵਿਚ ਭਾਸ਼ਾ ਵੱਧ ਤੋਂ ਵੱਧ ਅਗਰਭੂਮਿਤ ਕੀਤੀ ਜਾਂਦੀ ਹੈ।ਭਾਵੇਂ ਕਾਵਿ-ਭਾਸ਼ਾ ਵਿਚ ਵੀ ਮਿਆਰੀ ਭਾਸ਼ਾ ਦੀ ਸਾਰੀ ਸਮਰੱਥਾ ਹੁੰਦੀ ਹੈ ਪਰ ਫਿਰ ਵੀ ਕਾਵਿ ਬੰਦਸ਼ਾਂ ਕਾਰਨ ਅਤੇ ਸੁਹਜਮਈ ਪ੍ਰਭਾਵ ਸਿਰਜਣ ਲਈ ਇਸ ਭਾਸ਼ਾ ਨੂੰ ਥਾਂ-ਥਾਂ ਤੇ ਵਿਕ੍ਰਿਤ ਕਰਨਾ ਪੈਂਦਾ ਹੈ।ਧੁਨੀ ਤੋਂ ਲੈ ਕੇ ਸ਼ਬਦ ਅਤੇ ਵਾਕ ਪੱਧਰ ਤੱਕ ਕਵਿਤਾ ਵਿਚ ਅਨੇਕਾਂ ਸ਼ੈਲੀ ਵਿਗਿਆਨਕ ਜੁਗਤਾਂ ਦੀ ਵਰਤੋਂ ਕੀਤੀ ਜਾਂਦੀ ਹੈ।ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਕੇਵਲ ਛੰਦਬੱਧ ਕਾਵਿ ਵਾਲਾ ਹੀ ਨਹੀਂ ਬਲਕਿ ਇਹ ਰਾਗਬੱਧ ਵੀ ਹੈ।ਰਾਗ, ਛੰਦਬੱਧ ਕਾਵਿ ਦਾ ਪ੍ਰਾਣ ਹੈ। ਰਾਗਮਈ ਕਾਵਿ ਭਾਸ਼ਾ ਲੋਕ ਹਿਰਦੇ ਵਿਚ ਪਰਸਪਰ ਸੁਨੇਹ ਅਤੇ ਮਮਤਾ ਭਾਵ ਪੈਦਾ ਕਰਦੀ ਹੈ।ਸੰਗੀਤ ਵਿਚ ਰਲ ਕੇ, ਜਦੋਂ ਬਾਣੀ ਦਾ ਗਾਇਣ ਕੀਤਾ ਜਾਂਦਾ ਹੈ ਉਸ ਦਾ ਅਰਥ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿਚ ਵਸ ਜਾਂਦਾ ਹੈ।ਬਾਣੀ ਸਿਰਜਣ ਦੀ ਮੂਲ ਵਫ਼ਾ ਗਿਆਨਮੂਲਕ ਆਨੰਦ ਸਿਰਜਣ ਨਾਲ ਹੈ।ਗੁਰੂ ਸਹਿਬਾਨ ਆਨੰਦ ਸੰਚਾਰ ਦੀਆਂ ਜੁਗਤਾਂ ਤੋਂ ਜਾਣੂ ਸਨ।ਉਨ੍ਹਾਂ ਨੇ ਇਸ ਜੁਗਤ ਦੀ ਵਰਤੋਂ ਲੋਕ ਹਿਤ ਲਈ ਕੀਤੀ ਹੈ।ਪਰ ਛੰਦ ਤੇ ਰਾਗ ਦੀਆਂ ਆਪੋ-ਆਪਣੀਆਂ ਬੰਦਸ਼ਾਂ ਵੀ ਹੁੰਦੀਆਂ ਹਨ।ਕਈ ਵਾਰ ਗਾਇਣ ਦੀ ਲੈਅ ਅਤੇ ਤਾਨ ਅਨੁਸਾਰ ਦੀਰਘ ਅੱਖਰ ਪਲੁਤ ਕਰ ਲਏ ਜਾਂਦੇ ਹਨ।ਪਲੁਤ ਦਾ ਅਰਥ ਹੈ ਕਿ ਮਾਤਰਾ ਨੂੰ ਵਧਾ ਕੇ, ਤਿੰਨ ਮਾਤਰਾਵਾਂ ਤੱਕ ਗਿਣਨਾ।ਵਿਆਕਰਨ ਅਨੁਸਾਰ ਪਲੁਤ ਦੀਆਂ ਤਿੰਨ ਮਾਤਰਾਵਾਂ ਹੀ ਹੁੰਦੀਆਂ ਹਨ ਪਰ ਸੰਗੀਤ ਮਤ ਅਨੁਸਾਰ ਇਹ ਤਿੰਨ ਤੋਂ ਪੰਜ ਤੱਕ ਵੀ ਹੋ ਸਕਦੀਆਂ ਹਨ।ਇਸੇ ਤਰ੍ਹਾਂ ਛੰਦ-ਵਿਧਾਨ ਅਨੁਸਾਰ ਛੰਦ-ਤੋਲ ਨੂੰ ਪੂਰਾ ਕਰਨ ਲਈ ਇਜ਼ਾਫ਼ਤ ਦੀ ਵਰਤੋਂ ਵੀ ਕੀਤੀ ਜਾਂਦੀ ਹੈ।ਇਜ਼ਾਫ਼ਤ ਦਾ ਅਰਥ ਹੈ, ਉਹ ਮਾਤਰਾ ਜੋ ਸਿਹਾਰੀ ਅਤੇ ਲਾਂ ਵਿਚਕਾਰ ਹੁੰਦੀ ਹੈ।ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਸਾਰੇ ਨੇਮਾਂ ਦੀ ਵਰਤੋਂ ਕੀਤੀ ਕੀਤੀ ਗਈ ਹੈ ਅਤੇ ਇਨ੍ਹਾਂ ਨੇਮਾਂ ਦੇ ਸੰਕੇਤ ਗੁਰਮੁਖੀ ਲਗਾ/ਮਾਤਰਾਵਾਂ ਰਾਹੀਂ ਦਿੱਤੇ ਗਏ ਹਨ।ਮਸਲਨ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਵਿਚ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਵਿਚਲੇ ਅੱਖਰਾਂ ਨੂੰ ਦੋ-ਦੋ ਮਾਤਰਾਵਾਂ ਲੱਗੀਆਂ ਹੋਈਆਂ ਹਨ।ਖਾਸ ਤੌਰ ਤੇ **ਔਂਕੜ** ਅਤੇ **ਹੋੜਾ** ਦੋਵੇਂ ਲਗਾਂ ਇਕੱਠੀਆਂ ਵਰਤੀਆਂ ਗਈਆਂ ਹਨ।

(1) ਏਹ ਮਨੋ ਮੂਰਖ ਲੋਭੀਆ ਲੋਭੇ ਲਗਾ ਲੋੁਭਾਨ।। (ਪੰਨਾ :21)

(2) ਟੂਟੀ ਗਾਢਨਹਾਰ ਗੋੁਪਾਲ।।
ਸਰਬ ਜੀਆ ਆਪੇ ਪ੍ਰਤਿਪਾਲ।। (ਪੰਨਾ, 282)

(3) ਪ੍ਰਭ ਕਿਰਪਾਲ ਦਇਆਲ ਗੋੁਬਿੰਦ।। (ਪੰਨਾ, 866)

(4) ਨਾਨਕ ਟੇਕ ਗੋੁਪਾਲ ਕੀ ਗੋਬਿੰਦ ਸੰਕਟ ਮੋਚ।। (ਪੰਨਾ, 926)

ਇਨ੍ਹਾਂ ਸਤਰਾਂ ਵਿਚ ਆਏ ਸ਼ਬਦਾਂ ਲੋੁਭਾਨ, ਗੋੁਪਾਲ ਅਤ ਗੋੁਬਿੰਦ ਵਿਚਲੇ ਅੱਖਰਾਂ /ਲੋੁ/ ਅਤੇ /ਗੋੁ/ ਨੂੰ ਹੋੜਾ ਅਤੇ ਔਂਕੜ ਦੋਵੇਂ ਲਗਾਂ ਲੱਗੀਆਂ ਹੋਈਆਂ ਹਨ; ਜਦ ਕਿ ਇਨ੍ਹਾਂ ਸ਼ਬਦਾਂ ਵਿਚਲੇ ਇਹੋ ਅੱਖਰ ਕੇਵਲ 'ਔਂਕੜ' ਅਤੇ ਕੇਵਲ 'ਹੋੜਾ' ਨਾਲ ਵੀ ਲਿਖੇ ਗਏ ਮਿਲਦੇ ਹਨ।ਚੌਥੀ ਟੂਕ ਵਿਚ 'ਗੋਬਿੰਦ' ਸ਼ਬਦ ਵਿਚਲਾ /ਗੋ/ ਅੱਖਰ ਕੇਵਲ ਹੋੜੇ ਨਾਲ ਅੰਕਿਤ ਹੈ।ਲਗਾਂ ਦੀ ਦੂਹਰੀ ਵਰਤੋਂ ਛੰਦ-ਚਾਲ ਦੀਆਂ ਬੰਦਸ਼ਾਂ ਦੀ ਸੰਕੇਤਿਕ ਹੈ।ਸਾਹਿਬ ਸਿੰਘ ਦਾ ਮਤ ਹੈ ਕਿ ਅਸਲੀ ਲਫ਼ਜ਼ ਤਾਂ 'ਲੋਭਾਨ' 'ਗੋਪਾਲ/ ਅਤੇ 'ਗੋਬਿੰਦ' ਹਨ ਪਰ ਛੰਦ ਚਾਲ ਤਾਂ ਹੀ ਪੂਰੀ ਰਹਿ ਸਕਦੀ ਹੈ ਜੇ ਗੁਰੂ ਮਾਤਰਾ ਦੀ ਥਾਂ ਲਘੂ ਮਾਤਰਾ ਵਰਤੀ ਜਾਵੇ।ਇਸ ਲਈ ਪਾਠ ਵਿਚ ਇਸ ਨੂੰ ਲੁਭਾਨ, ਗੁਪਾਲ ਅਤੇ ਗੁਬਿੰਦ ਪੜ੍ਹਨਾ ਹੈ।ਹਰਕੀਰਤ ਸਿੰਘ ਦਾ ਖਿਆਲ ਹੈ ਕਿ ਇਨ੍ਹਾਂ ਦਾ ਉਚਾਰਨ ਇਵੇਂ ਕਰਨਾ ਹੈ ਕਿ /ਲ/ ਅਤੇ /ਗ/ ਨੂੰ ਲੱਗੀ ਮਾਤਰਾ ਦਾ ਲਮਕਾਅ ਹੋੜੇ ਅਤੇ ਔਂਕੜ ਦੇ ਵਿਚਕਾਰ ਦਾ ਹੋਵੇ।ਇਸ ਨੂੰ ਡੇਢ ਮਾਤਰਾ ਦਾ ਉਚਾਰ ਮੰਨਿਆਂ ਜਾਂਦਾ ਹੈ।ਪਰ ਅਜੋਕੀ ਪੰਜਾਬੀ ਕਵਿਤਾ/ਗ਼ਜ਼ਲ ਵਿਚ ਅਜਿਹਾ ਰਿਵਾਜ਼ ਨਹੀਂ ਰਿਹਾ।

ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚਲੀ ਭਾਸ਼ਾ ਵਿਚ ਇਕ 'ਸ਼ਬਦ ਦੇ ਕਈ ਰੂਪ ਵੀ ਵਰਤੇ ਗਏ ਹਨ।ਸ਼ਬਦਾਂ ਦੀ ਅਜਿਹੀ ਵਰਤੋਂ ਦੇ ਕਈ ਕਾਰਨ ਹਨ।ਇਕ ਤਾਂ ਕਵਿਤਾ ਦਾ ਵਜ਼ਨ ਕਾਇਮ ਰੱਖਣਾ ਹੈ।ਮਸਲਨ : 'ਕਿਰਪਾ' ਦੇ ਥਾਂ 'ਕ੍ਰਿਪਾ' ਲਿਖਣ-ਪੜ੍ਹਨ-ਉਚਾਰਨ ਨਾਲ ਇਕ ਮਾਤਰਾ ਘਟ ਜਾਂਦੀ ਹੈ।ਦੂਜਾ ਰਾਗ ਅਤੇ ਸੰਗੀਤ ਦੀਆਂ ਬੰਦਸ਼ਾਂ ਕਾਰਨ ਸ਼ਬਦਾਂ ਦੀਆਂ ਮਾਤਰਾਵਾਂ ਘੱਟ-ਵੱਧ ਕਰਨੀਆਂ ਪੈਂਦੀਆਂ ਹਨ।ਤੀਜਾ ਕਾਰਨ ਇਹ ਵੀ ਹੈ ਕਿ ਤਤਕਾਲੀ ਭਾਸ਼ਾ ਵਿਚ ਕੁਝ ਸ਼ਬਦਾਂ ਦੇ ਵਿਵਿਧ ਰੂਪ ਪ੍ਰਚੱਲਿਤ ਸਨ।ਜਿਵੇਂ : 'ਸਿਰਠਿ' ਅਤੇ 'ਸਿਰਠੀ' ਉਸ ਵੇਲੇ ਦੀ ਬੋਲਚਾਲ ਦੀ ਭਾਸ਼ਾ ਵਿਚ ਪ੍ਰਚੱਲਿਤ ਸਨ।ਗੁਰੂ ਸਾਹਿਬਾਨ ਨੇ ਲੋਕ ਭਾਸ਼ਾ ਦੇ ਸ਼ਬਦਾਂ ਨੂੰ ਤਰਜੀਹ ਦਿੱਤੀ ਹੈ।ਕੁਝ ਸ਼ਬਦ ਅਜਿਹੇ ਵੀ ਹਨ ਜਿਨ੍ਹਾਂ ਦੇ ਵੱਖ-ਵੱਖ ਰੂਪ ਵੱਖੋ-ਵੱਖ

ਭਾਸ਼ਾਵਾਂ/ਉਪਭਾਸ਼ਾਵਾਂ ਵਿਚ ਵਰਤੇ ਜਾਂਦੇ ਸਨ। ਜਿਵੇਂ, ਪਾਣੀ/ਬਾਣੀ ਤਾਂ ਪੰਜਾਬੀ ਰੂਪ ਹੈ ਪਰ ਪਾਨੀ/ਬਾਨੀ ਹਿੰਦੀ ਰੂਪ ਹਨ। ਇਵੇਂ ਅਰਬੀ-ਫਾਰਸੀ ਦੇ ਕੁਝ ਸ਼ਬਦ ਵੱਖ-ਵੱਖ ਭਾਸ਼ਾਵਾਂ/ਉਪਭਾਸ਼ਾਵਾਂ ਵਿਚ ਵਿਭਿੰਨ ਰੂਪਾਂ ਵਿਚ ਪ੍ਰਚੱਲਿਤ ਸਨ। ਮਸਲਨ 'ਕਾਗਲੁ' ਮੁਲਤਾਨੀ ਵਿਚ 'ਕਾਗਦ' ਮਾਝੀ ਤੇ ਮਲਵਈ ਵਿਚ ਅਤੇ 'ਕਾਗਰ' ਹਿੰਦੀ ਦੀਆਂ ਕੁਝ ਭਾਸ਼ਾਵਾਂ ਵਿਚ ਪ੍ਰਚੱਲਿਤ ਸੀ ਪਰ ਗੁਰੂ ਸਾਹਿਬਾਨ ਨੇ ਇਸ ਦਾ ਮੂਲ ਤਤਸਮ 'ਕਾਗਜ਼' ਨਹੀਂ ਵਰਤਿਆ। ਇਵੇਂ ਸੰਸਕ੍ਰਿਤ ਮੂਲ ਦੇ ਕਈ ਸ਼ਬਦਾਂ ਦੇ ਵੀ ਤਤਕਾਲੀ ਭਾਸ਼ਾ ਵਿਚ ਕਈ-ਕਈ ਰੂਪ ਵਰਤੇ ਜਾਂਦੇ ਸਨ। ਇਥੇ ਵੀ ਗੁਰੂ ਸਾਹਿਬਾਨ ਦੀ ਰੁਚੀ ਤਦਭਵੀਕਰਨ ਦੀ ਹੀ ਰਹੀ ਹੈ। ਦਰਅਸਲ ਇਸ ਤਰ੍ਹਾਂ ਦੀਆਂ ਖੁੱਲ੍ਹਾਂ ਲੈਣੀਆਂ ਸਿਰਜਣਾਤਮਿਕ ਸਾਹਿਤ ਦੀ ਲੋੜ ਹੁੰਦੀ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਵੀ ਅਜਿਹੀ ਭਾਸ਼ਾ-ਸ਼ੈਲੀ ਦੀ ਪਛਾਣ ਕੀਤੀ ਜਾ ਸਕਦੀ ਹੈ। ਇਸ ਤੋਂ ਬਿਨ੍ਹਾਂ ਗੁਰਬਾਣੀ ਉਸ ਵੇਲੇ ਰਚੀ ਗਈ ਜਦੋਂ ਪੰਜਾਬੀ ਭਾਸ਼ਾ ਆਪਣਾ ਵਿਲੱਖਣ ਸਰੂਪ ਗ੍ਰਹਿਣ ਕਰ ਰਹੀ ਸੀ। ਇਸ ਕਾਰਨ ਵੀ ਇਸ ਭਾਸ਼ਾ ਵਿਚ ਨਵੇਂ-ਪੁਰਾਣੇ ਸ਼ਬਦ-ਰੂਪ ਵਰਤੇ ਗਏ ਹਨ। ਮਿਸਾਲ ਵਜੋਂ :

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ।। (ਪੰਨਾ,1429)

ਇਸ ਤੁਕ ਵਿਚ ਤਿੰਨ ਭੂਤ ਕਿਰਦੰਤ ਹਨ : ਕੀਤਾ, ਜਾਤੋ ਅਤੇ ਕੀਤੋ। ਇਨ੍ਹਾਂ ਵਿਚੋਂ 'ਕੀਤਾ' ਅਜੋਕੀ ਪੰਜਾਬੀ ਵਾਲਾ ਰੂਪ ਹੈ ਅਤੇ ਬਾਕੀ ਦੋਵੇਂ ਰੂਪ ਪੁਰਾਣੀ ਭਾਸ਼ਾ ਦੇ ਹਨ। ਇਵੇਂ ਦੀ ਇਕ ਹੋਰ ਤੁਕ ਵੇਖਣਯੋਗ ਹੈ :

ਕਿਵ ਕਰ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ।।(ਪੰਨਾ 5)

ਇਥੇ 'ਕਿਵ' ਅਤੇ 'ਕਿਉਂ' ਦੋਵੇਂ ਵਰਤੇ ਗਏ ਹਨ। ਇਨ੍ਹਾਂ ਵਿਚੋਂ 'ਕਿਵ' ਪੁਰਾਣਾ ਰੂਪ ਹੈ ਅਤੇ 'ਕਿਉ' ਅਜੋਕਾ ਰੂਪ ਹੈ। ਹੁਣ ਤਾਂ ਇਸ ਨੂੰ ਨਾਸਿਕੀ 'ਕਿਉਂ' ਬੋਲਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਸਰੂਪ ਦੀ ਨਿਰਖ-ਪਰਖ ਕਰਨ ਵੇਲੇ, ਇਸ ਭਾਸ਼ਾ ਦੀ ਵਾਕ-ਵਿਉਂਤ ਨੂੰ ਵੀ ਕਾਵਿ-ਸ਼ੈਲੀ ਦੇ ਪੱਖ ਤੋਂ ਵੇਖਣ ਦੀ ਲੋੜ ਹੈ। ਕਾਵਿਕ ਲੋੜਾਂ ਨੇ ਬਾਣੀ ਦੀ ਵਾਕ-ਵਿਉਂਤ ਵਿਚ ਗੈਰ-ਵਿਆਕਰਨਿਕ ਵਿਲੱਖਣਤਾਵਾਂ ਉਜਾਗਰ ਕੀਤੀਆਂ ਹਨ ਜਿਨ੍ਹਾਂ ਦਾ ਸ਼ੈਲੀ-ਭਾਸ਼ਾਵਿਗਿਆਨ ਦੇ ਪੱਖ ਤੋਂ ਮਹੱਤਵ ਹੈ। ਕਵਿਤਾ ਵਿਚ ਕਾਵਿ-ਤੁਕ ਇਕ ਵਾਕ ਦਾ ਦਰਜਾ ਰੱਖਦੀ ਹੈ। ਲਿਖਤੀ ਰੂਪ ਵਿਚ ਹਰ ਕਾਵਿਕ ਵਾਕ ਪਹਿਲੇ ਵਾਕ ਤੋਂ ਹੇਠਾਂ ਅੰਕਿਤ ਕੀਤਾ ਜਾਂਦਾ ਹੈ। ਛੰਦ ਅਤੇ ਰਾਗ ਦੀਆਂ ਲੋੜਾਂ

ਮੁਤਾਬਕ ਕਾਵਿ-ਰਚਨਾ ਦੇ ਸਾਰੇ ਵਾਕ ਆਪਸ ਵਿਚ ਬਰਾਬਰ ਆਕਾਰ ਦੇ ਹੁੰਦੇ ਹਨ ਭਾਵ ਹਰ ਕਾਵਿਕ ਵਾਕ ਵਿਚ ਮਾਤਰਾਵਾਂ/ਵਰਣਾਂ ਦੀ ਗਿਣਤੀ-ਮਿਣਤੀ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ।ਇਸ ਪੱਖੋਂ ਕਿਸੇ ਇਕ ਕਾਵਿ-ਰਚਨਾ ਦੇ ਵਾਕ, ਕਿਸੇ ਦੂਜੀ ਕਾਵਿ ਰਚਨਾ ਦੇ ਵਾਕਾਂ ਨਾਲੋਂ ਆਕਾਰ ਵਿਚ ਵੱਡੇ-ਛੋਟੇ ਤਾਂ ਹੋ ਸਕਦੇ ਹਨ ਪਰ ਇਕ ਕਾਵਿ-ਰੂਪ ਵਿਚ ਇਹ ਸਮਾਨਤਾ ਬਰਕਰਾਰ ਰਹਿੰਦੀ ਹੈ।ਮਿਸਾਲ ਵਜੋਂ ਹੇਠ ਲਿਖੇ ਕਾਵਿ ਵਾਕ ਵੇਖੇ ਜਾ ਸਕਦੇ ਹਨ :

(1) ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ।।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।। (ਪੰਨਾ, 96)
(2) ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।।
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।। (ਪੰਨਾ, 265)

ਗੈਰ-ਵਿਆਕਰਨਿਕ ਦ੍ਰਿਸ਼ਟੀ ਤੋਂ ਜਿਵੇਂ ਮਿਆਰੀ ਭਾਸ਼ਾ ਵਿਚ (ਵਾਰਤਕ ਰਚਨਾਵਾਂ ਵਿਚ) ਪੈਰਾ ਆਪਣੇ ਆਪ ਵਿਚ ਇਕ ਵਿਚਾਰ-ਇਕਾਈ ਹੁੰਦਾ ਹੈ ਉਵੇਂ ਗੁਰਬਾਣੀ ਦੀ ਕਾਵਿ-ਸ਼ੈਲੀ ਵਿਚ ਬੰਦ, ਪਾਉੜੀ, ਅੰਤਰਾ ਆਦਿ ਵਿਚਾਰ ਇਕਾਈਆਂ ਬਣਦੀਆਂ ਹਨ।ਗੁਰਬਾਣੀ ਦੇ ਕਈ ਕਾਵਿ ਰੂਪ ਅਜਿਹੇ ਵੀ ਹਨ ਜਿਨ੍ਹਾਂ ਵਿਚਲਾ ਪਹਿਲਾ ਵਾਕ (ਵਿਚਾਰ ਇਕਾਈ) ਦੁਹਰਾਇਆ ਜਾਂਦਾ ਹੈ।ਖਾਸ ਕਰਕੇ 'ਰਹਾਉ' ਵਾਲੀ ਪੰਕਤੀ, ਕੇਂਦਰੀ ਭਾਵ ਵਾਲੀ ਹੁੰਦੀ ਹੈ।'ਰਹਾਉ' ਕੇਂਦਰੀ ਸੰਗੀਤਕ ਇਕਾਈ ਵੀ ਹੈ।ਗੁਰਬਾਣੀ ਦੀ ਵਾਕ-ਵਿਉਂਤ ਵਿਚ ਕਿਸੇ ਇਕ ਸ਼ਬਦ ਜਾਂ ਸ਼ਬਦ-ਸਮੂਹ ਦੀ ਇਕ ਤੋਂ ਵੱਧ ਵਾਰ ਵਰਤੋਂ, ਵਿਸ਼ੇਸ਼ ਪ੍ਰਭਾਵ ਸਿਰਜਦੀ ਹੈ।ਮਿਸਾਲ ਲਈ 'ਜਪੁਜੀ ਸਾਹਿਬ' ਦੀ 8ਵੀਂ ਤੋਂ 11ਵੀਂ ਪਉੜੀ ਵਿਚਲੇ ਕੁੱਲ 24 ਕਾਵਿ-ਵਾਕਾਂ ਵਿਚੋਂ 20 ਦੇ ਅਰੰਭ ਵਿਚ 'ਸੁਣੀਐ' ਸ਼ਬਦ ਦੀ ਵਰਤੋਂ ਕਾਵਿ ਸੁਹਜ ਨੂੰ ਉਭਾਰਦੀ ਹੋਈ, ਕਾਵਿ-ਸੰਦੇਸ਼ ਨੂੰ ਉਜਾਗਰ ਕਰਦੀ ਹੈ।ਸੁਖਮਨੀ ਸਾਹਿਬ ਵਿਚ ਸ਼ਬਦਾਂ/ਸ਼ਬਦ ਸਮੂਹਾਂ ਦੀ ਦੁਹਰਾਵੀਂ ਵਰਤੋਂ ਦੀਆਂ ਅਨੇਕਾਂ ਵੰਨਗੀਆਂ ਮੌਜੂਦ ਹਨ :

(1) ***ਸਾਧ ਕੈ*** *ਸੰਗਿ ਅਗੋਚਰੁ ਮਿਲੈ।।*
ਸਾਧ ਕੈ *ਸੰਗਿ ਸਦਾ ਪਰਫੁਲੈ।।*
ਸਾਧ ਕੈ *ਸੰਗਿ ਆਵਹਿ ਬਸਿ ਪੰਚਾ।।*
ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ।। (ਪੰਨਾ, 271)

(2) ***ਪ੍ਰਭ ਕਾ ਸਿਮਰਨੁ*** *ਸਭ ਤੇ ਊਚਾ।।*
ਪ੍ਰਭ ਕਾ ਸਿਮਰਨਿ *ਉਧਰੇ ਮੂਚਾ।।*
ਪ੍ਰਭ ਕੈ ਸਿਮਰਨਿ *ਤ੍ਰਿਸਨਾ ਬੁਝੈ।।*
ਪ੍ਰਭ ਕੈ ਸਿਮਰਨਿ *ਸਭ ਕੁਝ ਸੁਝੈ।।* (ਪੰਨਾ, 263)

ਇਸ ਤੋਂ ਇਲਾਵਾ ਗੁਰਬਾਣੀ ਦੀ ਵਾਕ-ਵਿਉਂਤ ਵਿਚ ਕਈ ਅਜਿਹੇ ਸ਼ਬਦ ਵੀ ਵਰਤੇ ਗਏ ਹਨ ਜਿਨ੍ਹਾਂ ਦੀ ਵਿਆਕਰਨਕ ਪੱਖ ਤੋਂ ਕੋਈ ਭੂਮਿਕਾ ਨਹੀਂ ਪਰ ਸੰਗੀਤਕ ਪੱਖ ਤੋਂ ਹੈ।ਅਸਲ ਵਿਚ ਰਾਗ ਅਤੇ ਛੰਦ ਦੀਆਂ ਬੰਦਸ਼ਾਂ ਕਾਰਨ ਸ਼ਬਦਾਂ ਨੂੰ ਹੀ ਨਹੀਂ ਬਲਕਿ ਵਾਕਾਂ ਨੂੰ ਵੀ ਛਾਂਗਿਆ/ਵਧਾਇਆ ਗਿਆ ਹੈ।

ਵਿਆਕਰਨ ਦੇ ਪੱਖ ਤੋਂ ਇਕ ਸਧਾਰਨ ਵਾਕ ਵਿਚ ਘੱਟੋ-ਘੱਟ ਇਕ ਨਾਂਵਪਦ ਅਤੇ ਇਕ ਕਿਰਿਆਪਦ ਦਾ ਹੋਣਾ ਲਾਜ਼ਮੀ ਹੁੰਦਾ ਹੈ।ਪਰ ਗੁਰਬਾਣੀ ਦੀ ਕਾਵਿਕ ਵਾਕ ਰਚਨਾ ਵਿਚ ਇਨ੍ਹਾਂ ਵਿਚੋਂ ਕਿਸੇ ਇਕ ਦੀ ਗੈਰ-ਹਾਜ਼ਰੀ ਵੀ ਸਾਰਥਿਕ ਭੂਮਿਕਾ ਨਿਭਾਉਂਦੀ ਹੈ :

ਕਥਨਾ ਕਥੀ ਨ ਆਵੈ ਤੋਟਿ।।
ਕਥਿ ਕਥਿ ਕਥੀ, ਕੋਟੀ ਕੋਟਿ ਕੋਟਿ।।
ਦੇਦਾ ਦੇ, ਲੈਦੇ ਥਕਿ ਪਾਹਿ।।
ਜੁਗਾ ਜੁਗੰਤਰਿ ਖਾਹੀ ਖਾਹਿ।। (ਪੰਨਾ 2)

ਇਸੇ ਤਰ੍ਹਾਂ ਗੁਰਬਾਣੀ ਦੀ ਕਾਵਿਕ ਵਾਕਾਵਲੀ ਦੇ ਪਦਕ੍ਰਮ ਨੂੰ ਪਰਾਹਿਤ ਰੂਪ ਵਿਚ ਪੇਸ਼ ਕੀਤਾ ਗਿਆ ਹੈ।ਪੰਜਾਬੀ ਭਾਸ਼ਾ ਦੇ ਪ੍ਰਤੀਮਾਨ ਸਰੂਪ ਅਨੁਸਾਰ ਤਾਂ ਨਾਂਵਪਦ ਦਾ ਸਥਾਨ ਵਾਕ ਦੇ ਅਰੰਭ ਵਿਚ ਅਤੇ ਕਿਰਿਆਪਦ ਦਾ ਸਥਾਨ ਅੰਤ ਉਤੇ ਹੁੰਦਾ ਹੈ ਪਰ ਗੁਰਬਾਣੀ ਵਿਚ ਇਸ ਕ੍ਰਮ ਨੂੰ ਉਲਟਾਇਆ ਗਿਆ ਹੈ :

ਗਾਵੈ ਕੋ, ਸਾਜਿ ਕਰੇ, ਤਨੁ ਖੇਹ।।
ਗਾਵੈ ਕੋ, ਜੀਅ ਲੈ ਫਿਰਿ ਦੇਹ।। (ਪੰਨਾ 1)

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਿਆਕਰਨਿਕ ਨੇਮਾਂ ਦੀ ਉਲੰਘਣਾ, ਗੁਰਬਾਣੀ ਦੀ ਭਾਸ਼ਾ ਦਾ ਉਘਾ ਲੱਛਣ ਹੈ।ਕਵਿਤਾ ਵਿਚ ਉਲੰਘਣ ਔਗੁਣ ਨਹੀਂ ਬਲਕਿ ਭਾਸ਼ਾ-ਸ਼ੈਲੀਗਤ ਲੱਛਣ ਹੁੰਦਾ ਹੈ।ਦਰਅਸਲ ਵਿਆਕਰਨ ਤਾਂ ਭਾਸ਼ਾ ਦੇ

ਪ੍ਰਤੀਮਾਨ ਸਰੂਪ ਦੀ ਨਿਸ਼ਾਨਦੇਹੀ ਕਰਦਾ ਹੈ ਪਰ ਸਾਹਿਤਕਾਰ ਆਪਣੀ ਸਿਰਜਣ ਪ੍ਰਕਿਰਿਆ ਵਿਚ ਭਾਸ਼ਾ ਦੇ ਹਰ ਪੱਧਰ ਉਤੇ ਲੋੜ ਮੁਤਾਬਕ ਖੁੱਲ੍ਹਾਂ ਲੈ ਲੈਂਦਾ ਹੈ।ਇਹ ਖੁੱਲ੍ਹਾਂ ਲੇਖਕ ਦੇ ਅਚੇਤ/ਵਿਲੱਖਣ ਭਾਵਬੋਧ ਦੀਆਂ ਲਖਾਇਕ ਵੀ ਹੁੰਦੀਆਂ ਹਨ।ਇਉਂ ਕਵੀ ਭਾਸ਼ਾ ਨੂੰ ਅਮੀਰ ਵੀ ਬਣਾਉਂਦਾ ਹੈ।

ਅਗਲਾ ਤੇ ਆਖਰੀ ਨੁਕਤਾ ਸ਼ਖ਼ਸੀਅਤ ਦਾ ਹੈ।ਭਾਸ਼ਾ-ਸ਼ੈਲੀ ਵਿਚ ਸ਼ਖ਼ਸੀਅਤ ਦੀ ਅਹਿਮ ਭੂਮਿਕਾ ਹੁੰਦੀ ਹੈ।ਭਾਸ਼ਾ-ਸ਼ੈਲੀ ਸ੍ਰੇਸਟ ਸ਼ਖ਼ਸੀਅਤ ਦੀ ਸਹਿਜ ਸੁਭਾ ਦੇ ਣ ਹੁੰਦੀ ਹੈ।ਪਰ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ-ਸ਼ੈਲੀ ਨੂੰ ਸਖ਼ਸ਼ੀਅਤ ਨਾਲ ਜੋੜਨ ਵੇਲੇ ਇਹ ਧਿਆਨ ਰੱਖਣਾ ਬਣਦਾ ਹੈ ਕਿ ਇਹ 31 ਰਾਗਾਂ ਦੀ ਬੰਦਸ਼ ਵਾਲਾ 36 ਬਾਣੀਕਾਰਾਂ ਦੀ ਬਾਣੀ ਦੇ ਛੰਦਬੱਧ ਕਾਵਿ-ਪ੍ਰਵਾਹ ਦਾ ਸੰਪਾਦਿਤ ਗ੍ਰੰਥ ਹੈ।ਇਸ ਵਿਚ ਛੇ ਗੁਰੂ ਸਾਹਿਬਾਨਾਂ ਤੋਂ ਛੁੱਟ 15 ਸੰਤਾਂ-ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰੂ ਘਰ ਦੇ ਰਾਗੀਆਂ-ਰਬਾਬੀਆਂ ਦੀ ਬਾਣੀ ਸੰਕਲਿਤ ਹੈ।ਭਾਸ਼ਾ ਸਮੇਂ, ਸਥਾਨ ਅਤੇ ਪ੍ਰਸਥਿਤੀਆਂ ਅਨੁਸਾਰ ਵੀ ਬਦਲ ਜਾਂਦੀ ਹੈ।ਸਮੇਂ ਦੇ ਪੱਖ ਤੋਂ ਆਦਿ ਗ੍ਰੰਥ ਦੀ ਭਾਸ਼ਾ ਦਾ ਰਚਨ-ਕਾਲ ਲੱਗਪੱਗ 500 ਸਾਲ ਬਣਦਾ ਹੈ।ਏਨੇ ਲੰਮੇ ਸਮੇਂ ਦੌਰਾਨ ਭਾਸ਼ਾ ਦਾ ਰੂਪ ਬਦਲਦੇ ਰਹਿਣਾ, ਸੁਭਾਵਿਕ ਪ੍ਰਕਿਰਿਆ ਹੈ।ਭੂਗੋਲਿਕ ਦ੍ਰਿਸ਼ਟੀ ਤੋਂ ਇਨ੍ਹਾਂ ਬਾਣੀਕਾਰਾਂ ਦਾ ਸਬੰਧ ਪੰਜਾਬ, ਸਿੰਧ, ਮਹਾਂਰਾਸਟਰ, ਰਾਜਸਥਾਨ, ਗੁਜਰਾਤ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਸੂਬਿਆਂ ਨਾਲ ਹੈ।ਅੱਗੋਂ ਇਹ ਬਾਣੀਕਾਰ ਵੱਖੋ-ਵੱਖ ਫਿਰਕਿਆਂ, ਜਾਤਾਂ, ਕਿੱਤਿਆ ਅਤੇ ਉਮਰਾਂ ਨਾਲ ਸਬੰਧਿਤ ਸਨ।ਇਸ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਵਿਚ ਵਿਵਿਧਤਾ ਝਲਕਦੀ ਹੈ।ਭਾਸ਼ਾ ਸ਼ਾਸਤੀਆਂ ਨੇ ਅਧਿਐਨ ਉਪਰੰਤ ਇਹ ਸਿੱਟਾ ਕੱਢਿਆ ਹੈ ਕਿ ਗੁਰਬਾਣੀ ਦੀ ਭਾਸ਼ਾ ਵਿਚ ਉਸ ਵੇਲੇ ਦੀ ਪੰਜਾਬੀ ਦੇ ਸਾਰੇ ਰੂਪ, ਸਿੰਧੀ, ਰਾਜਸਥਾਨੀ, ਬਾਂਗਰੂ (ਹਰਿਆਣਵੀ) ਬ੍ਰਿਜੀ, ਖੜ੍ਹੀ ਬੋਲੀ, ਬਿਹਾਰੀ, ਮਰਾਠੀ, ਸਾਧੂਕੜੀ (ਉਤਰੀ ਭਾਰਤ ਦੇ ਸੰਤਾਂ ਦੀ ਬਾਣੀ) ਹਿੰਦਵੀ (ਮੱਧਕਾਲੀ ਪੰਜਾਬ ਅਤੇ ਸਿੰਧ ਦੀ ਮਿਸ਼ਰਿਤ ਭਾਸ਼ਾ) ਰੇਖਤਾ (ਤਤਕਾਲੀ ਭਾਰਤ ਵਿਚ ਮੁਸਲਮਾਨ ਲੇਖਕਾਂ ਵੱਲੋਂ ਵਰਤੀ ਗਈ ਮਿਸ਼ਰਤ ਭਾਸ਼ਾ) ਗਾਥਾ (ਸੰਸਕ੍ਰਿਤ ਪ੍ਰਾਕ੍ਰਿਤ ਦਾ ਮਿਸ਼ਰਿਤ ਰੂਪ) ਸਹਸਕ੍ਰਿਤੀ (ਸਾਹਿਤਕ ਪੰਜਾਬੀ-ਹਿੰਦੀ ਵਿਚ ਸੰਸਕ੍ਰਿਤ ਮਿਸ਼ਰਤ ਭਾਸ਼ਾ ਰੂਪ) ਅਤੇ ਪੱਛਮੀ ਪਹਾੜੀ ਬੋਲੀਆਂ ਆਦਿ ਦੇ ਅੰਸ਼ ਹਨ।ਇਉਂ ਡਾ. ਟ੍ਰੰਪ ਦੇ ਸ਼ਬਦਾਂ ਵਿਚ ਇਹ ਪਵਿੱਤਰ ਗ੍ਰੰਥ ਪ੍ਰਾਚੀਨ ਹਿੰਦਵੀ ਬੋਲੀਆਂ ਅਤੇ ਉਪਬੋਲੀਆਂ ਦਾ ਅਸਲ ਖਜ਼ਾਨਾ ਹੈ।ਮੱਧਕਾਲੀ ਭਾਰਤੀ ਭਾਸ਼ਾਵਾਂ ਦੇ ਇਸ ਮਹਾਨ ਕੋਸ਼ ਵਿਚ ਭਾਸ਼ਾਈ ਵਖਰੇਵੇਂ ਵੀ ਹਨ ਅਤੇ ਵਿਲੱਖਣਤਾਵਾਂ ਵੀ, ਪਰ ਇਸ

ਦੀ ਭਾਸ਼ਾ-ਸ਼ੈਲੀ ਇਕਰਸ ਅਤੇ ਇਕਸੁਰ ਹੈ।ਇਹ ਭਾਸ਼ਾ-ਸ਼ੈਲੀ ਵਿਸ਼ੇ ਦੇ ਅਨੁਰੂਪ ਹੈ।ਵਿਸ਼ੇ ਦੇ ਅਨੁਰੂਪ ਭਾਸ਼ਾ-ਸ਼ੈਲੀ ਦਾ ਨਿਰਣਾ ਸ਼ਖ਼ਸੀਅਤ ਨਹੀਂ ਕਰਦੀ ਬਲਕਿ ਵਿਸ਼ਾ ਕਰਦਾ ਹੈ ਪਰ ਜੇ ਭਾਸ਼ਾ, ਸ਼ਖ਼ਸੀਅਤ ਅਤੇ ਵਿਸ਼ਾ ਤਿੰਨੇ ਇਕ ਰੰਗ ਹੋਣ ਤਾਂ ਭਾਸ਼ਾ-ਸ਼ੈਲੀ ਦਾ ਨਿਰਣਾ ਰਚਨਾਕਾਰਾਂ ਦੀ ਜ਼ਿੰਦਗੀ ਪ੍ਰਤੀ ਵਫ਼ਾ ਕਰਦੀ ਹੈ।ਇਸ ਵਫ਼ਾ ਵਿਚੋਂ ਹੀ ਮਹਾਂਦ੍ਰਿਸ਼ਟੀ ਝਲਕਦੀ ਹੈ।ਮਹਾਂਦ੍ਰਿਸ਼ਟੀ ਪੂਰਾ ਜੀਵਨ ਹੁੰਦਾ ਹੈ।ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਭਾਵੇਂ ਮਿਸ਼ਰਿਤ ਹੈ ਪਰ ਗੁਰੂ ਸਾਹਿਬਾਨ ਨੇ ਭਾਸ਼ਾ ਨਹੀਂ ਲਿਖੀ ਸੁਚੱਜੀ ਜੀਵਨ ਜਾਚ ਅਤੇ ਜੀਵਨ ਦਰਸ਼ਨ ਲਿਖਿਆ ਹੈ।ਇਸ ਲਈ ਇਸ ਮਹਾਨ ਗ੍ਰੰਥ ਦਾ ਭਾਸ਼ਾਈ ਸਰੂਪ ਵਾਸਤਵਿਕਤਾ ਅਤੇ ਭਾਸ਼ਿਕਤਾ ਦੇ ਸੁਮੇਲ ਦੀ ਸ਼ਾਹਦੀ ਭਰਦਾ ਹੈ।ਇਸ ਦੀ ਭਾਸ਼ਾਈ ਅਨੇਕਤਾ ਦੇ ਅੰਤਰਨਿਹਿਤ ਭਾਵ-ਜੁਗਤ ਦੀ ਏਕਤਾ ਹੈ ਜਿਸ ਦੀ ਪਛਾਣ ਲਈ ਵਿਆਕਰਨਿਕ ਦ੍ਰਿਸ਼ਟੀ ਦੇ ਨਾਲ-ਨਾਲ ਭਾਸ਼ਾ-ਸ਼ੈਲੀਗਤ ਦ੍ਰਿਸ਼ਟੀ ਦੀ ਵੀ ਲੋੜ ਹੈ।ਇਸ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦਾ ਵਿਸਤ੍ਰਿਤ ਅਧਿਐਨ ਕਰਨ ਨਾਲ ਸਾਰਥਿਕ ਅੰਤਰ ਦ੍ਰਿਸ਼ਟੀ ਪ੍ਰਾਪਤ ਹੋਣ ਦੀ ਆਸ ਹੈ।ਸਾਡਾ ਇਹ ਯਤਨ ਤਾਂ ਅਰੰਭਕ ਕਿਸਮ ਦਾ ਹੈ।ਇਸ ਅਧਿਐਨ ਉਪਰੰਤ ਸਾਨੂੰ ਇਸ ਤਰ੍ਹਾਂ ਦਾ ਅਹਿਸਾਸ ਵੀ ਹੋ ਰਿਹਾ ਹੈ ਕਿ :

ਨਾ ਤੂੰ ਆਵਹਿ ਵਸਿ ਕਿਤੈ ਸਿਆਣਪੈ ॥ (ਪੰਨਾ,962)

ਕਿਉਂਕਿ ਸਾਹਿਤਕ ਪ੍ਰਵਚਨ ਦੀ ਮੁੰਦਾਵਨੀ ਕਿਤੇ ਨਹੀਂ ਹੁੰਦੀ।

ਸਹਾਇਕ ਪੁਸਤਕ ਸੂਚੀ

ਪੰਜਾਬੀ

ਅਰੁਣ, ਵਿਦਿਆ ਭਾਸਕਰ, 1996 **ਪੰਜਾਬੀ ਭਾਸ਼ਾ ਦਾ ਇਤਿਹਾਸ**, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਮਿਰਨੋਵ 1977 'ਗੁਰੂ ਨਾਨਕ ਅਤੇ ਪੰਜਾਬੀ ਬੋਲੀ ਦੇ ਵਿਕਾਸ ਦੇ ਮਸਲੇ' **ਗੁਰੂ ਨਾਨਕ ਲੇਖ ਸੰਗ੍ਰਹਿ**, ਪ੍ਰਗਤੀ ਪ੍ਰਕਾਸ਼ਨ, ਮਾਸਕੋ।

ਸਾਹਿਬ ਸਿੰਘ 1939 **ਗੁਰਬਾਣੀ ਵਿਆਕਰਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਸੇਖੋਂ, ਸੰਤ ਸਿੰਘ 1970 **ਪੰਜਾਬੀ ਬੋਲੀ ਦਾ ਇਤਿਹਾਸ,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਸਿੱਧੂ, ਪਰਮਜੀਤ ਸਿੰਘ 2004 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦਿੱਖ ਤੇ ਦ੍ਰਿਸ਼' ਪੰਜਾਬੀ ਯੂਨੀਵਰਸਿਟੀ ਵਿਖੇ 20ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ (7-9 ਜਨਵਰੀ) ਵਿਚ ਪੜ੍ਹਿਆ ਗਿਆ ਪੇਪਰ।

ਸਹਿਗਲ, ਮਨਮੋਹਨ 1987 **ਸ੍ਰੀ ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਿਕ ਸਰਵੇਖਣ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਹਰਕੀਰਤ ਸਿੰਘ 1997 **ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ,** ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਹਰਿਭਜਨ ਸਿੰਘ 1970 **ਅਧਿਐਨ ਅਤੇ ਅਧਿਆਪਨ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ।

ਕਾਨ ਸਿੰਘ, ਨਾਭਾ 1960 **ਮਹਾਨ ਕੋਸ਼,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਕਪੂਰ, ਨਵਰਤਨ 2004 'ਗੁਰੂ ਗ੍ਰੰਥ ਸਾਹਿਬ ਵਿਚ ਭਾਸ਼ਾਈ ਸੁਮੇਲ' ਪੰਜਾਬੀ ਯੂਨੀਵਰਸਿਟੀ ਵਿਖੇ 20ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ਼ ਵਿਚ ਪੇਸ਼ ਪੇਪਰ।

ਤੇਜਾ ਸਿੰਘ 1962 **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।

ਦੁਨੀ ਚੰਦ 1959 **ਪੰਜਾਬੀ ਭਾਸ਼ਾ ਦਾ ਵਿਕਾਸ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਪਦਮ, ਪਿਆਰਾ ਸਿੰਘ 1969 **ਪੰਜਾਬੀ ਬੋਲੀ ਦਾ ਇਤਿਹਾਸ,** ਕਲਮ ਮੰਦਿਰ, ਪਟਿਆਲਾ।

ਪ੍ਰੇਮ, ਪ੍ਰਕਾਸ਼ ਸਿੰਘ 2002 'ਗੁਰਬਾਣੀ ਦੀ ਭਾਸ਼ਾ ਦਾ ਵਿਭਕਤੀਮੂਲਕ ਸਰੂਪ' **ਰੂਪ ਵਿਗਿਆਨ ਅਤੇ ਪੰਜਾਬੀ ਸ਼ਬਦ-ਰਚਨਾ**, ਮਦਾਨ ਪਬਲੀਕੇਸ਼ਨਜ਼,ਪਟਿਆਲਾ।

ਵੀਰ ਸਿੰਘ (ਭਾਈ) ਮਿਤੀਹੀਣ **ਸ੍ਰੀ ਗੁਰੂ ਗ੍ਰੰਥ ਕੋਸ਼,** ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ।

ਅੰਗਰੇਜ਼ੀ

Christopher Shackle, 1986 **Introduction to the Sacred Language of the Sikhs,** University of London.

Grierson **Linguistic Survey of India** Vol-I

Krishnaswamy and S.K. Verma 2002 **Modern Applied Linguistics**, Maccmillan

Puran Singh 1969 **Spirit of the Oriental Poetry,** Punjabi University, Patiala.

Trump E 1970 **The AdiGranth, Introduction,** New Delhi.

ਪੰਜਾਬੀ ਆਲੋਚਨਾ ਦੀ ਭਾਸ਼ਾ

ਆਲੋਚਨਾ ਇਕ ਅਜਿਹਾ ਸਰਬਗ੍ਰਾਹੀ ਅਨੁਸ਼ਾਸਨ ਹੈ ਜਿਸ ਵਿਚ ਅਧਿਐਨ, ਵਿਸ਼ਲੇਸ਼ਣ, ਸਮੀਖਿਆ, ਸਿਧਾਂਤ-ਚਿੰਤਨ, ਮੁਲੰਕਣ ਅਤੇ ਇਤਿਹਾਸ-ਦ੍ਰਿਸ਼ਟੀ ਆਦਿ ਵਰਗੇ ਕਈ ਤਰ੍ਹਾਂ ਦੇ ਉਦਮ ਸ਼ਾਮਲ ਹੁੰਦੇ ਹਨ।ਇਹ ਇਕ ਅਜਿਹੀ ਚਿੰਤਨ-ਪ੍ਰਕਿਰਿਆ ਹੈ, ਜਿਸ ਵਿਚ ਬੌਧਿਕੀਕਰਨ ਆਪਣ ਸਿਖ਼ਰ 'ਤੇ ਹੁੰਦਾ ਹੈ।ਇਸ ਦਾ ਅਸਰ ਸੁਭਾਵਕ ਹੀ ਭਾਸ਼ਾਈ ਬਣਤਰਾਂ ਉਤੇ ਪੈਂਦਾ ਹੈ।ਆਲੋਚਨਾ ਦੀ ਭਾਸ਼ਾ ਵਿਚ ਸ਼ਬਦ ਅਤੇ ਸੰਕਲਪ ਦਰਮਿਆਨ ਇਕਾਰਥੀ ਰਿਸ਼ਤਾ ਨਿਸਚਿਤ ਹੋ ਜਾਂਦਾ ਹੈ।ਵਾਕਾਵਲੀ ਵਿਚ ਵਧੇਤਰੀ ਸ਼ਬਦਾਵਲੀ ਦੀ ਬਹੁਲਤਾ ਹੋ ਜਾਂਦੀ ਹੈ।ਸਮਾਨਾਰਥੀ ਸ਼ਬਦਾਂ ਦੀ ਲਗਭਗ ਅਣਹੋਂਦ ਹੁੰਦੀ ਹੈ।ਵਾਕ ਵੀ ਇਕ ਨਿਆਂਇਕ ਨਿਰਣੇ ਦੇ ਕਰੀਬ ਰਹਿੰਦੇ ਹਨ।ਅਧੂਰੇ ਜਾਂ ਭਾਵੁਕ ਕਥਨਾਂ ਲਈ ਆਲੋਚਨਾ ਦੀ ਭਾਸ਼ਾ ਵਿਚ ਕੋਈ ਥਾਂ ਨਹੀਂ ਹੁੰਦੀ।ਗੱਲ ਕੀ, ਆਲੋਚਨਾ ਦੀ ਭਾਸ਼ਾ ਵਿਚ ਗਿਆਨ ਖੰਡ ਦੇ ਰਜਿਸਟਰ ਖੁੱਲ੍ਹ ਜਾਂਦੇ ਹਨ ਅਤੇ ਭਾਸ਼ਾ ਵਿਚ ਇਕ ਨਿਆਂਇਕ ਵਿਵੇਕ ਵਰਗੀ ਚੁਸਤੀ ਆ ਜਾਂਦੀ ਹੈ।ਇਉਂ ਆਲੋਚਨਾ ਦੀ ਭਾਸ਼ਾ ਇਕ ਅਜਿਹੇ ਸੰਕਲਪੀ ਅਤੇ ਸਿਧਾਂਤਕ ਸੰਜਮ ਵਿਚ ਬੱਝ ਜਾਂਦੀ ਹੈ ਜਿਸ ਦਾ ਆਪਣਾ ਵੱਖਰਾ ਤੇ ਪਛਾਣਯੋਗ ਮੁਹਾਂਦਰਾ ਸਥਾਪਿਤ ਹੋ ਜਾਂਦਾ ਹੈ।

ਇਸ ਸਿਧਾਂਤਕ ਸੇਧ ਵਿਚ ਪੰਜਾਬੀ ਆਲੋਚਨਾ ਦੀ ਭਾਸ਼ਾ ਦਾ ਵਿਦਾ-ਬਿੰਦੂ ਸੰਤ ਸਿੰਘ ਸੇਖੋਂ ਦੀ ਆਲੋਚਨਾ ਦੀ ਭਾਸ਼ਾ ਨੂੰ ਮੰਨਿਆ ਜਾ ਸਕਦਾ ਹੈ।ਪੂਰਵ ਸੇਖੋਂ ਆਲੋਚਨਾ ਪਾਸ ਭਾਸ਼ਾ ਤਾਂ ਹੈ ਪਰ ਆਲੋਚਨਾ-ਭਾਸ਼ਾ ਨਹੀਂ ਹੈ ਕਿਉਂਕਿ ਉਥੇ ਵਿਚਾਰਾਂ ਅਤੇ ਸ਼ਬਦਾਂ ਦਾ ਰਿਸ਼ਤਾ ਸੰਬਾਦੀ ਨਹੀਂ, ਸਵੈਵਾਦੀ ਹੈ।ਪੂਰਵ ਸੇਖੋਂ ਪੰਜਾਬੀ ਆਲੋਚਨਾ, ਭਾਸ਼ਾ ਤੇ ਪੱਖ ਤੋਂ ਉਚਾਰ ਦੇ ਸਮਾਨੰਤਰ ਹੋਰ ਉਚਾਰ ਹੀ ਸਿਰਜਦੀ ਹੈ।ਹਰਿਭਜਨ ਸਿੰਘ (1994 : 20) ਅਨੁਸਾਰ ਇਸ ਸਮੇਂ ਸਾਹਿਤ ਅਤੇ ਸਮੀਖਿਆ ਇਕ ਦੂਜੇ ਤੋਂ ਵੱਖਰੇ ਹੋਣ ਦੀ ਬਜਾਏ, ਇਕ ਦੂਜੇ ਵਰਗਾ ਹੋਣਾ ਲੋਚਦੇ ਹਨ।ਦਰਅਸਲ ਪੂਰਵ ਸੇਖੋਂ ਆਲੋਚਨਾ ਦੇ ਵੀ ਦੋ ਪੜਾਅ ਹਨ : ਪਹਿਲਾ ਪੜਾਅ ਤਾਂ ਕਾਵਿਕ ਟਿੱਪਣੀਆਂ ਦਾ ਹੈ ਜਿਸ ਬਾਰੇ ਰਵਿੰਦਰ ਸਿੰਘ ਰਵੀ (1996 : 29) ਦਾ ਮੱਤ ਹੈ ਕਿ ਇਸ ਵਿਚ ਆਲੋਚਨਾ ਵਾਲੀ ਕੋਈ ਗੱਲ ਨਹੀਂ।ਦੂਜੇ ਪੜਾਅ ਦੀ ਪੰਜਾਬੀ ਆਲੋਚਨਾ ਬਾਰੇ ਹਰਿਭਜਨ ਸਿੰਘ ਭਾਟੀਆ (1988 :44) ਲਿਖਦੇ ਹਨ ਕਿ ਇਸ ਵਿਚ ਆਲੋਚਨਾ ਬਾਰੇ ਸਮਝ ਤੇ ਹੋਂਦ ਨਦਾਰਦ ਹੈ।ਬਾਬਾ ਬੁੱਧ ਸਿੰਘ

ਡਾ. ਮੋਹਨ ਸਿੰਘ, ਤੇਜਾ ਸਿੰਘ, ਪੂਰਨ ਸਿੰਘ ਅਤੇ ਗੋਪਾਲ ਸਿੰਘ ਵਰਗੇ 'ਸਾਹਿਤ ਰਸੀਏ' ਰੋਲਾਂ ਬਾਰਤ (1967 : 647) ਦੇ ਸ਼ਬਦਾਂ ਵਿਚ ਪਰਾ-ਭਾਸ਼ਾ (Meta-Language) ਦੀ ਬਜਾਏ ਸਮਭਾਸ਼ਾ (Level-Language) ਵਿਚ ਹੀ ਦੂਜੈਲੀ ਸਿਰਜਨਾ ਕਰਦੇ ਹਨ।ਇਸ ਆਲੋਚਨਾ ਦਾ ਭਾਸ਼ਾਈ ਮੁਹਾਵਰਾ ਸਿਰਜਨਾਤਮਕ ਹੈ।ਮਿਸਾਲ ਵਜੋਂ ਨਮੂਨੇ ਪੇਸ਼ ਹਨ :

1. *ਏਥੇ ਬੜੀ ਭੀੜ ਏ ਕਿ ਸਾਰੀ ਲੋਕਾਈ ਟੁਟ-ਟੁਟ ਪੈਂਦੀ ਏ।ਏਹ ਕਦੀ ਤੇ ਮਸਤੀ ਵਿਚ ਸੁਰ ਅਲਾਪਦਾ ਏ ਅਰ ਹੀਰ-ਰਾਂਝੇ ਦਾ ਕਿੱਸਾ ਸੁਨਾਦਾ ਏ।ਵਿਚ-ਵਿਚ ਹਾਉਕਾ ਭਰ ਕੇ ਗੋਤਾ ਖਾ ਜਾਂਦਾ ਹੈ, ਜੀਕਨ ਕਿਸੇ ਬੈਂਤ ਦੇ ਤੀਰ ਇਸ ਦੇ ਕਲੇਜੇ ਨੂੰ ਵਿੰਨ ਜਾਂਦੇ ਹੋਣ।ਏਹੀ ਪਰਤੀਤ ਹੁੰਦਾ ਏ, ਜੀਕਨ ਹੀਰ-ਰਾਂਝੇ ਦੀ ਕਹਾਣੀ ਏਸ ਦੇ ਹੱਡ ਬੀਤੀ ਏ।* (ਬਾਵਾ ਬੁੱਧ ਸਿੰਘ, 1915:92–93)
2. *ਕਲਪਨਾ ਜਾਦੂ ਦੀ ਲਾਲਟੈਨ ਵਾਂਗੂ ਹਨੇਰੇ ਵਿਚ ਕੰਮ ਦੇਂਦੀ ਹੈ,ਚਾਨਣੇ ਵਿਚ ਚੰਗੀ ਨਹੀਂ ਉਘੜਦੀ ਹੈ।* (ਤੇਜਾ ਸਿੰਘ,1957:127)
3. *ਪਿਆਰ ਵਿਚ ਮੋਏ ਬੰਦਿਆਂ ਦੇ ਮਿਠੇ ਬਚਨ ਕਵਿਤਾ ਹਨ।* (ਪੂਰਨ ਸਿੰਘ 1967:13)
4. *ਆਰਟ ਕਈ ਤਰ੍ਹਾਂ ਦੀ ਰਸਿਕ ਕਿਰਤ ਹੈ।* (ਪੂਰਨ ਸਿੰਘ ਉਹੀ :58)

ਪੰਜਾਬੀ ਆਲੋਚਨਾ ਦੀ ਇਹ ਭਾਸ਼ਾ ਬਿੰਬਕੀ ਭਾਸ਼ਾ ਸਿਰਜਣ ਵਲ ਅਗਰਸਰ ਹੈ।ਹਰਿਭਜਨ ਸਿੰਘ 1994 : 31) ਅਨੁਸਾਰ ਇਹ ਲੋਕ ਸਮੀਖਿਆ ਹੈ.....ਇਸ ਦਾ ਸਾਰਾ ਜੋਰ ਭਾਸ਼ਾ ਸਰਲਤਾ ਉਪਰ ਹੈ, ਪ੍ਰਗਟਾਵੇ ਦੇ ਸਹੀ ਹੋਣ ਉਪਰ ਨਹੀਂ।ਅਸਲ ਵਿਚ ਇਹਨਾਂ ਆਲੋਚਕਾਂ ਪਾਸ ਪਰਾ-ਭਾਸ਼ਾ ਦੀਆਂ ਥੀਮਕ ਇਕਾਈਆਂ ਨੂੰ ਪਕੜਨ ਅਤੇ ਉਨ੍ਹਾਂ ਪਿਛੇ ਕਾਰਜਸ਼ੀਲ ਨੇਮ ਪ੍ਰਬੰਧ ਦਾ ਸਮੂਰਤਨ ਕਰਨ ਲਈ ਭਾਸ਼ਾਈ ਸੂਝ ਦੀ ਅਣਹੋਂਦ ਹੈ।ਇਸੇ ਲਈ ਇਹ ਆਲੋਚਕ (ਸਾਹਿਤ ਰਸੀਏ) ਉਚਾਰ ਤੋਂ ਪ੍ਰਬੰਧ ਤੱਕ ਪਹੁੰਚਣ ਦੀ ਬਜਾਏ, ਉਚਾਰ ਦੇ ਸਮਾਨ ਹੀ ਹੋਰ ਉਚਾਰ ਪੇਸ਼ ਕਰਦੇ ਰਹੇ ਹਨ।

ਸਹੀ ਅਰਥਾਂ ਵਿਚ ਪੰਜਾਬੀ ਆਲੋਚਨਾ ਦਾ ਸੰਕਲਪੀ ਮੁਹਾਵਰਾ ਸੇਖੋਂ ਆਲੋਚਨਾ ਵਿਚ ਨਿਸਚਿਤ ਹੁੰਦਾ ਹੈ।ਸਤਿੰਦਰ ਸਿੰਘ ਨੂਰ (1995 : 52) ਦਾ ਵਿਚਾਰ ਹੈ ਕਿ

ਪੰਜਾਬੀ ਆਲੋਚਨਾ ਦੇ ਭਾਸ਼ਾਈ ਰੁੱਖ ਨੂੰ ਨਿਸਚਿਤ ਕਰਨ ਵਿਚ ਸੇਖੋਂ ਆਲੋਚਨਾ ਦਾ ਅਹਿਮ ਰੋਲ ਹੈ।ਸੇਖੋਂ ਆਪਣੇ ਚਿੰਤਨ ਨੂੰ ਸੰਕਲਪੀ ਭਾਸ਼ਾ ਵਿਚ ਪੇਸ਼ ਕਰਨ ਦੀ ਯੋਗਤਾ ਰੱਖਦਾ ਹੈ।ਸੇਖੋਂ ਆਲੋਚਨਾ ਦੇ ਪ੍ਰਤੀਨਿਧ ਗ੍ਰੰਥ 'ਸਾਹਿਤਾਰਥ' ਬਾਰੇ ਹਰਿਭਜਨ ਸਿੰਘ (1994 : 25) ਲਿਖਦੇ ਹਨ, ਇਹ ਪੰਜਾਬੀ ਦੀ ਪਹਿਲੀ ਉਲੇਖਯੋਗ ਮੌਲਿਕ ਕਿਰਤਾ ਹੈ, ਜਿਸ ਨੇ ਸਾਹਿਤ ਦੀ ਪ੍ਰਕਿਰਿਆ ਨੂੰ ਸਿਧਾਂਤਕ ਪੱਧਰ ਉਪਰ ਸਮਝਣ ਦਾ ਯਤਨ ਕੀਤਾ ਹੈ।ਭਾਸ਼ਾ ਦੇ ਪੱਖ ਤੋਂ ਵੀ ਸੰਤ ਸਿੰਘ ਸੇਖੋਂ ਨੇ ਪਹਿਲੀ ਵੇਰ ਪ੍ਰਸਤਾਵੀ ਮੁਹਾਵਰੇ ਵਿਚ ਸੰਕਲਪੀ ਅਤੇ ਸੰਜਮੀ ਭਾਸ਼ਾ ਦੀ ਵਰਤੋ ਕਰ ਕੇ ਤਕਨੀਕੀ ਭਾਸ਼ਾ ਦਾ ਸੰਕਲਪ ਪੈਦਾ ਕੀਤਾ ਅਤੇ ਪੰਜਾਬੀ ਆਲੋਚਨਾ ਨੂੰ ਵਿਗਿਆਨਕ ਲੀਹਾਂ ਉਤੇ ਤੋਰਿਆ।ਸੇਖੋਂ ਆਲੋਚਨਾ ਦੀ ਭਾਸ਼ਾ ਆਪਣੇ ਸੁਤੰਤਰ ਮੁਹਾਵਰੇ ਵਿਚ ਚਿੰਤਨ ਕਰਦੀ ਹੈ।ਭਾਵੇਂ ਸੇਖੋਂ ਨੇ ਤਕਨੀਕੀ ਪਦਾਵਲੀ ਦੀ ਘਾੜਤ ਅਤੇ ਉਸ ਦੀ ਵਰਤੋਂ ਕੋਈ ਬਹੁਤੇ ਵੱਡੇ ਪੱਧਰ ਉਤੇ ਨਹੀਂ ਕੀਤੀ।ਕੁਝ ਕੁ ਤਕਨੀਕੀ ਸ਼ਬਦਾਂ ਲਈ ਉਸ ਨੇ ਸੰਸਕ੍ਰਿਤ ਭਾਸ਼ਾ ਨੂੰ ਸੋਮਾ ਬਣਾਇਆ ਪਰ ਇਹ ਆਲੋਚਨਾਤਮਕ ਭਾਸ਼ਾ ਦਾ ਸੰਕਲਪ ਪੈਦਾ ਕਰਨ ਵਿਚ ਸਫਲ ਹੈ।ਮਿਸਾਲ ਵਜੋਂ ਅਤਿਸ਼ੋਕਤੀ, ਅਭਿਵਿਅਕਤੀ, ਅੰਤਹਿਕਰਣ, ਰੰਚਨ, ਸਾਮਿਅਕ, ਪ੍ਰਾਧੀਨਤਾ, ਪ੍ਰਾਸਰੀਰਕ ਪ੍ਰਤਿਗਾਮੀ, ਪਰ ਵਾਸਤਵਵਾਦ, ਨਫ਼ਾਕ ਅਤੇ ਭੂਪਵਾਦ ਆਦਿ ਸੰਸਕ੍ਰਿਤ ਸ਼ਬਦਾਂ ਨੂੰ ਸੇਖੋਂ ਸੰਕਲਪੀ ਪੱਧਰ ਉਤੇ ਵਰਤਦਾ ਹੈ।ਇਸ ਸੰਬੰਧ ਵਿਚ ਸੇਖੋਂ (1970 : 213-25) ਆਪਣੀ ਧਾਰਨਾ ਵੀ ਸਪੱਸ਼ਟ ਕਰਦਾ ਹੈ : ਸੰਸਕ੍ਰਿਤ ਅਧਾਰਿਤ ਪਰਿਭਾਸ਼ਕ ਸ਼ਬਦਾਵਲੀ, ਲਾਤੀਨੀ ਆਧਾਰਿਤ ਪਰਿਭਾਸ਼ਕ ਸ਼ਬਦਾਵਲੀ ਨਾਲੋਂ ਵਧੇਰੇ ਸੌਖ ਨਾਲ ਅਤੇ ਪ੍ਰਭਾਵਕਾਰੀ ਢੰਗ ਨਾਲ ਭਾਰਤੀ ਚੇਤਨਾ ਵਿਚ ਘਰ ਕਰ ਸਕਦੀ ਹੈ...... ਸਮਝੇ ਜਾਣ ਲਈ ਸਾਹਿਤਕ ਭਾਸ਼ਾ ਨੂੰ ਲੋਕਕੰਠ ਦੇ ਨੇੜੇ ਰਹਿਣਾ ਚਾਹੀਦਾ ਹੈ।ਇਸ ਲਈ ਸੇਖੋਂ ਆਲੋਚਨਾ ਦੀ ਭਾਸ਼ਾ ਲੋਕਕੰਠ ਦੇ ਨੇੜੇ ਰਹਿੰਦੀ ਹੈ।ਇਹ ਸੇਖੋਂ ਆਲੋਚਨਾ ਦੀ ਭਾਸ਼ਾ ਦਾ ਉਘੜਵਾਂ ਲੱਛਣ ਹੈ।ਸ਼ਬਦ ਅਤੇ ਵਾਕ ਦੋਹਾਂ ਪੱਧਰਾਂ ਉਤੇ ਸੇਖੋਂ ਆਲੋਚਨਾ ਦੀ ਭਾਸ਼ਾ ਬੋਲਚਾਲ ਅਤੇ ਲੋਕ ਚੇਤਨਾ ਨੂੰ ਨਹੀਂ ਤਿਆਗਦੀ।ਇਸੇ ਕਰਕੇ ਉਹ ਆਪਣੇ ਚਿੰਤਨ ਭਰਪੂਰ ਵਿਚਾਰਾਂ ਦੇ ਪ੍ਰਗਟਾਵੇ ਲਈ ਸੂਖਮ ਚਿਤਰਾਂ ਦੇ ਧਾਰਨੀ ਸ਼ਬਦਾਂ ਦੀ ਥਾਂ ਸਥੂਲ ਚਿਤਰਾਂ ਦੇ ਧਾਰਨੀ ਸ਼ਬਦਾਂ ਦੀ ਚੋਣ ਅਤੇ ਵਰਤੋਂ ਕਰਦਾ ਹੈ।ਇਸ ਵਾਸਤੇ ਉਹ ਬੜੇ ਪ੍ਰਬਲ ਅਲੰਕਾਰਾਂ ਦੀ ਵਰਤੋਂ ਵੀ ਕਰਦਾ ਹੈ।ਆਧੁਨਿਕ ਭਾਸ਼ਾ ਵਿਗਿਆਨਕ ਦ੍ਰਿਸ਼ਟੀ (ਸੋਸਿਊਰ, 1916) ਤੋਂ ਸ਼ਬਦ ਇਕ ਚਿਹਨ ਹੈ।ਦੈਰਿਦਾ (1978) ਅਨੁਸਾਰ ਇਹ ਚਿਹਨ ਬਹੁ-ਅਰਥੀ ਅਤੇ ਬਹੁ-ਮੌਲਿਕ ਪਰਤਾਂ ਦਾ ਧਾਰਨੀ ਹੋ ਸਕਦਾ ਹੈ।ਇਹ

ਤੱਥ ਲਿਖਤ ਵਿਚ ਸਾਦ੍ਰਿਸ਼ ਵਿਧਾਨ ਦੀ ਵਿਵਸਥਾ ਨੂੰ ਸੰਭਵ ਬਣਾਉਂਦਾ ਹੈ।ਇਹ ਸਾਦ੍ਰਿਸ਼ਤਾ ਕਿਤੇ ਤਾਂ ਸੁਹਜ ਸਿਰਜਣ ਦਾ ਕੰਮ ਕਰਦੀ ਹੈ ਅਤੇ ਕਈ ਵਾਰੀ ਇਹ ਆਪਣੇ ਤੋਂ ਵਡੇਰੀ ਵਾਸਤਵਿਕਤਾ ਨੂੰ ਸਥਾਪਿਤ ਕਰਨ ਦਾ ਕੰਮ ਵੀ ਕਰਦੀ ਹੈ।ਸੇਖੋਂ ਆਲੋਚਨਾ ਦੀ ਭਾਸ਼ਾ ਵਿਚ ਇਹ ਦੋਵੇਂ ਪ੍ਰਕਾਰਜੀ ਲੱਛਣ ਸਪੱਸ਼ਟ ਰੂਪ ਵਿਚ ਉਘੜਦੇ ਹਨ।ਮਿਸਾਲ ਵਜੋਂ :

1. *ਜਿਵੇਂ ਗਹਿਣਾ ਸਿੰਗਾਰ ਨਾਰੀ ਦੇ ਨਾਰੀਤਵ ਨੂੰ ਸਜਾਂਦਾ ਹੈ, ਇਸੇ ਤਰ੍ਹਾਂ ਅਲੰਕਾਰ ਕਵਿਤਾ ਦੀ ਕਾਵਮਇਤਾ ਨੂੰ ਚਮਕਾਂਦਾ ਹੈ।*(ਸੇਖੋਂ,1957:14)
2. *ਛੰਦ ਕਵਿਤਾ ਦਾ ਸਰੀਰ ਹੈ।ਜਿਸ ਤਰ੍ਹਾਂ ਕਿਸੇ ਵਿਅਕਤੀ ਨੂੰ ਉਸ ਦੇ ਸਰੀਰ ਰੂਪ ਵਿਚ ਹੀ ਜਾਣਿਆ ਜਾ ਸਕਦਾ ਹੈ, ਕਵਿਤਾ ਦੀ ਪਛਾਣ ਪਹਿਲਾਂ ਇਸਦੇ ਸਰੀਰ ਛੰਦ ਰਾਹੀਂ ਹੀ ਹੁੰਦੀ ਹੈ।*(ਸੇਖੋਂ : ਉਹੀ : 121)

ਇਹ ਵਾਰਤਾ ਟੁਕੜੀਆਂ ਸੇਖੋਂ ਆਲੋਚਨਾ ਦੀ ਵਿਚਾਰਾਤਮਕ ਅਤੇ ਚਿਤਰਾਤਮਕ ਭਾਸ਼ਾ ਦੇ ਨਮੂਨੇ ਹਨ।ਇਹਨਾਂ ਵਿਚ ਸੇਖੋਂ ਨੇ ਛੰਦ ਅਤੇ ਅਲੰਕਾਰ ਦੇ ਅਨੁਭਵ ਨੂੰ ਸਮੂਰਤ ਸ਼ਬਦਾਵਲੀ ਰਾਹੀਂ ਪੇਸ਼ ਕੀਤਾ ਹੈ।ਇਥੇ ਇਕ ਸਵੈ-ਵਿਰੋਧ ਪੈਦਾ ਹੋਣ ਦਾ ਖ਼ਦਸ਼ਾ ਹੈ ਕਿ ਇਸ ਭਾਸ਼ਾ ਦਾ ਸਮੁੱਚਾ ਪ੍ਰਭਾਵ ਪੂਰਵ ਸੇਖੋਂ-ਆਲੋਚਨਾ ਦੀ ਭਾਸ਼ਾ ਤੋਂ ਕੋਈ ਬਹੁਤਾ ਵੱਖਰਾ ਨਹੀਂ ਬਣਦਾ।ਇਹ ਵਿਰੋਧਾਭਾਸ਼ ਕਿਸੇ ਹੱਦ ਤਕ ਸਹੀ ਵੀ ਹੈ, ਪਰ ਪੂਰਾ ਸਹੀ ਨਹੀਂ ਹੈ।ਕਾਰਨ ਇਸ ਦਾ ਇਹ ਹੈ ਕਿ ਸੇਖੋਂ-ਆਲੋਚਨਾ ਸਾਹਮਣੇ ਇਕੋ ਸਮੇਂ ਦੋ ਵੰਗਾਰਾਂ ਸਨ : ਇਕ ਪਾਸੇ ਤਾਂ ਸੇਖੋਂ ਪੰਜਾਬੀ ਆਲੋਚਨਾ ਵਿਚ ਸੁਚੇਤ ਪੱਧਰ ਉਤੇ ਮਾਰਕਸਵਾਦੀ ਚਿੰਤਨ ਸਥਾਪਿਤ ਕਰਨ ਵੱਲ ਰੁਚਿਤ ਸੀ ਅਤੇ ਦੂਜੇ ਪਾਸੇ ਇਸ ਨਵੇਂ ਚਿੰਤਨ ਦੇ ਸੰਚਾਰ ਦਾ ਮਸਲਾ ਵੀ ਖੜਾ ਸੀ।ਪੰਜਾਬੀ ਆਲੋਚਨਾ ਪਾਸ ਜੋ ਪ੍ਰਾਪਤ ਸੰਕਲਪ ਜਾਂ ਵਿਧੀਆਂ ਸਨ, ਉਹਨਾਂ ਦਾ ਸੰਬੰਧ ਭਾਰਤੀ ਕਾਵਿ ਸ਼ਾਸਤਰ ਨਾਲ ਸੀ ਪਰ ਸੰਸਾਰ ਭਰ ਵਿਚ ਵਿਕਸਤ ਹੋ ਰਹੇ ਗਿਆਨ/ਵਿਗਿਆਨ ਦੇ ਪ੍ਰਗਟਾਵੇ ਲਈ ਉਹ ਕਾਫ਼ੀ ਨਹੀਂ ਸਨ।ਸੇਖੋਂ ਨੇ ਹੋਰਨਾਂ ਆਧੁਨਿਕ ਭਾਰਤੀ ਭਾਸ਼ਾਵਾ ਦੀ ਤਰ੍ਹਾਂ ਸੰਚਾਰ ਦੀ ਇਸ ਸਮੱਸਿਆ ਨਾਲ ਨਜਿਠਣ ਲਈ ਵਿਚਲਾ ਰਾਹ ਅਖ਼ਤਿਆਰ ਕੀਤਾ।ਇਹੀ ਵਜ੍ਹਾ ਹੈ ਕਿ ਸੇਖੋਂ ਆਲੋਚਨਾ ਕਦੇ ਵੀ ਸੰਚਾਰ ਬਾਹਰੀ ਨਹੀਂ ਹੋਈ।ਕੁਲ ਮਿਲਾ ਕੇ ਸੇਖੋਂ ਆਲੋਚਨਾ ਦੀ ਭਾਸ਼ਾ ਸਰਲ, ਸਪੱਸ਼ਟ, ਸੰਜਮੀ ਨਿਆਇਕ ਅਤੇ ਸੁਭਾਵਿਕ ਹੈ।

ਸੇਖੋਂ ਆਲੋਚਨਾ ਤੋਂ ਬਾਅਦ ਪੰਜਾਬੀ ਆਲੋਚਨਾ ਵਿਚ ਇਕ ਵੱਖਰਾ ਵਿਘਟਨਕਾਰੀ

ਭਾਸ਼ਾਈ ਨਮੂਨਾ (Anti-meta-Language) ਕਿਸ਼ਨ ਸਿੰਘ ਦੀ ਆਲੋਚਨਾ ਦੀ ਭਾਸ਼ਾ ਨਾਲ ਸਾਡੇ ਸਾਹਮਣੇ ਆਉਂਦਾ ਹੈ। ਸੇਖੋਂ ਵਾਂਗ ਕਿਸ਼ਨ ਸਿੰਘ ਦੇ ਸਾਹਿਤ ਚਿੰਤਨ ਦਾ ਆਧਾਰ ਵੀ ਮਾਰਕਸਵਾਦ ਹੈ। ਇਹ ਦੋਵੇਂ ਆਲੋਚਕ ਬਹਿਰੰਗ ਦ੍ਰਿਸ਼ਟੀਵਾਲੇ ਸਾਹਿਤ ਅਧਿਏਤਾ ਹਨ ਪਰ ਭਾਸ਼ਾਈ ਪੱਖੋਂ ਜਿਥੇ ਸੇਖੋਂ ਆਲੋਚਨਾ ਦੀ ਭਾਸ਼ਾ ਸੰਜਮੀ ਵਿਧੀ ਨੂੰ ਅਪਣਾਉਣ ਵੱਲ ਰੁਚਿਤ ਹੈ, ਉਥੇ ਕਿਸ਼ਨ ਸਿੰਘ ਆਲੋਚਨਾ ਦੀ ਭਾਸ਼ਾ ਹੱਦੋਂ ਵੱਧ ਵਿਆਖਿਆ ਤੇ ਵਿਸਤਾਰ ਦੀ ਵਿਧੀ ਅਖ਼ਤਿਆਰ ਕਰਦੀ ਹੈ। ਦੂਜਾ ਅੰਤਰ ਇਹ ਹੈ ਕਿ ਕਿਸ਼ਨ ਸਿੰਘ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ ਨੂੰ ਤਤਸਮ ਰੂਪ ਵਿਚ ਹੀ ਵਰਤਦਾ ਹੈ। ਮਿਸਾਲ ਵਜੋਂ : ਇਕੋਨੋਮਿਜ਼ਮ, ਸਾਇੰਟਿਫਿਕ, ਸਿਚੂਏਸ਼ਨ, ਸਟੇਟ, ਸਿਵਲੀਜੇਸ਼ਨ, ਕਨਸਟੀਚੀਊਸ਼ਨਲ, ਟੋਟੈਲਟੀ, ਡਾਇਲੈਕਟਿਕ, ਪੈਟਰਨ, ਪੈਸ਼ਨ, ਪਬੇਲੀਅਨ, ਪੋਜੀਸ਼ਨ, ਫਿਊਡਲ, ਫਿਲੋਸਫ਼ੀ, ਯੂਨੀਵਰਸਲ ਤੇ ਰੈਸ਼ਨਲ ਆਦਿ ਅੰਗਰੇਜ਼ੀ ਸ਼ਬਦਾਂ ਨੂੰ ਕਿਸਨ ਸਿੰਘ ਤਤਸਮ ਰੂਪ ਵਿਚ ਹੀ ਬਾਰੰਬਾਰ ਦੁਹਰਾਉਂਦਾ ਹੈ। ਦੁਹਰਾਓਮੂਲਕ ਭਾਸ਼ਾ ਸ਼ੈਲੀ ਕਿਸ਼ਨ ਸਿੰਘ ਦੀ ਆਲੋਚਨਾ ਦੀ ਭਾਸ਼ਾ ਦਾ ਉਭਰਵਾਂ ਲੱਛਣ ਹੈ। ਦੂਜੇ ਸ਼ਬਦਾਂ ਵਿਚ ਕਿਸ਼ਨ ਸਿੰਘ ਆਲੋਚਨਾ ਭਾਸ਼ਾਈ ਖਿਲਾਰਾ ਪਾਉਂਦੀ ਹੈ, ਜਿਸ ਵਿਚ ਵਿਚਾਰ ਧੁੰਦਲਾ ਹੋ ਕੇ ਰਹਿ ਜਾਂਦਾ ਹੈ । ਇਸ ਵੇਗ-ਪ੍ਰਵਾਹ ਦੀ ਭਾਸ਼ਾ ਦਾ ਨਮੂਨਾ ਵੇਖਣ ਯੋਗ ਹੈ :

> *ਸਾਡੇ ਸਮਾਜ ਦਾ ਬਹੁਤਾ ਤਬਕਾ ਐਸਾ ਹੈ ਜਿਸ ਨੂੰ ਜ਼ਿੰਦਗੀ ਨੇ ਗੁਠੇ ਲਾਇਆ ਹੋਇਆ ਹੈ। ਇਸ ਦੇ ਵਿਕਾਸ ਦਾ ਦਰ ਸਮਾਜਕ ਵੇਗ ਨੇ ਬੰਦ ਕੀਤਾ ਹੋਇਆ ਹੈ, ਜਿਸ ਦੇ ਪੈਸ਼ਨ ਦੀ ਤਰਜ਼ਮਾਨੀ ਕਾਰਜ ਵਿਚ ਹੋਣੀ ਅਸੰਭਵ ਹੈ, ਜਿਸ ਦੀ ਜ਼ਿੰਦਗੀ ਨੇ ਕਦੀ ਸੁਣਨੀ ਹੀ ਨਹੀਂ, ਜਿਸ ਦੇ ਮਸਲੇ ਦੇ ਹੱਲ ਵਾਸਤੇ ਸਮਾਜਕ ਵੇਗ ਨੇ ਕੋਈ ਕਾਰਜ ਮੁਮਕਿਨ ਕਰਨਾ ਹੀ ਨਹੀਂ : ਜਿਸ ਨੂੰ ਉਹਨੇ ਕੋਈ ਮਨੋਰਥ ਦੇਣਾ ਹੀ ਨਹੀਂ : ਜਿਸ ਨੇ ਜੀਅ ਭਰਕੇ ਰੀਝ ਨਾਲ ਕਦੇ ਜਿਉਣਾ ਹੀ ਨਹੀਂ, ਜਿਸ ਦੇ ਪੱਲੇ ਨਿਰਾ ਕੁੜਨਾ ਹੀ ਹੈ, ਵਿਚੋਂ ਵਿਚ ਸੜਨਾ ਹੀ ਹੈ। ਸਮਾਜਿਕ ਅਸਲੀਅਤ ਦੀ ਟੋਟੈਲਟੀ ਪੇਸ਼ ਹੋਣ ਵਾਸਤੇ ਜ਼ਰੂਰੀ ਹੈ ਕਿ ਦਲੀਦਾ, ਮਰੋੜੀਦਾ ਇਹ ਤਬਕਾ ਸਾਹਿਤ ਵਿਚ ਪੇਸ਼ ਹੋਵੇ।* (ਕਿਸ਼ਨ ਸਿੰਘ : 1974:81)

ਇਸ ਤੋਂ ਅੱਗੇ ਵੀ ਪੰਨਿਆਂ ਦੇ ਪੰਨੇ ਇਸੇ ਵੇਗ ਭਾਸ਼ਾ ਵਿਚ ਚਲਦੇ ਹਨ। ਨਿਸਚੇ ਹੀ ਕਿਸ਼ਨ ਸਿੰਘ-ਆਲੋਚਨਾ ਭਾਸ਼ਾ-ਸੰਜਮ ਦੀ ਬਜਾਏ ਭਾਸ਼ਾ-ਭਾਵਕ

ਸ਼ੈਲੀ ਰਾਹੀਂ ਆਪਣਾ ਕਾਰਜ ਨੇਪਰੇ ਚਾੜਦੀ ਹੈ।ਅਜਿਹੀ ਭਾਸ਼ਾ ਸ਼ੈਲੀ ਵਿਚ ਫਾਲਤੂ ਅੰਸ਼ਾਂ ਦੀ ਭਰਮਾਰ ਹੁੰਦੀ ਹੈ।ਅਜਿਹੀ ਭਾਸ਼ਾ ਸ਼ੈਲੀ ਸਿਰਜ ਕੇ ਆਲੋਚਕ ਲੋਕਪ੍ਰਿਯ ਤਾਂ ਹੋ ਸਕਦਾ ਹੈ।ਪਰ ਵਿਗਿਆਨ ਅਤੇ ਵਿਵੇਕ ਦੇ ਅਜੋਕੇ ਜੁੱਗ ਵਿਚ ਆਲੋਚਨਾ ਸਬੰਧੀ ਪ੍ਰਗਟਾਏ ਗਏ ਨਿਜੀ ਵਿਚਾਰਾਂ , ਉਲਾਰਾਂ ਅਤੇ ਆਪ ਹੁਦਰੀਆਂ ਤਰਜੀਹਾਂ ਨੂੰ ਪਰਾ-ਭਾਸ਼ਾ ਨਹੀਂ ਕਿਹਾ ਜਾ ਸਕਦ। (ਜੌਹਨ ਕੇਜ਼ੀ : 1966 : 11)

ਪੰਜਾਬੀ ਆਲੋਚਨਾ ਦੀ ਭਾਸ਼ਾ ਦਾ ਇਕ ਵੱਖਰਾ ਨਮੂਨਾ ਪਾਕਿਸਤਾਨੀ ਆਲੋਚਕ ਨਜ਼ਮ ਹੁਸੈਨ ਸਈਅਦ ਵੀ ਪੇਸ਼ ਕਰਦਾ ਹੈ।ਕਿਸ਼ਨ ਸਿੰਘ ਦੇ ਵਿਪਰੀਤ ਸਈਅਦ-ਆਲੋਚਨਾ ਭਾਸ਼ਾਈ ਉਹਲੇ ਦੀ ਜੁਗਤ ਰਾਹੀਂ ਆਪਣੇ ਆਲੋਚਨਾਤਮਕ ਅਮਲ ਥਾਣੀ ਗੁਜ਼ਰਦੀ ਹੈ।ਭਾਸ਼ਾਈ ਉਹਲੇ ਦੀ ਵਿਧੀ ਕਾਰਨ ਹੀ ਓਪਰੀ ਨਜ਼ਰੇ ਸਈਅਦ-ਆਲੋਚਨਾ ਦੀ ਭਾਸ਼ਾ ਵੀ ਫੈਲਾਓਵਾਦੀ ਹੋਣ ਦਾ ਝਾਉਲਾ ਪਾਉਂਦੀ ਹੈ।ਪਰ ਇਸ ਦੀ ਇਕ ਨਿਸ਼ਚਿਤ ਸੇਧ ਹੈ।ਇਨ੍ਹਾਂ ਜ਼ਰੂਰ ਹੈ ਕਿ ਸਈਅਦ ਲਹਿੰਦੀ /ਸਰਾਇਕੀ ਭਾਸ਼ਾ ਦੇ ਕੁਝ ਸ਼ਬਦਾਂ ਨੂੰ ਵਾਰ-ਵਾਰ ਦੁਹਰਾਉਂਦਾ ਹੈ।ਪਰ ਉਹ ਇਨ੍ਹਾਂ ਵਿਚੋਂ ਕੁਝ ਨੂੰ ਨਿਸਚਿਤ ਅਰਥਾਂ ਵਿਚ ਵੀ ਵਰਤਦਾ ਹੈ।ਮਿਸਾਲ ਵਜੋਂ : ਅਟਕਲ, ਸੈਨਤ, ਭੇਦ, ਜ਼ਾਹਰ, ਬਾਤਨ, ਗਵੇੜਣਾ, ਰਮਜ਼, ਰੀਤ, ਮੁਹਾਣ, ਵਜੂਦ, ਗੁੜਤ, ਪੜਚੋਲ, ਵਸੇਬਾ, ਨਕਲ, ਰਹਿਤਲ, ਆਦਿ ਸ਼ਬਦਾਂ ਨੂੰ ਸਈਅਦ ਸੰਕਲਪੀ ਪਦਾਵਲੀ ਦੇ ਪੱਧਰ ਤੇ ਹੀ ਵਰਤਦਾ ਹੈ।ਅਸਲ ਵਿਚ ਸਈਅਦ ਆਲੋਚਨਾ ਦਾ ਆਧਾਰ ਨਿਤ ਵਰਤੋਂ ਵਿਹਾਰ ਦੀ ਲਹਿੰਦੀ/ਸਰਾਇਕੀ ਉਪਭਾਸ਼ਾ ਹੈ।ਇਹ ਸਈਅਦ-ਆਲੋਚਨਾ ਦੀ ਵਿਲੱਖਣਤਾ ਵੀ ਹੈ ਅਤੇ ਭਾਸ਼ਾਈ ਪਛਾਣ ਦਾ ਆਧਾਰ ਵੀ।ਮਿਸਾਲ ਵਜੋਂ ਕੁਝ ਨਮੂਨੇ ਵੇਖਣ ਯੋਗ ਹਨ :

1 *ਸ਼ਿਅਰ ਰੀਤ ਕਿਸੇ ਗਿਣੇ ਮਿਥੇ ਕਾਨੂੰਨ ਦਾ ਨਾਂ ਨਹੀਂ ਜਿਹੜਾ ਸ਼ਾਇਰ ਦੀ ਅਟਕਲ ਉਤੇ ਲਾਗੂ ਹੋਏ।ਪੰਜਾਬੀ ਸ਼ਿਅਰ ਰੀਤ ਦਾ ਮੁਹਾੜ ਉਹ ਸਦੀਵੀਂ ਸੁਭਾਵ ਹਨ ਜਿਹੜੇ ਸਾਨੂੰ ਰੂਪ ਵਟਾਂਦੀਆਂ ਅਟਕਲਾਂ ਅੰਦਰ ਸਾਹ ਪਏ ਲਭਦੇ ਹਨ।*(ਸਈਅਦ : 1999:47)

2. *ਸਾਹਿਬਾਂ ਅਗੇਤਰ ਹੈ।ਜੇ ਮਿਰਜ਼ਾ ਪਿਛਲੇ ਪੈਰੀਂ ਟੁਰ ਪਵੇ ਅਤੇ ਸਾਹਿਬਾਂ ਨੂੰ ਆਪਣੇ ਪਿਛੋਕੜ ਨਾਲ ਰੁਲਾਉਣਾ ਲੋੜੇ ਤਾਂ ਸਮਝੋ ਸਾਹਿਬਾਂ ਵੀ ਗਵਾਈਓਸ ਤੇ ਆਪਣੀ ਹਸਤੀ ਵੀ ਵੰਵਾਈਓਸ।*
(ਸਈਅਦ : ਉਹੀ : 113)

3. *ਬਾਹੂ ਦੇ ਬੈਂਤ ਵਿਚ ਸਾਰੇ ਤੱਤ ਹਨ, ਵਤ ਵੀ ਇਹਦੇ ਵਿਚ ਤੇ ਹੁਸੈਨ ਦੀ ਕਾਫੀ ਵਿਚ ਇਕ ਨਿਖੇੜ ਹੈ।ਕਾਫ਼ੀ ਵਿਚ ਗੱਲ ਰਮਜ਼ ਰੂਪ ਵਿਚ ਹੋਈ ਹੈ।ਬੈਂਤ ਵਿਚ ਵੇਰਵੇ ਦਾ ਰੰਗ ਹੈ।ਰਮਜ਼ ਦਾ ਪਸਾਰ ਘਨੇਰਾ ਹੌਂਦਾ ਹੈ।ਵੇਰਵੇ ਵਿਚ ਮਹਿਨੇ ਬੁਝ ਜਾਂਦੇ ਹਨ।ਰਮਜ਼ ਵਿਚ ਜਿਹੜੀ ਦੋਹਰ-ਚੌਹਰ ਹੌਂਦੀ ਹੈ।ਵੇਰਵੇ ਵਿਚ ਆਣ ਕੇ ਇਕਹਿਰ ਬਣ ਵੈਂਦੀ ਹੈ।ਵੇਰਵੇ ਵਿਚ ਗੱਲ ਖੁਲ੍ਹਦੀ ਹੈ ਪਰ ਖੁਲ੍ਹਣ ਵਿਚ ਕਈ ਪਰਤਾਂ ਝੜ ਵੈਂਦੀਆਂ ਹਨ।* (ਸਈਅਦ : ਉਹੀ :188)

ਇਨ੍ਹਾਂ ਵਾਰਤਾ ਟੁਕੜੀਆਂ ਤੋਂ ਅਨੁਮਾਨ ਲਾਉਣਾ ਔਖਾ ਨਹੀਂ ਕਿ ਸਈਅਦ-ਆਲੋਚਨਾ ਕਿਸ ਸ਼ਬਦ ਕੋਸ਼, ਕਿਸ ਭਾਸ਼ਾਈ ਮੁਹਾਵਰੇ ਅਤੇ ਭਾਸ਼ਾ-ਸ਼ੈਲੀ ਨੂੰ ਅਪਣਾ ਰਹੀ ਹੈ।ਇਹ ਬਿੰਬ-ਭਾਸ਼ਾ ਹੈ ਭਾਵੇਂ ਇਸ ਵਿਚਲੇ ਬਿੰਬ ਸੰਖੇਪ ਹਨ।ਸਤਿੰਦਰ ਸਿੰਘ ਨੂਰ (1975 : 11) ਅਨੁਸਾਰ ਸਈਅਦ ਦਾ ਰੁਝਾਨ ਆਲੋਚਨਾ ਦੀ ਤਕਨੀਕੀ ਭਾਸ਼ਾ ਸਿਰਜਣ ਦਾ ਨਹੀਂ, ਉਹ ਸੰਚਾਰ ਦੀ ਭਾਸ਼ਾ ਅਤੇ ਲਹਿੰਦੀ ਦਾ ਮਿਲਗੋਭਾ ਵਰਤਦਾ ਹੈ।ਨਿਰਸੰਦੇਹ ਆਲੋਚਨਾ ਦੀ ਇਹ ਭਾਸ਼ਾ ਸੰਕਲਪਕ ਅਤੇ ਸਿਧਾਂਤਕ ਸ਼ਬਦ ਸਾਧਨਾਂ ਤੋਂ ਸੱਖਣੀ ਹੈ।ਇਸ ਨੂੰ ਨਿਸਚਿਤ ਪਾਸਾਰੇ ਦੀ ਭਾਸ਼ਾ ਕਿਹਾ ਜਾ ਸਕਦਾ ਹੈ।

ਪੰਜਾਬੀ ਆਲੋਚਨਾ ਦੀ ਭਾਸ਼ਾ ਦਾ ਅਸਲੋਂ ਨਿਵੇਕਲਾ ਮੁਹਾਂਦਰਾ ਸੰਰਚਨਾਵਾਦੀ ਪੰਜਾਬੀ ਆਲੋਚਨਾ ਨਾਲ ਸਾਡੇ ਸਨਮੁੱਖ ਹੁੰਦਾ ਹੈ।ਇਹ ਆਲੋਚਨਾ ਭਾਸ਼ਾ-ਵਿਗਿਆਨਕ ਮਾਡਲਾਂ ਦੀ ਮਦਦ ਨਾਲ ਵਿਸ਼ਲੇਸ਼ਣ ਪ੍ਰਕਿਰਿਆ ਵਿਚ ਪੈ ਕੇ, ਪੰਜਾਬੀ ਆਲੋਚਨਾ ਦੇ ਖੇਤਰ ਵਿਚ ਬਹੁ-ਦਿਸ਼ਾਵੀ ਸੰਭਾਵਨਾਵਾਂ ਜਗਾਉਂਦੀ ਹੈ।ਇਸ ਦੇ ਪ੍ਰਭਾਵ ਸਰੂਪ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਚਿੰਨ੍ਹ ਵਿਗਿਆਨਕ, ਸ਼ੈਲੀ ਵਿਗਿਆਨਕ, ਥੀਮ ਵਿਗਿਆਨਕ, ਮਿਥ ਵਿਗਿਆਨਕ ਅਤੇ ਸਿਸਟਮੀ ਆਦਿ ਕਈ ਆਲੋਚਨਾ ਪ੍ਰਣਾਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।ਇਉਂ ਅਨੇਕਾਂ ਅੰਤਰ ਰਾਸ਼ਟਰੀ ਸਮੀਖਿਆ ਸਕੂਲਾਂ ਦੀ ਸੰਕਲਪੀ ਪਦਾਵਲੀ ਪੰਜਾਬੀ ਆਲੋਚਨਾ ਦੀ ਭਾਸ਼ਾ ਵਿਚ ਜ਼ਜ਼ਬ ਹੁੰਦੀ ਹੈ।ਜਿਸ ਨਾਲ ਪੰਜਾਬੀ ਆਲੋਚਨਾ ਨਿਵੇਕਲਾ ਭਾਸ਼ਾਈ ਮੁਹਾਂਦਰਾ ਅਖ਼ਤਿਆਰ ਕਰਦੀ ਹੈ ਅਤੇ ਪੰਜਾਬੀ ਦੀ ਭਾਸ਼ਾਈ ਸਮਰੱਥਾ ਸਮਰਿਧ ਹੁੰਦੀ ਹੈ।

ਪੰਜਾਬੀ ਆਲੋਚਨਾ ਦੇ ਇਤਿਹਾਸਕ ਪ੍ਰਵਾਹ ਵਿਚ ਸੰਰਚਨਾਵਾਦੀ ਆਲੋਚਨਾ, ਹਰਿਭਜਨ ਸਿੰਘ ਆਲੋਚਨਾ ਰਾਹੀਂ ਪ੍ਰਵੇਸ਼ ਕਰਦੀ ਹੈ।1970 ਤੋਂ ਬਾਅਦ ਹਰਿਭਜਨ ਸਿੰਘ ਆਲੋਚਨਾ ਬਾਕਾਇਦਗੀ ਨਾਲ ਵਿਕਾਸ ਕਰਦੀ ਹੈ।ਹਰਿਭਜਨ ਸਿੰਘ ਇਕ

ਸਮਰੱਥਾਵਾਨ ਸਾਹਿਤ ਚਿੰਤਕ ਹੋਣ ਦੇ ਨਾਲ ਨਾਲ ਬਹੁ-ਭਾਸ਼ਾ ਗਿਆਨੀ ਵੀ ਸੀ।ਹਰਿਭਜਨ ਸਿੰਘ ਆਲੋਚਨਾ ਦੀ ਭਾਸ਼ਾ ਇਕਾਰਥੀ ਅਤੇ ਸੰਕਲਪਵਾਚੀ ਹੈ।ਉਹ ਰੂਪ ਵਿਧਾਨਕ/ਵਿਗਿਆਨਕ ਵਿਚਾਰ ਭਾਸ਼ਾ ਦਾ ਮਾਡਲ ਪੇਸ਼ ਕਰਦਾ ਹੈ।ਆਲੋਚਨਾ ਸ਼ੈਲੀ ਅਤੇ ਭਾਸ਼ਾ-ਸ਼ੈਲੀ ਦੇ ਪੱਖ ਤੋਂ ਹਰਿਭਜਨ ਸਿੰਘ ਨੇ ਪੰਜਾਬੀ ਆਲੋਚਨਾ ਵਿਚ ਅਨੇਕਾਂ ਤਜ਼ਰਬੇ ਕੀਤੇ।ਭਾਵੇਂ ਸ਼ੁਰੂ-ਸ਼ੁਰੂ ਵਿਚ ਸੇਖੋਂ-ਆਲੋਚਨਾ ਦੀ ਭਾਸ਼ਾ ਵਾਂਗ ਹਰਿਭਜਨ ਸਿੰਘ ਆਲੋਚਨਾ ਦੀ ਭਾਸ਼ਾ ਬਾਰੇ ਵੀ ਕਿੰਤੂ ਸਾਹਮਣੇ ਆਏ ਪਰ ਹਰਿਭਜਨ ਸਿੰਘ ਨੇ ਵੰਨ-ਸੁਵੰਨੇ ਸੱਜਰੇ ਸਮੀਖਿਆ ਪਦਾਂ ਦੀ ਨੁਹਾਰ ਨੂੰ ਕੁਝ ਇਸ ਤਰ੍ਹਾਂ ਤਰਾਸ਼ਿਆ ਕਿ ਉਹ ਪੰਜਾਬੀ ਆਲੋਚਨਾ ਵਿਚ ਘੁਲ-ਮਿਲ ਗਏ।ਸਿੱਟੇ ਵਜੋਂ ਬਿਗਾਨਾਪਣ ਖ਼ਤਮ ਹੋ ਗਿਆ।ਦਰਅਸਲ ਹਰਿਭਜਨ ਸਿੰਘ ਸ਼ਬਦ ਘੜਨ ਅਤੇ ਜੜਨ ਵਿਚ ਮਾਹਿਰ ਸਨ।ਉਹ ਸੁਹਜ-ਸਿਰਜੀ ਵੀ ਸੀ ਅਤੇ ਸ਼ਬਦ ਸ਼ਿਲਪੀ ਵੀ ਸੀ।ਪੰਜਾਬੀ ਭਾਸ਼ਾ ਉਪਰ ਉਸ ਨੂੰ ਪੂਰਨ ਆਬੂਰ ਹਾਸਲ ਸੀ।ਸੁਚੱਜੀ ਸ਼ਬਦ ਚੋਣ ਅਤੇ ਉਨ੍ਹਾਂ ਦੀ ਵਰਤੋਂ, ਸਮਾਸੀ ਸ਼ਬਦ ਸਿਰਜਣਾ, ਅੰਗਰੇਜ਼ੀ ਅਤੇ ਅੰਤਰਾਸ਼ਟਰੀ ਤਕਨੀਕੀ ਪਦਾਵਲੀ ਦੇ ਪੰਜਾਬੀ ਰੂਪਾਂਤਰ ਘੜਣ ਅਤੇ ਸ਼ਬਦਾਂ ਦੇ ਅਰਥਾਂ ਨੂੰ ਨਵੀਆਂ ਦਿਸ਼ਾਵਾਂ ਦੇਣ ਵਿਚ ਹਰਿਭਜਨ ਸਿੰਘ ਦਾ ਕੋਈ ਸਾਨੀ ਨਹੀਂ।ਹਰਿਭਜਨ ਸਿੰਘ ਆਲੋਚਨਾ ਦੀ ਭਾਸ਼ਾ ਦਾ ਅਧਿਐਨ ਬੜੇ ਰੌਚਕ ਸਿੱਟੇ ਪੇਸ਼ ਕਰਦਾ ਹੈ, ਜੋ ਕਿ ਆਪਣੇ ਆਪ ਵਿਚ ਇਕ ਵੱਖਰੇ ਖੋਜ-ਪੱਤਰ ਦਾ ਵਿਸ਼ਾ ਹੈ।ਇਥੇ ਤਾਂ ਸਿਰਫ ਕੁਝ ਨਮੂਨੇ ਹੀ ਦਿੱਤੇ ਜਾ ਸਕਦੇ ਹਨ।ਇਨ੍ਹਾਂ ਭਾਸ਼ਾਈ ਨਮੂਨਿਆਂ ਤੋਂ ਹਰਿਭਜਨ ਸਿੰਘ ਆਲੋਚਨਾ ਦੀ ਭਾਸ਼ਾ ਸ਼ੈਲੀ ਅਤੇ ਪੰਜਾਬੀ ਭਾਸ਼ਾ ਦੀ ਸਮਰਿਧਤਾ ਦਾ ਗਿਆਨ ਸਹਿਵਨ ਹੀ ਹੋ ਜਾਂਦਾ ਹੈ।

ਉਦਾਤ (Sublime), ਉਲੰਘਣ (Deviation), ਅੰਤਰੰਗ (Intrinsic) ਆਪਹੁਦਰਾ (arbitrary), ਅਜਨਬੀਕਰਨ (defemiliarisation), ਅਤੀਤ ਸਿਮਰਤੀ (Nostalgia), ਅਖਿਆਨ (interpretation) ਅਗਰਭੂਮੀ (foregrounding) ਅਮੂਰਤਨ, ਸਮੂਰਤਨ, ਆਦਿ ਬਿੰਦੂ, ਅੰਤਰ-ਪਾਠ, ਇਕਾਲਕ, ਸਵੈਚਾਲਨ, ਸੁਹਜ ਸੰਚਾਰ, ਸਰਬ ਭਾਸ਼ਕ, ਸਾਹਿਤ-ਵਿਗਿਆਨ ਸਰਬਗ੍ਰਾਹੀ, ਸਰਬਾਰਥੀ, ਸੂਝ ਮਾਡਲ, ਖੰਡਾਰਥੀ, ਗਿਆਨ ਪ੍ਰਾਪਤੀ (discovery) ਬਹਿਰੰਗ (extrinsic) ਬਿਗੜ (distorted) ਘਟਨਾ-ਗਤ ਯਥਾਰਥ (Reality of events) ਛਬੀ-ਚਿਤਰ (portrait) ਜੁਗਤ, ਚੇਤਨਾ-ਪ੍ਰਵਾਹ-ਸ਼ੈਲੀ, ਦੂਜੈਲੀ ਸਿਰਜਣਾ, ਦੁਕਾਲਕ, ਧੁਨੀ-ਬਿੰਬ, ਨੇਮ-ਪ੍ਰਬੰਧ, ਨਿਕਟ ਅਧਿਐਨ, ਪ੍ਰਕਾਸ਼-ਦ੍ਰਿਸ਼ਟੀ, ਪਹੁੰਚ-ਬਿੰਦੂ, ਪਾਰਗਾਮੀ, ਪਰਪੰਚ, ਪਾਸਾਰ, ਪ੍ਰਤੱਖਣ,

ਪ੍ਰਤਿਮਾਨ, ਪਰਾਹਨ, ਭਰਪੂਰ (comprehensive), ਮੁਲੰਕਣ, ਮਹਾਂਦ੍ਰਿਸ਼ਟੀ (vision), ਮਨੌਵਾਸ (assimilation), ਮੂਲ ਆਦਰਸ਼ (archetype, ਯੋਗਤਾ, ਨਿਭਾਉ, ਰੂਪ, ਰੂਪ ਵਿਧੀ (pattern) ਰੂਪਾਕਾਰ, ਵਸਤੂ, ਵਰੇਚਨਾ, ਵੇਦ-ਚੇਤਨਾ, ਲੋਕ ਵੇਦ, ਵਸੀਹ, ਵਿਗਾਸ, ਵਿਦਾ-ਬਿੰਦੂ, ਵਿਗੋਪਨ (exposition), ਵਿਸਾਹ-ਸਿਰਜਨ (make belief), ਵੱਥ।

ਇਸ ਸ਼ਬਦਾਵਲੀ ਬਾਰੇ ਵਿਸ਼ੇਸ਼ ਗੱਲ ਇਹ ਹੈ ਕਿ ਹਰਿਭਜਨ ਸਿੰਘ ਨੇ ਜਾਂ ਤਾਂ ਖੁਦ ਨਵੇਂ ਸ਼ਬਦ ਘੜੇ ਹਨ ਜਾਂ ਫਿਰ ਮਾਂਗਵੇਂ ਸ਼ਬਦਾਂ ਨੂੰ ਪੰਜਾਬੀ ਵਿਆਕਰਨ ਦੇ ਨੇਮਾਂ ਅਨੁਸਾਰ ਤਰਾਸ਼ਿਆ ਹੈ।ਉਸ ਨੇ ਬਹੁਤ ਸਾਰੇ ਲੋਕ ਵੇਦੀ ਸ਼ਬਦਾਂ ਨੂੰ ਆਲਮਾਨਾ ਪੱਧਰ ਉਤੇ ਵੀ ਵਰਤਿਆ ਹੈ।ਜਿਵੇਂ ਲੋੜ ਸਾਰਨਾ, ਮਿਥ ਲੈਣਾ, ਸਰਕਦੀ ਗਈ, ਸ਼ੂਕਦਾ, ਅੰਦਾਜ਼, ਹੋਰਸ, ਹੋਰਥ, ਹੇਜ਼, ਹਮਾਤੜ, ਲਾਗਾਦੇਗਾ, ਜਲੇਖਣੇ, ਤਸੱਵਰ, ਹੁਣਵੀਂ ਅਤੇ ਅੱਜਵੀ ਆਦਿ।ਇੰਜ ਕਰਕੇ ਹਰਿਭਜਨ ਸਿੰਘ ਨੇ ਪਰੰਪਰਾਈ ਭਾਸ਼ਾਈ ਸਮਰੱਥਾ ਨੂੰ ਆਪਣੇ ਕਲੇਵਰ ਵਿਚ ਲੈ ਕੇ, ਭਵਿਖਾਰਥੀ ਸੰਭਾਵਨਾਵਾਂ ਵੱਲ ਵਧਾਇਆ ਹੈ।ਸ਼ਬਦ ਰਚਨਾ ਦਾ ਹੀ ਨਹੀਂ ਹਰਿਭਜਨ ਸਿੰਘ ਵਾਕ-ਰਚਨਾ ਦਾ ਵੀ ਉਸਤਾਦ ਸੀ।ਉਸ ਦੇ ਬਹੁਤੇ ਵਾਕ ਗੁੰਦਵੇਂ ਅਤੇ ਸੰਜਮੀ ਹੁੰਦੇ ਹੋਏ ਵੀ ਕਲਾਮਈ ਸ਼ਬਦ ਚਿੱਤਰ ਬਣ ਜਾਂਦੇ ਹਨ।ਉਹ ਅੰਗਰੇਜ਼ੀ ਭਾਸ਼ਾ ਦੀ ਨਕਲ ਕਰਕੇ ਜਟਿਲ ਵਾਕ ਨਹੀਂ ਸਗੋਂ ਪੰਜਾਬੀ ਭਾਸ਼ਾ ਦੇ ਸੁਭਾ ਅਨੁਕੂਲ ਸਰਲ ਵਾਕ ਰਚਨਾ ਹੀ ਕਰਦਾ ਹੈ।ਉਸ ਦੀ ਸਰਲ ਵਾਕ ਰਚਨਾ ਬੇਮੁਹਾਰ ਅਤੇ ਬੇਕਾਬੂ ਭਾਸ਼ਾਈ ਵੇਗ ਤੋਂ ਮੁਕਤ ਹੈ।ਉਸ ਦੀ ਸਰਲ ਵਾਕ ਜੁਗਤ ਵੀ ਅਨੁਸ਼ਾਸਨੀ ਗੁਣਾਂ ਦੀ ਧਾਰਣੀ ਹੈ।ਹਰਿਭਜਨ ਸਿੰਘ ਆਲੋਚਨਾ ਦੀ ਭਾਸ਼ਾ ਵਿਚੋਂ ਕੁਝ ਕੁੰਜੀ ਕਥਨ ਨਮੂਨੇ ਵਜੋਂ ਪੇਸ਼ ਹਨ :

1. *ਸਾਹਿਤਕਤਾ ਇਕ ਨਿਵੇਕਲੀ ਕਿਸਮ ਦੀ ਮਹਾਂ ਦ੍ਰਿਸ਼ਟੀ ਹੈ, ਜੋ ਆਪਣੇ ਤੋਂ ਬਾਹਰਲੀ ਪਰਕਿਰਤੀ ਅਤੇ ਸੰਸਕਿਰਤੀ ਨੂੰ ਪਿਆਰ ਰਾਹੀਂ ਸਮਝਣ ਦਾ ਜਤਨ ਕਰਦੀ ਹੈ।* (ਹਰਿਭਜਨ ਸਿੰਘ :1977:89)
2. *ਨਵਾਲੋਚਨਾ ਦਾ ਕੇਂਦਰ ਬਿੰਦੂ ਉਸ ਦਾ ਭਾਸ਼ਾ ਸਿਧਾਂਤ ਹੈ।ਸਾਹਿਤ ਭਾਸ਼ਾ ਸਮੂਰਤਨ ਵੱਲ ਰੁਚਿਤ ਹੈ ਜੋ ਅਮੂਰਤਨ ਦੇ ਐਨ ਵਿਰੋਧ ਵਿਚ ਹੈ।ਅਮੂਰਤਨ ਦਾ ਅਰਥ ਹੈ, ਕਿਸੇ ਸ਼ੈ ਵਿਚੋਂ ਕੁਝ ਅਖ਼ਜ਼ ਕਰਨਾ, ਨਿਚੋੜਨਾ ਜਾਂ ਕੱਢਣਾ।* (ਉਹੀ : 1978 : 65)
3. *ਸਾਹਿਤ ਭਾਸ਼ਾ ਦੇ ਮਾਧਿਅਮ ਰਾਹੀਂ ਰਚਿਆ ਜਾਂਦਾ ਹੈ, ਉਹ ਆਪ ਵੀ ਇਕ ਪਰਕਾਰ ਦੀ ਭਾਸ਼ਾ ਹੈ।ਹਰ ਸਾਹਿਤ ਰਚਨਾ ਇਕ ਸਮੂਰਤ*

ਉਚਾਰ ਅਤੇ ਉਸ ਪਿਛੇ ਇਕ ਅਮੂਰਤ ਸਿਸਟਮ ਕੰਮ ਕਰਦਾ ਹੈ। (ਉਹੀ : 1983 : 20)

4. *ਅਪ੍ਰਗਟ ਨੂੰ ਪ੍ਰਗਟਾਉਣਾ, ਨਿਰਾਕਾਰ ਨੂੰ ਪਛਾਨਣਾ ਤੁਹਾਡੇ (ਗੁਰੂ ਨਾਨਕ) ਜੀਵਨ ਕਾਰਜ ਦਾ ਪ੍ਰਥਮ ਆਧਾਰ ਵੀ ਸੀ ਅਤੇ ਅੰਤਮ ਪ੍ਰਯੋਜਨ ਵੀ। ਮਾਇਆ ਦੇ ਪਿੱਛੇ ਲੁਕੇ ਨਾਮ, ਰਚਨਾ ਵਸਤੂ ਦੇ ਪਿਛੇ ਕਾਰਜਸ਼ੀਲ ਨੇਮ ਵੀ ਨਿਰੰਤਰ ਸੰਕੇਤ ਕਰਦੇ ਰਹੇ।ਇਹੋ ਤੁਹਾਡੀ ਵਿਗਿਆਨਕ ਚੇਤਨਾ ਦਾ ਆਧਾਰ ਹੈ।* (ਉਹੀ : 1983 20)

ਹਰਿਭਜਨ ਸਿੰਘ ਦੀ ਆਲੋਚਨਾ ਦੀ ਭਾਸ਼ਾ ਦੇ ਇਨ੍ਹਾਂ ਨਮੂਨਿਆਂ ਤੋਂ ਹਰਕੀਰਤ ਸਿੰਘ (1990: 81) ਦੇ ਇਨ੍ਹਾਂ ਸ਼ਬਦਾ ਦੀ ਪ੍ਰੋੜਤਾ ਸਹਿਵਨ ਹੀ ਹੋ ਜਾਂਦੀ ਹੈ ਕਿ ਹਰਿਭਜਨ ਸਿੰਘ ਆਲੋਚਨਾ ਦੀ ਭਾਸ਼ਾ ਦਾ ਮੁਹਾਦਰਾਂ ਹੀ ਪੰਜਾਬੀ ਵਾਲਾ ਨਹੀਂ ; ਅਸਲਾ ਵੀ ਪੰਜਾਬੀ ਹੈ।ਹਰਿਭਜਨ ਸਿੰਘ ਆਲੋਚਨਾ ਦੀ ਸ਼ਬਦਾਵਲੀ ਭਾਵੇਂ ਕੁਝ ਅਣਪਛਾਤੀ ਹੋਵੇ ਪਰ ਸਮੁੱਚਾ ਮੁਹਾਵਰਾ ਅਣਪਛਾਤਾ ਨਹੀਂ ਹੈ।ਹਰਿਭਜਨ ਸਿੰਘ ਆਲੋਚਨਾ ਦੀ ਇਹ ਭਾਸ਼ਾ, ਪੰਜਾਬੀ ਆਲੋਚਨਾ ਨੂੰ ਪ੍ਰਮਾਣਿਕ ਭਾਸ਼ਾਈ ਅਲੀਟ ਸਿਰਜਣ ਦੀ ਦਿਸ਼ਾ ਹੁੰਦੀ ਹੈ।

ਪੰਜਾਬੀ ਆਲੋਚਨਾ ਦਾ ਅਗਲਾ ਪੜਾਅ ਉਤਰ ਸੰਰਚਨਾਵਾਦੀ/ਉਤਰ ਆਧੁਨਿਕਤਾਵਾਦੀ ਚਿੰਤਨ ਦ੍ਰਿਸ਼ਟੀ ਨਾਲ ਵਾਬਸਤਾ ਹੈ।ਭਾਸ਼ਾ ਦੀ ਦ੍ਰਿਸ਼ਟੀ ਤੋਂ ਇਸ ਦੌਰ ਦੀ ਪੰਜਾਬੀ ਆਲੋਚਨਾ ਸਮੱਸਿਆਗ੍ਰਸਤ ਹੈ।ਇਸ ਆਲੋਚਨਾ ਦੀ ਭਾਸ਼ਾ ਦਾ ਵਿਸ਼ਲੇਸ਼ਣ ਕਰਨ ਉਪਰੰਤ, ਹਰਿਭਜਨ ਸਿੰਘ ਆਲੋਚਨਾ ਦੀ ਭਾਸ਼ਾ ਨੂੰ ਪੰਜਾਬੀ ਆਲੋਚਨਾ ਦੀ ਭਾਸ਼ਾ ਦਾ ਸਿਖ਼ਰ-ਬਿੰਦੂ ਕਿਹਾ ਜਾ ਸਕਦਾ ਹੈ।ਦਰਅਸਲ ਇਥੇ ਪਹੁੰਚ ਕੇ, ਚਿੰਤਨ ਦੇ ਪੱਧਰ ਤੇ ਪੰਜਾਬੀ ਆਲੋਚਨਾ ਉਤਰ ਆਧੁਨਿਕਤਾਵਾਦੀ ਮਸਲਿਆਂ ਨਾਲ ਦਸਤਪੰਜਾ ਲੈਂਦੀ ਹੈ, ਪਰ ਇਹ ਚਿੰਤਨ ਅਜੇ ਤੱਕ ਬਹੁਤੇ ਪੰਜਾਬੀ ਆਲੋਚਕਾਂ ਦੇ ਅਨੁਭਵ ਦਾ ਹਿੱਸਾ ਨਹੀਂ ਬਣ ਸਕਿਆ।ਸਿੱਟੇ ਵਜੋਂ ਇਸ ਚਿੰਤਨ ਨਾਲ ਸਬੰਧਤ ਤਕਨੀਕੀ ਸ਼ਬਦਾਵਲੀ ਜਾਂ ਤਾਂ ਤਤਸਮ ਰੂਪ ਵਿਚ ਵਰਤੀ ਜਾ ਰਹੀ ਹੈ ਜਾਂ ਫਿਰ ਸਿਧੇ ਅਨੁਵਾਦ ਦੇ ਰੂਪ ਵਿਚ ਪੇਸ਼ ਕੀਤੀ ਜਾ ਰਹੀ ਹੈ।ਭਾਵੇਂ ਕਿਸੇ ਹੱਦ ਤੱਕ ਇਸ ਚਿੰਤਨ ਨੇ ਪੰਜਾਬੀ ਚੇਤਨਾ ਨੂੰ ਵਿਸ਼ਵ-ਚਿੰਤਨ ਨਾਲ ਜੋੜਿਆ ਹੈ।ਪਰ ਚਿੰਤਨ ਦੀ ਇਸ ਭਾਸ਼ਾ ਨੇ ਸੰਚਾਰ ਦਾ ਮਸਲਾ ਫਿਰ ਪੈਦਾ ਕੀਤਾ ਹੈ।ਇਹ ਆਲੋਚਨਾ ਭਾਸ਼ਾਈ ਪੱਖ ਤੋਂ ਏਨੇ ਵੱਧ ਸੰਜਮ ਅਤੇ ਅਨੁਸ਼ਾਸਨ ਨੂੰ ਅਪਣਾ ਬੈਠੀ ਹੈ ਕਿ ਸੰਚਾਰ ਬਾਹਰੀ

ਹੋ ਗਈ ਹੈ।ਆਲੋਚਨਾ ਦੀ ਇਸ ਭਾਸ਼ਾ ਨੂੰ ਸਮਝਣ ਲਈ ਜਾਂ ਤਾਂ ਦੂਜੈਲੀ ਵਿਆਖਿਆ ਦੀ ਲੋੜ ਹੈ ਜਾਂ ਫਿਰ ਅੰਤਰ ਰਾਸ਼ਟਰੀ ਸੰਕਲਪਾਂ ਨਾਲ ਅੰਗਰੇਜ਼ੀ ਭਾਸ਼ਾ ਰਾਹੀਂ ਦੁਬਾਰਾ ਜੁੜਨ ਦਾ ਤਰੱਦਦ ਕਰਨਾ ਪੈਂਦਾ ਹੈ।ਮਿਸਾਲ ਵਜੋਂ ਆਲੋਚਨਾ ਦੀ ਇਸ ਭਾਸ਼ਾ ਦਾ ਇਕ ਨਮੂਨਾ ਪੇਸ਼ ਹੈ :

> *ਪੈਰਿਸ ਵਿਚ ਯਕ ਦੈਰਿਦਾ ਤੇ ਯਕ-ਲਾਕਾਂ ਆਪੋ ਆਪਣੇ ਢੰਗਾਂ ਰਾਹੀਂ ਇਸ ਰਾਹ ਉਤੇ ਚਲਦਿਆਂ ਹਾਜ਼ਰੀ ਦੇ ਮੁਕਾਬਲੇ ਗੈਰ ਹਾਜ਼ਰੀ ਦੀ ਮਹੱਤਾ ਦੱਸ ਕੇ, ਪ੍ਰਵਚਨਾਂ ਨੂੰ ਵਚਨ ਉਪਰ ਤਰਜੀਹ ਦੇਂਦੇ ਹਨ ਅਤੇ ਆਪਣੀ ਉਥਾਪਨਾ ਵਿਧੀ ਦੁਆਰਾ ਇਹ ਦਸਦੇ ਹਨ ਕਿ ਲਿਖਿਤ ਦੇ ਸੰਸਕਾਰਾਂ ਤੋਂ ਭਾਸ਼ਾ ਨੂੰ ਸੰਕਲਪਦਿਆਂ ਵਚਨ ਨੂੰ ਵੀ ਪ੍ਰਵਚਨ ਦੀ ਤਰਕ ਪੱਧਤੀ ਉਤੇ ਉਤਰ ਕੇ ਹੀ ਉਸ ਦੇ ਅਸਲ ਮਹੱਤਵ ਨੂੰ ਲੱਖਿਆ ਜਾ ਸਕਦਾ ਹੈ ਤੇ ਇਸ ਤਰ੍ਹਾਂ ਇਸ ਦੇ ਅੰਤਰਗਤ ਸਭਿਆਚਾਰ ਦੀਆਂ ਅਗਲੇਰੀਆਂ ਵਿਗਿਆਨਕ ਸੰਭਾਵਨਾਵਾਂ ਨੂੰ ਸੰਕਲਪਿਆ ਜਾ ਸਕਦਾ ਹੈ।* (ਤਰਲੋਕ ਸਿੰਘ ਕੰਵਰ :1991, 6-7)

ਇਸ ਪ੍ਰਵਚਨ ਦੀ ਭਾਸ਼ਾ ਜਾਣੀ ਪਛਾਣੀ ਹੋਣ ਦੇ ਬਾਵਜੂਦ ਵੀ ਸੰਚਾਰ ਬਾਹਰੀ ਪ੍ਰਤੀਤ ਹੁੰਦੀ ਹੈ।ਇਸ ਦੇ ਦੋ ਕਾਰਨ ਹਨ : ਪਹਿਲਾ ਕਾਰਨ ਇਸ ਦੀ ਜਟਲ ਵਾਕ ਬਣਤਰ ਹੈ।ਡਾ. ਕੰਵਰ ਹੀ ਨਹੀਂ ਹੋਰ ਵੀ ਕਈ ਪੰਜਾਬੀ ਆਲੋਚਕ ਉਥੇ ਉਲਝ ਜਾਂਦੇ ਹਨ ਜਿਥੇ ਉਹ ਅੰਗਰੇਜ਼ੀ ਵਾਕ ਬਣਤਰ ਦੀ ਹੂਬਹੂ ਨਕਲ ਕਰਦੇ ਹਨ।ਪੰਜਾਬੀ ਹੀ ਨਹੀਂ ਬਲਕਿ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਦੀ ਵਾਕ ਬਣਤਰ ਜਟਿਲ ਤੇ ਲੰਮੇ ਵਾਕਾਂ ਦੇ ਅਨੁਕੂਲ ਨਹੀਂ, (ਸੇਖੋਂ 1970 : 219)।ਪੰਜਾਬੀ ਵਾਕ ਜੁਗਤ ਵਿਚ ਲੰਮੇ-ਲੰਮੇ ਵਿਧੇ ਜੋੜ ਲੈਣ ਦੀ ਸਮਰੱਥਾ ਨਹੀਂ ਹੈ।ਅੰਗਰੇਜ਼ੀ ਜਾਂ ਹੋਰ ਯੂਰਪੀ ਭਾਸ਼ਾਵਾਂ ਦੇ ਵਾਕਾਂ ਵਿਚ ਮੁੱਖ ਕਿਰਿਆ ਕਰਤਾ ਤੋਂ ਤੁਰੰਤ ਬਾਅਦ ਵਿਚ ਵਿਚਰਦੀ ਹੈ।ਇਸ ਤਰ੍ਹਾਂ ਉਥੇ ਵਿਧੇ ਜਾਂ ਕੋਈ ਉਪਵਾਕ ਅਸਾਨੀ ਨਾਲ ਪਿਛੇ ਜੋੜਿਆ ਜਾ ਸਕਦਾ ਹੈ।ਅੰਗਰੇਜ਼ੀ ਵਾਕਾਂ ਵਿਚ ਅਨੇਕਾਂ ਉਪਭਾਗ ਹੋ ਸਕਦੇ ਹਨ।ਪਰ ਅਜਿਹੇ ਵਾਕਾਂ ਨੂੰ ਪੰਜਾਬੀ ਵਿਚ ਅਨੁਵਾਦਣ ਸਮੇਂ, ਅੰਗਰੇਜ਼ੀ ਵਾਕ ਦੇ ਕਈ ਭਾਗ ਤਿਆਗਣੇ ਪੈਂਦੇ ਹਨ।ਜੇ ਕਿਸੇ ਅੰਗਰੇਜ਼ੀ ਵਾਕ ਦੇ ਸਾਰੇ ਉਪਭਾਗਾਂ ਨੂੰ ਪੰਜਾਬੀ ਵਿਚ ਅਨੁਵਾਦ ਕਰ ਕੇ, ਪੰਜਾਬੀ ਦਾ ਇਕ ਵਾਕ ਬਣਾਇਆ ਵੀ ਜਾਵੇ ਤਾਂ ਉਹ ਪੰਜਾਬੀ ਭਾਸ਼ਾ ਦਾ ਵਾਕ ਹੀ ਪ੍ਰਤੀਤ ਨਹੀਂ ਹੁੰਦਾ।ਕਾਰਨ ਇਸ ਦਾ ਇਹ

ਹੈ ਕਿ ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿਚ ਕਿਰਿਆ ਸਭ ਤੋਂ ਪਿਛੋਂ ਆਉਂਦੀ ਹੈ, ਇਸ ਤਰ੍ਹਾਂ ਕਰਤਾ ਤੇ ਕਿਰਿਆ ਵਿਚਕਾਰ ਸਮੁੱਚਾ ਵਿਧੇ ਜੋੜਨਾ ਪੈਂਦਾ ਹੈ, ਜੋ ਕਿ ਸੰਭਵ ਨਹੀਂ ਹੈ।ਜਿਹੜੇ ਪੰਜਾਬੀ ਆਲੋਚਕ ਅਜਿਹਾ ਕਰਦੇ ਹਨ, ਉਹ ਆਪਣੇ ਵਿਚਾਰਾਂ ਦਾ ਸੰਚਾਰ ਕਰਨੋ ਅਸਮਰੱਥ ਰਹਿੰਦੇ ਹਨ।ਇਸ ਲਈ ਇਕ ਭਾਸ਼ਾ ਦੇ ਵਿਚਾਰ, ਦੂਜੀ ਭਾਸ਼ਾ ਵਿਚ ਪੇਸ਼ ਕਰਨ ਸਮੇਂ ਸਬੰਧਤ ਭਾਸ਼ਾ ਦੇ ਵਿਆਕਰਨ ਦਾ ਗਿਆਨ ਜ਼ਰੂਰੀ ਹੈ।

ਸੰਚਾਰ ਦੀ ਸਮੱਸਿਆ ਦਾ ਦੂਜਾ ਕਾਰਨ ਸੰਕਲਪਵਾਚੀ ਸ਼ਬਦਾਵਲੀ ਦੀ ਦੁਰਵਰਤੋਂ ਹੈ ਜਿਹੜੀ ਕਿ ਉਕਤ ਪ੍ਰਵਚਨ ਕਰ ਰੜਕਦੀ ਹੈ।ਮਸਲਨ ਹਾਜ਼ਰੀ/ਗੈਰਹਾਜ਼ਰੀ ਦੇ ਸੰਕਲਪਾਂ ਨੂੰ ਸਮਝਣ ਲਈ ਦੈਰਿਦਾ ਅਤੇ ਲਾਕਾਂ ਦੇ ਮੈਟਾਫਿਜ਼ਿਕਸ ਆਫ਼/ਪ੍ਰੋਜੈਂਸ-ਐਂਬਸੈਂਸ ਆਦਿ ਦੇ ਸੰਕਲਪਾਂ ਦੀ ਜਾਣਕਾਰੀ ਜ਼ਰੂਰੀ ਹੈ।ਪੱਛਮੀ ਚਿੰਤਕਾਂ ਨੂੰ ਇਸ ਸਪੱਸ਼ਟਤਾ ਦੀ ਜ਼ਰੂਰਤ ਨਹੀਂ ਕਿਉਂਕਿ ਇਹ ਸੰਕਲਪ ਉਹਨਾਂ ਦੇ ਅਨੁਭਵ ਦੇ ਹਾਣ ਦੇ ਹਨ।ਉਹ ਇਹਨਾਂ ਸੰਕਲਪਾਂ ਨਾਲ ਇਕਸੁਰ ਹਨ ਕਿਉਂਕਿ ਉਹ ਇਕ ਦੂਜੇ ਨਾਲ ਸੰਵਾਦ ਵਿਚ ਰੁੱਝੇ ਹੋਏ ਹਨ ਅਤੇ ਪਰਸਪਰ ਪ੍ਰਤੀਕਰਮ ਵਜੋਂ ਹੀ ਅੱਗੇ ਵਧਦੇ ਆਏ ਹਨ।ਪਰ ਪੰਜਾਬੀ ਪਾਠਕਾਂ ਲਈ ਇਹ ਅਜਨਬੀ ਰਾਹ ਹਨ, ਇਸ ਲਈ ਇਨ੍ਹਾਂ ਦੀ ਪ੍ਰਾਸੰਗਕ ਵਿਆਖਿਆ ਦੇਣੀ ਬਣਦੀ ਹੈ ਜਾਂ ਫਿਰ ਲੇਖਕ ਦਾ ਅਨੁਭਵ ਤੇ ਭਾਸ਼ਾਈ ਸਮਰੱਥਾ ਏਨੀ ਸਮਰਿਧ ਹੋਵੇ ਕਿ ਚਿੰਤਨ ਮੌਲਿਕ ਰੂਪ ਵਿਚ ਪੁਨਰ ਸੁਰਜੀਤ ਹੋ ਜਾਵੇ ਨਹੀਂ ਤਾਂ ਵਿਚਾਰ ਧੁੰਦਲਾ ਤੇ ਅਸਪੱਸ਼ਟ ਹੋ ਕੇ ਰਹਿ ਜਾਵੇਗਾ।ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਤਰਲੋਕ ਸਿੰਘ ਕੰਵਰ ਨੇ ਉਤਰ ਆਧੁਨਿਕਤਾਵਾਦੀ ਚਿੰਤਨ ਅਤੇ ਆਲੋਚਨਾ ਸਿਧਾਂਤਾ/ਸੰਕਲਪਾਂ ਨੂੰ ਪੰਜਾਬੀ ਸਾਹਿਤ ਦੀਆਂ ਕਾਵਿ ਸ਼ਾਸਤਰੀ ਜਰੂਰਤਾਂ ਦੇ ਪ੍ਰਸੰਗ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ।ਡਾ. ਕੰਵਰ ਨੇ ਪੱਛਮੀ ਆਲੋਚਨਾ ਦੇ ਮਾਡਲਾਂ ਅਤੇ ਤਕਨੀਕੀ ਜਾਂ ਸੰਕਲਪੀ ਸ਼ਬਦਾਵਲੀ ਦੀ ਵਰਤੋਂ ਕਰਦੇ ਸਮੇਂ ਉਸ ਬੇਲੋੜੇ ਮੋਹ ਤੋਂ ਮੁਕਤ ਹੋਣ ਦਾ ਸੁਚੇਤ ਯਤਨ ਵੀ ਕੀਤਾ ਜਿਸ ਵੱਲ ਗੁਰਭਗਤ ਸਿੰਘ (1995:63) ਨੇ ਹਾਈਡੈਗਰ ਦੇ ਲੇਖ **ਭਾਸ਼ਾ ਬਾਰੇ ਇਕ ਸੰਵਾਦ** ਵਲ ਧਿਆਨ ਦੁਆਉਂਦੇ ਹੋਏ ਕਿਹਾ ਕਿ 'ਪੱਛਮੀ ਭਾਸ਼ਾ ਸੰਕਲਪ ਗ੍ਰਸਤ ਹੈ ਵਧੇਰੇ ਸਿਗਨੀਫੀਕੇਸ਼ਨ ਦੇ ਫਿਕਰ ਵਿਚ ਹੈ।ਨਤੀਜੇ ਵਜੋਂ ਉਹ ਰਹੱਸ, ਉਹ ਅਨਿਸ਼ਚਿਤਤਾ ਉਹ ਵਿਸ਼ਾਲਤਾ ਜੋ ਪੂਰਬੀ ਸ਼ਬਦਾਵਲੀ ਦੀ ਅਮੀਰੀ ਹੈ, ਪੱਛਮ ਕੋਲ ਨਹੀਂ।ਪਰ ਫਿਰ ਵੀ ਕੰਵਰ ਆਲੋਚਨਾ ਦੀ ਭਾਸ਼ਾ ਅਤਿਸੰਜਮੀ ਅਤੇ ਅਤਿ ਅਨੁਸ਼ਾਸਨੀ ਹੈ।ਸਿੱਟੇ ਵਜੋਂ ਇਸ ਆਲੋਚਨਾ ਦੀ ਭਾਸ਼ਾ ਵਿਚ ਬਹੁਤ ਵਾਰੀ ਵਿਚਾਰ ਏਨਾ ਅਮੂਰਤ ਹੋ

ਜਾਂਦਾ ਹੈ ਕਿ ਧੁੰਦਲਾਹਟ ਦੀ ਸਥਿਤੀ ਪੈਦਾ ਹੋ ਜਾਂਦੀ ਹੈ।ਇਸ ਦੋਸ਼ ਤੋਂ ਗੁਰਭਗਤ ਸਿੰਘ (1995 ਅਤੇ 2001) ਦੀ ਭਾਸ਼ਾ ਵੀ ਮੁਕਤ ਨਹੀਂ ਹੈ।ਭਾਵੇਂ ਗੁਰਭਗਤ ਸਿੰਘ ਸ਼ਬਦ ਅਤੇ ਸਭਿਆਚਾਰ ਦੇ ਅਨਿਖੜ ਸੰਬੰਧ ਨੂੰ ਪਹਿਚਾਣਦਾ ਹੈ ਪਰ ਸੰਕਲਪਵਾਚੀ ਸ਼ਬਦਾਂ ਦੀ ਭਰਮਾਰ ਕਰਕੇ, ਪ੍ਰਸੰਗਕ ਵਿਆਖਿਆ ਖੁਣੋਂ ਉਸ ਦੀ ਭਾਸ਼ਾ ਵੀ ਪਾਠਕ ਨੂੰ ਸੰਚਾਰ ਤੋਂ ਵਿਪਰੀਤ ਦਿਸ਼ਾ ਵੱਲ ਲਿਜਾਂਦੀ ਹੈ।ਮਿਸਾਲ ਵਜੋਂ :

> *ਡੀਨਾ ਵਾਈਨਸਟਾਈਨ ਅਤੇ ਮਾਈਕਲ ਵਾਈਨਸਟਾਈਨ ਨੇ 1993 ਵਿਚ ਇਕ ਪੁਸਤਕ ਪ੍ਰਕਾਸ਼ਿਤ ਕੀਤੀ ਹੈ ਜਿਸ ਵਿਚ ਉਹ ਉਸ ਦੇ ''ਸਮੂਲੀ ਗਿਆਨ ਦੇ ਵਿਚਾਰ ਨੂੰ ਇਕ ਵਿਸ਼ੇਸ਼ ਦੇਣ ਮੰਨਦੇ ਹਨ।ਸ਼ਮੂਲੀ ਗਿਆਨ, ਸਿੱਮਲ ਅਨੁਸਾਰ 'ਸਿੱਧੀ ਪ੍ਰਸਪਰਿਕ ਦੇਖ' ਤੋਂ ਉਪਜਦਾ ਹੈ।ਇਹ ਦੇਖ (ਗਲਾਸ) ਇਕ ਐਮਰਜੈਂਟ ਰਿਲੇਸ਼ਨ ਸਿਰਜਦੀ ਹੈ ਜਿਸ ਦਾ ਰਚਨਾ ਅੰਸ਼ਾ ਵਿਚ ਵਿਸ਼ਲੇਸ਼ਣ ਨਹੀਂ ਹੋ ਸਕਦਾ।*
> (ਗੁਰਭਗਤ ਸਿੰਘ : 1995 : 12)

ਇਥੇ ਗੱਲ ਤਾਂ ਸਰਲ ਵਾਕਾਂ ਵਿਚ ਹੀ ਕੀਤੀ ਗਈ ਹੈ ਪਰ ਇਨ੍ਹਾਂ ਸਰਲ ਵਾਕਾਂ ਵਿਚ ਵੀ ਆਪਣੀ ਹੀ ਕਿਸਮ ਦੀਆਂ ਜਟਿਲਤਾਵਾਂ ਹਨ।'ਸ਼ਮੂਲੀ ਗਿਆਨ' ਅਤੇ 'ਸਿੱਧੀ ਪ੍ਰਸਪਰਿਕ ਦੇਖ' ਨਵੇਂ ਭਾਸ਼ਾਈ ਕੋਡ ਹਨ।ਲੇਖਕ ਨੇ ਇਨ੍ਹਾਂ ਦੀ ਵਿਆਖਿਆ ਕਰਨ ਦੀ ਲੋੜ ਹੀ ਨਹੀਂ ਸਮਝੀ ਜਦੋਂ ਕਿ ਇਹ ਸੰਕਲਪ ਵਿਆਖਿਆ ਦੀ ਮੰਗ ਕਰਦੇ ਹਨ।ਇਸ ਵਿਆਖਿਆ ਖੁਣੋਂ ਹੀ ਇਹ ਪ੍ਰਵਚਨ ਸੰਚਾਰ ਬਾਹਰਾ ਹੈ।ਭਾਸ਼ਾਈ ਸੰਚਾਰ ਦੀ ਸਹਿਜਤਾ ਦਾ ਇਹ ਮਸਲਾ ਹੁਣ ਵੀਂ ਸਮੁੱਚੀ ਪੰਜਾਬੀ ਆਲੋਚਨਾ ਦੇ ਸਨਮੁੱਖ ਹੈ।ਉਤਰ ਆਧੁਨਿਕਤਾਵਾਦੀ ਵੰਗਾਰਾਂ ਨਾਲ ਦਸਤਪੰਜਾ ਲੈਣ ਲਈ ਨਵੇਂ ਭਾਸ਼ਾਈ ਕੋਡ ਸਿਰਜਣ ਦੀ ਲੋੜ ਹੈ ਪਰ ਨਿਰੀ ਪੰਡਤਾਈ ਪ੍ਰਦਰਸ਼ਨੀ ਦੀ ਲੋੜ ਨਹੀ ਸਗੋਂ ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਨਵੇਂ ਅਨੁਭਵਾਂ ਦੇ ਹਾਣੀ ਬਣ ਕੇ, ਉਨ੍ਹਾਂ ਨੂੰ ਲੋਕ ਚੇਤਨਾ ਦੀ ਸੰਜਮੀ ਭਾਸ਼ਾ ਰਾਹੀਂ ਹੀ ਪੁਨਰ ਸੁਰਜੀਤ ਕੀਤਾ ਜਾਵੇ।ਨਹੀਂ ਤਾਂ ਨਵੀਆਂ ਲੱਭਤਾਂ ਤੋਂ ਆਮ ਪਾਠਕ ਅਭਿਜ ਰਹਿ ਜਾਵੇਗਾ।ਅਜੋਕੀ ਪੰਜਾਬੀ ਆਲੋਚਨਾ ਜਿਸ ਡਿਜਿਟਲ ਅਤੇ ਕੰਪਿਊਟਰੀ ਭਾਸ਼ਾ ਵੱਲ ਨੂੰ ਰੁਖ ਅਖ਼ਤਿਆਰ ਕਰ ਰਹੀ ਹੈ, ਉਸ ਨੂੰ ਆਮ ਪਾਠਕ ਤਾਂ ਕੀ ਹੋਰਨਾਂ ਗਿਆਨ ਖੇਤਰਾਂ ਦੇ ਮੋਢੀਆਂ ਨੂੰ ਵੀ ਸਮਝਣ ਵਿਚ ਕਠਿਨਾਈ ਆਉਂਦੀ ਹੈ।ਇਹ ਇਕ ਬਹੁਤ ਵੱਡਾ ਵਿਗੋਚਾ ਹੈ।ਡਾ. ਹਰਿਭਜਨ ਭਾਟੀਆ (1999:6) ਨੇ ਸਹੀ ਕਿਹਾ ਹੈ ਕਿ ਹੁਣ ਸਾਨੂੰ ਇਸ ਮਿਥ ਨੂੰ ਵੀ ਤੋੜਨ ਦੀ ਜ਼ਰੂਰਤ ਹੈ ਕਿ ਸਾਹਿਤ ਚਿੰਤਨ

ਦਾ ਮਸਲਾ ਕੁਝ ਗਿਣੇ ਚੁਣੇ ਬੁੱਧਜੀਵੀ ਵਰਗ ਤੱਕ ਸੀਮਤ ਹੈ।ਅਜਿਹੀਆਂ ਮਿੱਥਾਂ ਸੌੜੇ ਹਿਤਾਂ ਨੇ ਘੜੀਆਂ ਹਨ, ਪਰ ਸਾਨੂੰ ਇਨ੍ਹਾਂ ਸੌੜੇ ਹਿਤਾਂ ਨੂੰ ਛੱਡ ਕੇ, ਸਾਡੇ ਸੁੰਘੜ ਰਹੇ ਅਕਾਦਮਿਕ ਦਾਇਰੇ ਨੂੰ ਵਿਸ਼ਾਲ ਕਰਨਾ ਚਾਹੀਦਾ ਹੈ।ਸਮਕਾਲੀ ਵਿਸ਼ਵ ਚਿੰਤਨ ਨੂੰ ਵਿਸ਼ਾਲ ਲੋਕ ਦਾਇਰੇ ਦਾ ਅੰਗ ਬਣਾਉਣਾ ਵਿਦਵਾਨਾਂ ਦੀ ਸਦਾਚਾਰਿਕ ਜ਼ਿੰਮੇਵਾਰੀ ਹੈ।ਲੋਕਾਂ ਨੂੰ ਵੀ ਅੰਤਰ ਰਾਸ਼ਟਰੀ ਸਰੋਕਾਰਾਂ ਨਾਲ ਦੇ ਵਾਬਸਤਾ ਹੋਣ ਲਈ ਥੋੜ੍ਹਾ ਬਹੁਤ ਹੰਭਲਾ ਮਾਰਨਾ ਚਾਹੀਦਾ ਹੈ।ਗਿਆਨ ਵਿਗਿਆਨ ਦੇ ਇਸ ਜੁਗ ਵਿਚ ਸੌਖ ਨਾਲ ਦਿਨ ਕਟੀ ਕਰਨ ਲਈ ਵਿਸ਼ਵ ਵਿਆਪੀ ਸਰੋਕਾਰਾਂ ਨਾਲ ਜੁੜਨ ਦੀ ਬਹੁਤ ਲੋੜ ਹੈ।ਪਰ ਇਸ ਲਈ ਸਭ ਤੋਂ ਜ਼ਰੂਰੀ ਅਤੇ ਪਹਿਲ ਕਰਨ ਵਾਲੀ ਗੱਲ ਇਹ ਹੈ ਕਿ ਸਾਡੇ ਵਿਦਵਾਨ ਲੋਕ-ਚੇਤਨਾ ਦੀ ਭਾਸ਼ਾ ਨਾਲ ਜੁੜਨ ਤਾਂ ਕਿ ਚਿੰਤਨ-ਮਨਨ ਦਾ ਸਹਿਜ ਸੰਚਾਰ ਹੋ ਸਕੇ।ਸਹਿਜ ਸੰਚਾਰ ਹੀ ਅੱਗੇ ਸੰਬਾਦ ਨੂੰ ਵਿਕਸਤ ਕਰੇਗਾ।

ਪੁਸਤਕਾਵਲੀ

ਪੰਜਾਬੀ

ਹਰਿਭਜਨ ਸਿੰਘ 1977 **ਰਚਨਾ ਸੰਰਚਨਾ,** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ।

1978 **ਸਾਹਿਤ ਵਿਗਿਆਨ,** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ।

1981 **ਸਾਹਿਤ ਅਧਿਅਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

1983 **ਇਕ ਖ਼ਤ ਤੇਰੇ ਨਾਂ,** ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ।

1994 'ਅਜੋਕੀ ਪੰਜਾਬੀ ਆਲੋਚਨਾ' **ਅਜੋਕੀ ਪੰਜਾਬੀ ਸਮੀਖਿਆ** (ਸੰਪਾ.) ਗੁਰਚਰਨ ਸਿੰਘ ਰੈਨਾ, ਮਲਕਾ ਸਾਹਿਤ ਸਦਨ, ਅੰਮ੍ਰਿਤਸਰ।

ਹਰਕੀਰਤ ਸਿੰਘ 1990 'ਹਰਿਭਜਨ ਸਿੰਘ ਦੀ ਭਾਸ਼ਾ', **ਸੁਹਜ ਸਿਰਜੀ ਹਰਿਭਜਨ ਸਿੰਘ**, ਸੰਪਾ. ਮਹਿੰਦਰ ਕੌਰ ਗਿੱਲ, ਆਰਸੀ ਪਬਲਿਸ਼ਰਜ, ਦਿੱਲੀ।

ਸਈਅਦ ਨਜ਼ਮ ਹੁਸੈਨ ਸਿੰਘ 1999 **ਸੇਧਾਂ ਸਾਰਾਂ ਤੇ ਹੋਰ ਲੇਖ** ਸੰਪਾ. ਪੁਰਦਮਨ ਬੇਦੀ, ਜਸਵੰਤ ਪ੍ਰਿੰਟਰਜ਼, ਲੁਧਿਆਣਾ।

ਸੇਖੋਂ, ਸੰਤ ਸਿੰਘ 1957 **ਸਾਹਿਤਾਰਥ** ਲਹੌਰ ਬੁੱਕ ਸ਼ਾਪ, ਲੁਧਿਆਣਾ।

1970 'ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਕਾਸ ਦੀਆਂ ਸਮੱਸਿਆਵਾਂ', **ਆਲੋਚਨਾ ਅਤੇ ਆਧੁਨਿਕ ਪੰਜਾਬੀ ਸਾਹਿਤ,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਕਿਸ਼ਨ ਸਿੰਘ 1974 **ਸਾਹਿਤ ਦੀ ਸਮਝ,** ਸੇਧ ਪ੍ਰਕਾਸ਼ਨ, ਨਵੀਂ ਦਿੱਲੀ।

ਕੰਵਰ ਤਰਲੋਕ ਸਿੰਘ 1991 **ਵਚਨ/ਪ੍ਰਵਚਨ**, ਜਸਜੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।

ਗੁਰਭਗਤ ਸਿੰਘ 1995 **ਕਾਵਿ ਸ਼ਾਸਤਰ, ਦੇਹ ਅਤੇ ਕ੍ਰਾਂਤੀ** ਵਿਚਾਰ ਪ੍ਰਕਾਸ਼ਨ, ਪਿੰਡ : ਸਕਰੌਦੀ, ਸੰਗਰੂਰ।

2001 **ਉਤਰਆਧੁਨਿਕਤਾ,** ਮਦਾਨ ਪਬਲਿਕੇਸ਼ਨਜ਼, ਪਟਿਆਲਾ

ਤੇਜਾ ਸਿੰਘ 1957 **ਪੰਜਾਬੀ ਕਿਵੇਂ ਲਿਖੀਏ**, ਹਿੰਦ ਪਬਲਿਸ਼ਰਜ਼, ਜਲੰਧਰ।

ਨੂਰ ਸਤਿੰਦਰ ਸਿੰਘ 1975 ਨਵੀਂ ਪੰਜਾਬੀ ਆਲੋਚਨਾ, **ਇਕੱਤੀ ਫਰਵਰੀ,** ਪ੍ਰਕਾਸ਼ਨ, ਦਿੱਲੀ।

1995 ਪੰਜਾਬੀ ਆਲੋਚਨਾ ਦੀਆਂ ਭਾਸ਼ਾਈ ਸਮੱਸਿਆਵਾਂ **ਯੁੱਗਨਾਦ** (ਅੰਕ ਪਹਿਲਾ)।

ਪੂਰਨ ਸਿੰਘ 1967 **ਪੂਰਨ ਸਿੰਘ ਦੀ ਵਾਰਤਕ** (ਸੰਪਾ. ਮ.ਸ. ਰੰਧਾਵਾ) ਸਾਹਿਤ ਅਕਾਦਮੀ ਦਿੱਲੀ।

ਬਾਵਾ ਬੁੱਧ ਸਿੰਘ 1915 **ਕੋਇਲ ਕੂ,** ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਭਾਟੀਆ ਹਰਿਭਜਨ 1988 **ਪੰਜਾਬੀ ਆਲੋਚਨਾ : ਸਿਧਾਂਤ ਤੇ ਵਿਹਾਰ,** ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ।

1999 **ਵੀਂਹਵੀਂ ਸਦੀ ਦੀ ਪੰਜਾਬੀ ਆਲੋਚਨਾ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਰਵੀ ਰਵਿੰਦਰ ਸਿੰਘ 1996 'ਪੰਜਾਬੀ ਆਲੋਚਨਾ ਦਾ ਜਨਮ ਤੇ ਵਿਕਾਸ' ਪੰਜਾਬੀ **ਆਲੋਚਨਾ : ਸਰੂਪ ਅਤੇ ਸੰਭਾਵਨਾਵਾਂ** (ਸੰਪਾ.) ਸਤਿਨਾਮ ਸਿੰਘ ਸੰਧੂ, ਮਦਾਨ ਪਬਲਿਸ਼ਰਜ਼, ਪਟਿਆਲਾ

ਅੰਗਰੇਜ਼ੀ

Barthes, Roland 1967 Criticism as Language, **In 20th Century Literary Criticism** D. Lodge (ed.) Longman Group Ltd. London.

Casey, John 1966 **The Language of Criticism**, Methuen & Co. Ltd. London.

Derrida, J. 1978 **Grammatology**, Tr. Gayatri Chakorvorty Spivak, Johns Hopkins University Press, Balimore & London.

Saussure, F.D. 1974 (1916) **Course In General Linguistics** (E.T.) Fontana/Collins.

Vygotsky, L.S 1968 **Thought and Language** Cambridge.